ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 39 | 01 October 2021 to 07 October 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕੈਪਟਨ ਕਾਂਗਰਸ ਨੂੰ ਖਤਮ ਕਰਨ ਦੇ ਰਾਹ ਤੁਰੇ

## ✪ ਕਾਂਗਰਸ ’ਚ ਨਹੀਂ ਰਹਾਂਗਾ, ਭਾਜਪਾ ’ਚ ਵੀ ਨਹੀਂ ਜਾਵਾਂਗਾ : ਕੈਪਟਨ ✪ ‘ਪੰਜਾਬ ਵਿਕਾਸ ਪਾਰਟੀ’ ਨਾਂ ਦੀ ਨਵੀਂ ਪਾਰਟੀ ਬਣਾ ਸਕਦੇ ਹਨ ✪ ਅਣਮੰਨੇ ਮਨ ਨਾਲ ਸਿੱਧੂ ਦੀਆਂ ਸਾਰੀਆਂ ਗੱਲਾਂ ਪ੍ਰਵਾਨ

*ਅੰਮ੍ਰਿਤਸਰ ਟਾਈਮਜ ਅਨੁਸਾਰ ਅਮਿਤ ਸ਼ਾਹ ਤੇ ਕੈਪਟਨ ਦੀ ਮਿਲਣੀ ਵਿਚ ਭਾਜਪਾ ਦੇ ਹਿਤ ਹਨ। ਇਹੀ ਕਾਰਨ ਹੈ ਕਿ ਉਨਾਂ ਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੀਟਿੰਗ ਵਿੱਚ ਉਨਾਂ ਨੇ ਕਿਸਾਨ ਅੰਦੋਲਨ ਦਾ ਮੁੱਦਾ ਉਠਾ ਕੇ ਕਿਹਾ ਹੈ ਕਿ ਕੇਂਦਰ ਸਰਕਾਰ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਕੇ ਤੇ ਘੱਟੋ-ਘੱਟ ਸਮੱਰਥਨ ਮੁਲ ਦੀ ਕਾਨੂੰਨੀ ਗਰੰਟੀ ਦੇ ਕੇ ਅੰਦੋਲਨ ਨੂੰ ਖ਼ਤਮ ਕਰਾਵੇ । ਸੱਚ ਇਹ ਹੈ ਕਿ ਕੈਪਟਨ ਦਾ ਪਰਵਾਰ ਲੰਮੇ ਸਮੇਂ ਤੋਂ ਸੀ ਬੀ ਆਈ ਤੇ ਈ ਡੀ ਵਰਗੀਆਂ ਏਜੰਸੀਆਂ ਦੀ ਰਾਡਾਰ ’ਤੇ ਹੈ । ਵਰਨਣਯੋਗ ਹੈ ਕਿ ਜਦੋਂ ਸਵਿਸ ਬੈਂਕਾਂ ਵਿੱਚ ਖਾਤਾਧਾਰੀ 627 ਵਿਅਕਤੀਆਂ ਦੀ ਲਿਸਟ ਸਾਹਮਣੇ ਆਈ ਸੀ ਤਾਂ ਉਸ ਵਿੱਚ ਕੈਪਟਨ ਦੀ ਪਤਨੀ ਪ੍ਰਨੀਤ ਕੌਰ ਦਾ ਵੀ ਨਾਂ ਸ਼ਾਮਲ ਸੀ । ਕੇਂਦਰ ਸਰਕਾਰ ਨੇ ਇਹ ਲਿਸਟ ਸੁਪਰੀਮ ਕੋਰਟ ਨੂੰ ਸੌਂਪੀ ਸੀ ।ਭਾਰਤ ਸਰਕਾਰ ਨੇ ਪ੍ਰਨੀਤ ਕੌਰ ਤੇ ਕੈਪਟਨ ਦੇ ਬੇਟੇ ਰਣਇੰਦਰ ਸਿੰਘ ਦੇ ਕਥਿਤ ਖਾਤਿਆਂ ਦੀ ਜਾਂਚ ਲਈ ਸਵਿਟਜ਼ਰਲੈਂਡ ਸਰਕਾਰ ਤੋਂ ਸਹਿਯੋਗ ਮੰਗਿਆ ਸੀ । ਇਸ ਸੰਬੰਧੀ ਸਵਿਟਜ਼ਰਲੈਂਡ ਸਰਕਾਰ ਨੇ ਮਈ 2015 ਵਿੱਚ ਖੁਲਾਸਾ ਕੀਤਾ ਸੀ ਕਿ ਭਾਰਤ ਸਰਕਾਰ ਨੇ ਮਾਂ-ਪੁੱਤਰ ਦੇ ਕਥਿਤ ਖਾਤਿਆਂ ਦੀ ਜਾਂਚ ਲਈ ਉਸ ਤੋਂ ਸਹਿਯੋਗ ਮੰਗਿਆ ਹੈ । ਸਵਿਟਜ਼ਰਲੈਂਡ ਦੇ ਨਿਯਮਾਂ ਮੁਤਾਬਕ ਟੈਕਸ ਚੋਰੀ ਨਾਲ ਜੁੜੇ ਮਾਮਲਿਆਂ ਵਿੱਚ ਸਹਿਯੋਗ ਦਾ ਮਤਲਬ ਖਾਤਿਆਂ ਦੀ ਜਾਣਕਾਰੀ ਸਾਂਝਾ ਕਰਨਾ ਹੁੰਦਾ ਹੈ । ਸਵਿਟਜ਼ਰਲੈਂਡ ਦੇ ਟੈਕਸ ਵਿਭਾਗ ਵੱਲੋਂ ਇਸ ਸਬੰਧੀ ਪ੍ਰਨੀਤ ਕੌਰ ਤੇ ਰਣਇੰਦਰ ਨੂੰ ਨੋਟਿਸ ਵੀ ਜਾਰੀ ਕੀਤਾ ਗਿਆ ਸੀ ।ਹਾਲਾਂਕਿ ਭਾਰਤੀ ਖਾਤਾਧਾਰੀਆਂ ਦੀ ਲਿਸਟ ਸਾਹਮਣੇ ਆਉਣ ਸਮੇਂ ਪ੍ਰਨੀਤ  ਨੇ ਆਪਣੇ ਤੇ ਆਪਣੇ ਬੇਟੇ ਦੇ ਕਿਸੇ ਬਦੇਸ਼ੀ ਬੈਂਕ ਵਿੱਚ ਖਾਤਾ ਹੋਣ ਤੋਂ ਇਨਕਾਰ ਕੀਤਾ ਸੀ । ਇੱਥੇ ਹੀ ਬੱਸ ਨਹੀਂ ਕੈਪਟਨ ਅਮਰਿੰਦਰ ਦੇ ਜਵਾਈ ਗੁਰਪਾਲ ਸਿੰਘ ਵੀ ਸੀ ਬੀ ਆਈ ਤੇ ਈ ਡੀ ਦੇ ਸ਼ਿਕੰਜੇ ਵਿੱਚ ਫਸੇ ਹੋਏ ਹਨ । ਸੀ ਬੀ ਆਈ ਨੇ 2018 ਵਿੱਚ ਗੁਰਪਾਲ ਸਿੰਘ ਸਮੇਤ ਕੁਝ ਹੋਰ ਵਿਅਕਤੀਆਂ ਵਿਰੁੱਧ ਬਹੁਕਰੋੜੀ ਬੈਂਕ ਘੁਟਾਲੇ ਬਾਰੇ ਸ਼ਿਕਾਇਤ ਦਰਜ ਕੀਤੀ ਸੀ ।ਗੁਰਪਾਲ ਸਿੰਘ ਦੀ ਯੂ ਪੀ ਦੇ ਹਾਪੁੜ ਨੇੜੇ ‘ਸਿੰਭਾਵਲੀ ਸ਼ੂਗਰਜ਼ ਲਿਮਿਟਿਡ’ ਨਾਂ ਦੀ ਖੰਡ ਮਿੱਲ ਹੈ ।।ਖੰਡ ਮਿੱਲ ਨੇ ਓਰੀਐਂਟਲ ਬੈਂਕ ਆਫ਼ ਕਾਮਰਸ ਤੋਂ 148.59 ਕਰੋੜ ਦਾ ਕਰਜ਼ਾ ਲਿਆ, ਜੋ 5762 ਕਿਸਾਨਾਂ ਨੂੰ ਵੰਡਿਆ ਜਾਣਾ ਸੀ । ਰਿਜ਼ਰਵ ਬੈਂਕ ਦੇ ਹੁਕਮ ਉੱਤੇ ਸੀ ਬੀ ਆਈ ਨੇ ਖੰਡ ਮਿੱਲ ਦੇ ਵੱਖ-ਵੱਖ ਦਫ਼ਤਰਾਂ ’ਤੇ ਛਾਪੇ ਮਾਰ ਕੇ ਦਸਤਾਵੇਜਾਂ ਦੀ ਛਾਣਬੀਣ ਕੀਤੀ । ਇਸ ਪੜਤਾਲ ਤੋਂ ਪਤਾ ਲੱਗਾ ਕਿ 110 ਕਰੋੜ ਦਾ ਕਰਜ਼ਾ ਕਿਸਾਨਾਂ ਨੂੰ ਨਾ ਦੇ ਕੇ ਹੋਰ ਕੰਮਾਂ ਉੱਤੇ ਖਰਚ ਲਿਆ ਗਿਆ। ਇਸ ਮਿੱਲ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਕੈਪਟਨ ਦੇ ਜਵਾਈ ਗੁਰਪਾਲ ਸਿੰਘ ਹਨ। ਇਸ ਧੋਖਾਦੇਹੀ ਦੇ ਮਾਮਲੇ ਵਿੱਚ ਈ ਡੀ ਨੇ ਖੰਡ ਮਿੱਲ ਦੀ ਜ਼ਮੀਨ, ਇਮਾਰਤਾਂ ਤੇ ਮਸ਼ੀਨਰੀ ਦੀ ਕੁਰਕੀ ਦਾ ਆਦੇਸ਼ ਜਾਰੀ ਕਰ ਦਿੱਤਾ ਸੀ ।*

*ਪਿਛਲੇ ਸਾਲ ਅਕਤੂਬਰ ਵਿੱਚ ਈ ਡੀ ਨੇ ਕੈਪਟਨ ਦੇ ਸਪੁੱਤਰ ਰਣਇੰਦਰ ਸਿੰਘ ਤੋਂ ਫੇਮਾ ਕਾਨੂੰਨ ਦੀ ਉਲੰਘਣਾ ਦੇ ਦੋਸ਼ ਵਿੱਚ ਪੁੱਛਗਿੱਛ ਕੀਤੀ ਸੀ । ਇਹ ਦੋਸ਼ ਲਾਇਆ ਗਿਆ ਸੀ ਕਿ ਰਣਇੰਦਰ ਸਿੰਘ ਨੇ ਆਪਣੀਆਂ ਬਦੇਸ਼ੀ ਜਾਇਦਾਦਾਂ ਬਾਰੇ ਆਮਦਨ ਕਰ ਵਿਭਾਗ ਨੂੰ ਗਲਤ ਜਾਣਕਾਰੀਆਂ ਦਿੱਤੀਆਂ ਹਨ ।ਇਸ ਸੰਬੰਧ ਵਿੱਚ ਆਮਦਨ ਕਰ ਵਿਭਾਗ ਨੇ ਜੋ ਕੇਸ ਦਰਜ ਕੀਤਾ ਸੀ, ਉਸੇ ਨੂੰ ਅਧਾਰ ਬਣਾ ਈ ਡੀ ਵੱਲੋਂ ਪੁੱਛਗਿੱਛ ਕੀਤੀ ਗਈ ਸੀ ।*

*ਇਨਾਂ ਹਾਲਤਾਂ ਕਰਕੇ ਹੀ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ ਉੱਤੇ ਹੁੰਦਿਆਂ ਉਹੀ ਬੋਲੀ ਬੋਲਦੇ ਰਹੇ, ਜਿਹੜੀ ਕੇਂਦਰੀ ਹਾਕਮਾਂ ਨੂੰ ਸੂਤ ਬੈਠਦੀ ਸੀ। ਬਾਦਲਾਂ ਪ੍ਰਤੀ ਉਸ ਦੀ ਨਰਮ ਪਹੁੰਚ ਉਸ ਦੀ ਹਮਦਰਦੀ ਨਹੀਂ ਉਸ ਉੱਤੇ ਕੇਂਦਰ ਵੱਲੋਂ ਕੱਸੇ ਗਏ ਸ਼ਿਕੰਜੇ ਕਾਰਨ ਸੀ ।ਭਾਜਪਾ ਚਾਹੁੰਦੀ ਸੀ ਕਿ ਕੈਪਟਨ ਸਮੁੱਚੀ ਸਰਕਾਰ ਦਾ ਦਲ-ਬਦਲ ਕਰਾ ਕੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾ ਦੇਵੇ, ਪਰ ਇਹ ਸੰਭਵ ਨਹੀਂ ਸੀ । ਇਸ ਦਾ ਮੁੱਖ ਕਾਰਨ ਕਿਸਾਨ ਅੰਦੋਲਨ ਸੀ, ਜਿਸ ਨੇ ਭਾਜਪਾ ਨੂੰ ਕੱਖੋਂ ਹੌਲੇ ਕੀਤਾ ਹੋਇਆ ਸੀ ।*

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨਾਲ ਮੁਲਾਕਾਤ ਕਰ ਕੇ ਸੂਬਾਈ ਸਿਆਸਤ ਭਖਾਉਣ ਵਾਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਆਸਾਂ ਨੂੰ ਵਿਰਾਮ ਦਿੰਦਿਆਂ ਕਿਹਾ ਕਿ ਉਹ ਭਾਜਪਾ ‘ਚ ਸ਼ਾਮਿਲ ਨਹੀਂ ਹੋਣਗੇ ਹਾਲਾਂਕਿ ਨਾਲ ਹੀ ਉਨਾਂ ਇਹ ਵੀ ਕਿਹਾ ਕਿ ਉਹ ਕਾਂਗਰਸ ‘ਚ ਵੀ ਨਹੀਂ ਰਹਿਣਗੇ। ਕੈਪਟਨ ਦੇ ਇਸ ਬਿਆਨ ਤੋਂ ਬਾਅਦ ਸਿਆਸੀ ਹਲਕਿਆਂ ’ਚ ਸਾਬਕਾ ਮੁੱਖ ਮੰਤਰੀ ਵਲੋਂ ਵੱਖਰੀ ਪਾਰਟੀ ਬਣਾਏ ਜਾਣ ਦੀ ਚਰਚਾ ਤਿੱਖੀ ਹੋ ਗਈ ਹੈ। ਸਾਬਕਾ ਮੁੱਖ ਮੰਤਰੀ ਨੇ ਟਵਿੱਟਰ ’ਤੇ ਆਪਣੇ ਪ੍ਰੋਫਾਈਲ ਵਿਚ ਬਦਲਾਅ ਕਰਦਿਆਂ ਉਸ ਤੋਂ ਕਾਂਗਰਸ ਹਟਾ ਲਿਆ। ਨਰਾਜ਼ ਕੈਪਟਨ ਨੂੰ ਮਨਾਉਣ ਲਈ ਕਾਂਗਰਸ ਨੇ ਅੰਬਿਕਾ ਸੋਨੀ ਅਤੇ ਕਮਲਨਾਥ ਨੂੰ ਵੀ ਮਨਾਉਣ ਲਈ ਭੇਜਿਆ ਪਰ ਕੈਪਟਨ ਨੇ ਆਪਣੇ ਰੁਖ਼ ’ਚ ਕੋਈ ਬਦਲਾਅ ਨਹੀਂ ਕੀਤਾ। ਕੈਪਟਨ ਨੇ ਕਿਹਾ ਕਿ ਉਹ ਅਜਿਹਾ ਅਪਮਾਨ ਬਰਦਾਸ਼ਤ ਨਹੀਂ ਕਰ ਸਕਦੇ।

ਦੂਜੇ ਪਾਸੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਭਾਜਪਾ ਦਾ ਮਖੌਟਾ ਬਣ ਰਹੇ ਹਨ। ਉਨਾਂ ਦਾ ਕੱਦ ਭਾਜਪਾ ਦਾ ਮਖੌਟਾ ਬਣਨ ਲਾਇਕ ਨਹੀਂ ਹੈ।

ਹਰੀਸ਼ ਰਾਵਤ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਗੱਲਾਂ ਨੂੰ ਪਾਰਟੀ ਨੇ ਹਮੇਸ਼ਾ ਮੰਨਿਆ ਤੇ ਉਨਾਂ ਦਾ ਸਨਮਾਨ ਕੀਤਾ। ਪੰਜਾਬ ਵਿਚ ਜਿਹੜਾ ਪਰਿਵਰਤਨ ਕੀਤਾ ਹੈ, ਉਹ ਪਾਰਟੀ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ। ਪੰਜਾਬ ਵਿਚ ਇਹ ਧਾਰਨਾ ਹੋ ਗਈ ਸੀ ਕਿ ਕੈਪਟਨ ਅਮਰਿੰਦਰ ਸਿੰਘ ਅਕਾਲੀਆਂ ਦੇ ਕਰੀਬੀ ਹਨ ਤੇ ਇਸੇ ਕਾਰਨ ਸਵਾਲ ਉੱਠ ਰਹੇ ਸਨ।

ਹਰੀਸ਼ ਰਾਵਤ ਨੇ ਕਿਹਾ ਕਿ ਮੈਂ ਪੂਰੇ ਮਾਮਲੇ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਕਰਨ ਦੀ ਤਿੰਨ ਵਾਰ ਕੋਸ਼ਿਸ਼ ਕੀਤੀ, ਪਰ ਸੰਪਰਕ ਨਹੀਂ ਹੋਇਆ। ਕੈਪਟਨ ਨੂੰ ਪਾਰਟੀ ਨੇ ਦੋ ਵਾਰ ਮੁੱਖ ਮੰਤਰੀ ਬਣਾਇਆ। ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਦੀ ਬੇਇਜ਼ਤੀ ਨਹੀਂ ਕੀਤੀ। ਪਾਰਟੀ ਦੀ ਅਗਵਾਈ ਵਿਚ ਪਰਿਵਰਤਨ ਕੀਤਾ ਗਿਆ।

ਬਾਕੀ ਸਫ਼ਾ 30 ’ਤੇ




## ਅਮਰਿੰਦਰ ਦੀਆਂ ਕਾਰਵਾਈਆਂ ਤੋਂ ਕਿਸਾਨ ਨਾਖੁਸ਼

**ਚੰਡੀਗੜ/ਏ.ਟੀ.ਨਿਊਜ਼:** ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨਾਂ ਦੀ ਰਿਹਾਇਸ਼ ’ਤੇ ਮੁਲਾਕਾਤ ਕਰਕੇ ਖੇਤੀ ਕਾਨੂੰਨ ਰੱਦ ਕਰਨ ਦੀ ਅਪੀਲ ਕਰਨ ਦੇ ਢੰਗ ਤਰੀਕੇ ’ਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ।  ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਨਾਂ ਲਈ ਸਾਰੀਆਂ ਰਾਜਸੀ ਪਾਰਟੀਆਂ ਇਕ ਬਰਾਬਰ ਹਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਲੋਕਾਂ ਨੂੰ ਪਹਿਲੇ ਦਿਨ ਤੋਂ ਭਾਜਪਾ ਦਾ ਵਿਰੋਧ ਅਤੇ ਹੋਰਨਾਂ ਰਾਜਸੀ ਪਾਰਟੀਆਂ ਨੂੰ ਸਵਾਲ ਕਰਨ ਦੀ ਅਪੀਲ ਕੀਤੀ ਗਈ ਸੀ। ਉਨਾਂ ਕੈਪਟਨ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ’ਤੇ ਅੰਦੋਲਨ ਚੱਲਦੇ ਨੂੰ ਇਕ ਸਾਲ ਹੋਣ ਵਾਲਾ ਹੈ, ਪਰ ਅੱਜ ਤੱਕ ਕੈਪਟਨ ਨੇ ਕਿਸਾਨਾਂ ਲਈ ਕੇਂਦਰ ਨਾਲ ਮੁਲਾਕਾਤ ਨਹੀਂ ਕੀਤੀ। ਅੱਜ ਉਹ ਬਿਨਾਂ ਕਿਸੇ ਅਹੁਦੇ ਤੋਂ ਮੁਲਾਕਾਤ ਕਰਕੇ ਕੀ ਸਾਬਤ ਕਰਨਾ ਚਾਹੁੰਦੇ ਹਨ। ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਦਿੱਲੀ ਦੀਆਂ ਬਰੂਹਾਂ ’ਤੇ ਚਲਦਿਆਂ 10 ਮਹੀਨੇ ਪੂਰੇ ਹੋ ਚੁੱਕੇ ਹਨ। ਅੱਜ ਜਦੋਂ ਕੇਂਦਰ ਸਰਕਾਰ ਕਿਸਾਨਾਂ ਦੇ ਏਕੇ ਅੱਗੇ ਬੇਵੱਸ ਹੋ ਚੁੱਕੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦੇ ਸੰਘਰਸ਼ ਦਾ ਸਾਰਾ ਸਿਹਰਾ ਆਪਣੇ ਸਿਰ ਬੰਨਣਾ ਚਾਹੁੰਦੇ ਹਨ। ਉਨਾਂ ਕਿਹਾ ਕਿ ‘ਕੈਪਟਨ ਅਮਰਿੰਦਰ ਸਿੰਘ ਸਾਬਤ ਕੀ ਕਰਨਾ ਚਾਹੁੰਦੇ ਹਨ ਕਿ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਉਨਾਂ ਕੋਲ ਤਾਕਤ ਘੱਟ ਸੀ ਜਦੋਂ ਅੱਜ ਮੁੱਖ ਮੰਤਰੀ ਨਹੀਂ ਰਹੇ ਤਾਂ ਖੇਤੀ ਕਾਨੂੰਨ ਰੱਦ ਕਰਵਾਉਣ ਦੀ ਤਾਕਤ ਆ ਚੁੱਕੀ ਹੈ।’ ਉਨਾਂ ਕਿਹਾ ਕਿ ਦੇਸ਼ ਦੇ ਸਾਰੇ ਰਾਜਸੀ ਆਗੂ ਕੁਰਸੀ ਬਚਾਉਣ ਖਾਤਿਰ ਕਿਸਾਨ ਹਮਾਇਤੀ ਹੋਣ ਦਾ ਡਰਾਮਾ ਕਰ ਰਹੇ ਹਨ, ਜਿਸ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਦਾ ਮੋਢਾ ਵਰਤ ਕੇ ਪੰਜਾਬ ਵਿੱਚ ਕਾਬਜ਼ ਹੋਣਾ ਚਾਹੁੰਦੀ ਹੈ, ਜੋ ਕਦੇ ਵੀ ਸੰਭਵ ਨਹੀਂ ਹੈ। ਉਨਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਸੰਘਰਸ਼ ਕਰਦੇ ਨੂੰ 10 ਮਹੀਨੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਤੇ ਇਸ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਕੇਂਦਰ ਸਰਕਾਰ ਅਜੇ ਤੱਕ ਕਿਸਾਨਾਂ ਦੀਆਂ ਮੰਗਾਂ ਸੁਣਨ ਲਈ ਵੀ ਤਿਆਰ ਨਹੀਂ ਹੈ ਤਾਂ ਕੈਪਟਨ ਦੇ ਕਹੇ ’ਤੇ ਕਾਨੂੰਨ ਕਿਵੇਂ ਰੱਦ ਕਰ ਦੇਣਗੇ।

ਕਿਸਾਨ ਆਗੂ ਟਿਕੈਤ ਨੇ ਕੈਪਟਨ-ਸ਼ਾਹ ਦੀ ਮਿਲਣੀ ਦੇ ਹਵਾਲੇ ਨਾਲ ਕਿਹਾ ਕਿ ਜੇਕਰ ਕੇਂਦਰ ਸਰਕਾਰ ਕੈਪਟਨ ਦੀ ਗੱਲ ਮੰਨਦੀ ਹੈ ਤਾਂ ਵਧੀਆ ਗੱਲ ਹੈ। ਉਨਾਂ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕਰਕੇ ਫ਼ਸਲਾਂ ਦੀ ਐੱਮਐੱਸਪੀ ’ਤੇ ਖਰੀਦ ਦੀ ਕਾਨੂੰਨੀ ਗਰੰਟੀ ਵਾਲਾ ਕਾਨੂੰਨ ਬਣਾਇਆ ਜਾਵੇ। ਕਿਸਾਨਾਂ ਨੂੰ ਇਸ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਹੋਵੇਗਾ।

**ਕਿਸਾਨ ਸਮਝੌਤਾ ਹੋਣ ਦੇ ਆਸਾਰ**

ਸੂਤਰਾਂ ਅਨੁਸਾਰ ਅਫ਼ਸਰਾਂ ਦੇ ਪੱਧਰ ’ਤੇ ਕਿਸਾਨ ਨੇਤਾਵਾਂ ਨਾਲ ਸਮਝੌਤੇ ਦੀ ਗੱਲ ਲਗਭਗ ਨੇੜੇ ਲੱਗ ਚੁੱਕੀ ਹੈ। ਜਾਣਕਾਰੀ ਅਨੁਸਾਰ  ਕੇਂਦਰ ਸਰਕਾਰ ਤੇ ਕਿਸਾਨਾਂ ਵਿਚ ਸਮਝੌਤਾ ਬਸ ਹੋਣ ਹੀ ਵਾਲਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਵੀ 2-3 ਵਾਰ ਗੱਲ ਸਿਰੇ ਲੱਗਣ ਦੀ ਆਸ ਬਣੀ ਪਰ ਹਰ ਵਾਰ ਕਿਸੇ ਨਾ ਕਿਸੇ ਕਾਰਨ ਗੱਲ ਸਿਰੇ ਨਹੀਂ ਲੱਗੀ। ਜਾਣਕਾਰੀ ਅਨੁਸਾਰ ਹੁਣ ਸਮਝੌਤੇ ਵਿਚ 2 ਕਾਨੂੰਨ ਰੱਦ ਕਰਕੇ ਇਕ ਕਾਨੂੰਨ ਸਾਂਝੀ ਕਮੇਟੀ ਦੇ ਸਪੁਰਦ ਕੀਤਾ ਜਾਵੇਗਾ ਜਦੋਂ ਕਿ ਫ਼ਸਲਾਂ ਦੇ

ਬਾਕੀ ਸਫ਼ਾ 30 ’ਤੇ

## ਸੁਪਰੀਮ ਕੋਰਟ ਕਿਸਾਨ ਮੋਰਚੇ ਪ੍ਰਤੀ ਸਖ਼ਤ

### ✪ ਮਹਾ ਪੰਚਾਇਤ ਨੂੰ ਸੁਪਰੀਮ ਕੋਰਟ ਨੇ ਪਾਈ ਝਾੜ  ਤੇ ਕਿਹਾ, ‘ਤੁਸੀਂ ਸ਼ਹਿਰ ਦਾ ਗਲ਼ਾ ਘੁੱਟ ਰਹੇ ਹੋ, ਕੀ ਲੋਕਾਂ ਕਾਰੋਬਾਰ ਬੰਦ ਕਰ ਦੇਣ’ ✪ ਕੋਰਟ ‘ਚ ਕਿਸਾਨ ਮਹਾ ਪੰਚਾਇਤ ਨੂੰ ਜੰਤਰ-ਮੰਤਰ ‘ਤੇ ਸੱਤਿਆਗ੍ਰਹਿ ਦੀ ਅਗਿਆ ਮੰਗੀ ਗਈ ਸੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸੁਪਰੀਮ ਕੋਰਟ ‘ਚ ਕਿਸਾਨ ਮਹਾ ਪੰਚਾਇਤ ਨੂੰ ਜੰਤਰ-ਮੰਤਰ ‘ਤੇ ਸੱਤਿਆਗ੍ਰਹਿ ਦੀ ਅਗਿਆ ਮੰਗੀ ਗਈ ਸੀ ਬੀਤੇ ਸ਼ੁੱਕਰਵਾਰ ਨੂੰ ਕੋਰਟ ‘ਚ ਮਹਾ ਪੰਚਾਇਤ ਦੀ ਪਟੀਸ਼ਨ ‘ਤੇ ਸੁਣਵਾਈ ਹੋਈ। ਕੋਰਟ ਨੇ ਪਟੀਸ਼ਨ ‘ਤੇ ਸੁਣਵਾਈ ਕਰਦੇ ਹੋਏ ਸਖ਼ਤ ਟਿੱਪਣੀ ਕੀਤੀ ਹੈ। ਕੋਰਟ ਨੇ ਕਿਹਾ ਕਿ ਤੁਸੀਂ ਪਹਿਲਾਂ ਹੀ ਸ਼ਹਿਰ ਦਾ ਗਲ਼ਾ ਘੁੱਟ ਚੁੱਕੇ ਹੋ ਤੇ ਹੁਣ ਤੁਸੀਂ ਸ਼ਹਿਰ ਦੇ ਅੰਦਰ ਆਉਣਾ ਚਾਹੁੰਦੇ ਹੋ। ਇਸ ਦੌਰਾਨ ਕੋਰਟ ਨੇ ਰੇਲ ਤੇ ਸੜਕ ਮਾਰਗ ਬੰਦ ਕਰਨ ਤੇ ਟਰੈਫਿਕ ਵਿਚ ਰੁਕਾਵਟ ਪਾਉਣ ਦੇ ਮੁੱਦੇ ‘ਤੇ ਕਿਸਾਨ ਮਹਾ ਪੰਚਾਇਤ ਨੂੰ ਝਾੜ ਪਾਈ ਹੈ। ਸੁਪਰੀਮ ਕੋਰਟ ਨੇ ਕਿਹਾ, ‘ਪ੍ਰਦਰਸ਼ਨ ਕਰ ਰਹੇ ਕਿਸਾਨ ਆਵਾਜਾਈ ਨੂੰ ਪ੍ਰਭਾਵਿਤ ਕਰ ਰਹੇ ਹਨ ਤੇ ਟਰੇਨਾਂ ਤੇ ਰਾਸ਼ਟਰੀ ਰਾਜ ਮਾਰਗਾਂ ਨੂੰ ਰੋਕ ਰਹੇ ਹਨ। ਦਿੱਲੀ-ਐੱਨਸੀਆਰ ਵਿਚ ਰਾਸ਼ਟਰੀ ਰਾਜ ਮਾਰਗਾਂ ਨੂੰ ਰੋਕ ਕੇ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ ਜਾ ਰਿਹਾ ਹੈ।‘ ਇਸ ਦੇ ਨਾਲ ਕਿਸਾਨ ਮਹਾ ਪੰਚਾਇਤ ਤੋਂ ਸੋਮਵਾਰ ਨੂੰ ਹਲਫਨਾਮਾ ਦਾਇਰ ਕਰਨ ਲਈ ਕਿਹਾ ਗਿਆ ਹੈ ਕਿ ਉਹ ਰਾਸ਼ਟਰੀ ਰਾਜ ਮਾਰਗਾਂ ਨੂੰ ਰੋਕਣਾ ਕਿਸਾਨਾਂ ਦੇ ਵਿਰੋਧ ਦਾ ਹਿੱਸਾ ਨਹੀਂ ਹਨ। ਜੇ ਤੁਸੀਂ ਅਦਾਲਤ ‘ਚ ਆਏ ਹੋ, ਤਾਂ ਅਦਾਲਤ ‘ਤੇ ਭਰੋਸਾ ਕਰੋ।

ਜਦੋਂ ਕਿਸਾਨਾਂ ਦੇ ਵਕੀਲ ਦੁਆਰਾ ਇਹ ਦੱਸਿਆ ਗਿਆ ਕਿ ਹਾਈਵੇ ਉਨਾਂ ਦੁਆਰਾ ਬੰਦ ਨਹੀਂ ਕੀਤਾ ਗਿਆ ਸੀ, ਤਾਂ ਪੁਲਿਸ ਨੇ ਉਨਾਂ ਨੂੰ ਹਲਫਨਾਮਾ ਦਾਇਰ ਕਰਨ ਲਈ ਕਿਹਾ ਸੀ ਕਿ ਉਹ ਰਾਸ਼ਟਰੀ ਮਾਰਗਾਂ ਨੂੰ ਰੋਕਣ ਵਾਲੇ ਕਿਸਾਨਾਂ ਦੇ ਵਿਰੋਧ ਦਾ ਹਿੱਸਾ ਨਹੀਂ ਸਨ। ਹੁਣ ਮਾਮਲੇ ਦੀ ਅਗਲੀ ਸੁਣਵਾਈ ਸੋਮਵਾਰ ਨੂੰ ਹੋਵੇਗੀ।

# Gurudwara Sahib Fremont

**Celebrating Prakash Purab of**

## *Dhan Guru Ramdas ji*

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 8 ਅਕਤੂਬਰ, ਦਿਨ ਸ਼ੁੱਕਰਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ : 10 ਅਕਤੂਬਰ, ਦਿਨ ਐਤਵਾਰ

ਬੇਨਤੀ ਕਰਤਾ: ਬਹਾਦਰ ਸਿੰਘ (510) 673-4046

300 Gurudwara Road, Fremont CA 94536

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ

## ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 8 ਅਕਤੂਬਰ, ਦਿਨ ਸ਼ੁੱਕਰਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ : 10 ਅਕਤੂਬਰ, ਦਿਨ ਐਤਵਾਰ

ਬੇਨਤੀ ਕਰਤਾ: ਜੱਥੇਦਾਰ ਗੁਰਦੇਵ ਸਿੰਘ (510) 750-7499

ਸਮੂੰਹ ਪੰਥਕ ਜੱਥੇਬੰਦੀਆਂ

300 Gurudwara Road, Fremont CA 94536



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜੀਂਦਰ ਸਿੰਘ ਜਿੰਦਾ

# ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ੋਸ਼ਲ ਮੀਡੀਆ ਤੇ ਹੁਣ ਨਹੀ ਰਹੇ ਕਾਂਗਰਸੀ

## ਫੇਸਬੁੱਕ ਅਤੇ ਟਵਿੱਟਰ ਪ੍ਰੋਫਾਈਲ ਤੋਂ ਕਾਂਗਰਸ ਸ਼ਬਦ ਹਟਾਇਆ

**ਚੰਡੀਗੜ/ਸੁਖਜਿੰਦਰ ਸਿੰਘ ਪੰਜਗਰਾਈਂ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਆਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਭਾਵੇਂ ਚੁੱਪੀ ਧਾਰੀ ਹੋਈ ਸੀ ਪਰ ਨਵਜੋਤ ਸਿੰਘ ਸਿੱਧੂ ਵੱਲੋਂ ਕਾਂਗਰਸ ਦੀ ਪੰਜਾਬ ਪ੍ਰਧਾਨਗੀ ਤੋਂ ਅਸਤੀਫਾ ਦੇਣ ਅਤੇ ਦਿੱਲੀ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਕਰਨ ਲਈ ਰਵਾਨਾ ਹੋਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵੱਲੋਂ ਟਵੀਟਾਂ ਦੀ ਹਨੇਰੀ ਲਿਆ ਕੇ ਨਵਜੋਤ ਸਿੰਘ ਸਿੱਧੂ ਅਤੇ ਕਾਂਗਰਸ ਹਾਈਕਮਾਂਡ ਪ੍ਰਤੀ ਭਾਰੀ ਗੁੱਸੇ ਦਾ ਪ੍ਰਗਟਾਵਾ ਕੀਤਾ ਗਿਆ। ਸਾਬਕਾ ਮੁੱਖ ਮੰਤਰੀ ਕੈਪਟਨ ਦਾ ਕਹਿਣਾ ਹੈ ਕਿ ਉਹ ਭਾਜਪਾ ਵਿਚ ਸ਼ਾਮਿਲ ਨਹੀਂ ਹੋ ਰਹੇ, ਪਰ ਉਹ ਕਾਂਗਰਸ ਛੱਡ ਰਹੇ ਹਨ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਜਿਸ ਤਰੀਕੇ ਦਾ ਵਿਵਹਾਰ ਉਨਾਂ ਦੇ ਨਾਲ ਕੀਤਾ ਗਿਆ ਉਹ ਸਹਿਣ ਨਹੀਂ ਕੀਤਾ ਜਾ ਸਕਦਾ। ਕੈਪਟਨ ਅਮਰਿੰਦਰ ਸਿੰਘ ਵੱਲੋਂ ਅੱਜ ਆਪਣੇ ਟਵਿੱਟਰ ਅਤੇ ਫੇਸਬੁੱਕ ਪੇਜ ਤੋਂ ਕਾਂਗਰਸ ਸ਼ਬਦ ਹਟਾ ਦਿੱਤਾ ਗਿਆ ਹੈ ਤੇ ਉਹਨਾਂ ਨੇ ਹੁਣ ਫੇਸਬੁੱਕ ਅਤੇ ਆਪਣੀ ਟਵਿੱਟਰ ਪ੍ਰੋਫਾਈਲ ਤੇ ਆਪਣੇ ਬਾਇਓ 'ਚ ਸਾਬਕਾ ਫੌਜੀ, ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਪੰਜਾਬ ਦੀ ਸੇਵ ਕਰਦਾ ਰਹਿਣ ਵਾਲਾ ਆਪਣੇ ਆਪ ਨੂੰ ਲਿਖਿਆ ਹੈ। ਕੈਪਟਨ ਆਪਣੀ ਪਾਰਟੀ ਬਣਾਉਣਗੇ ਜਾਂ ਬੀਜੇਪੀ 'ਚ ਸ਼ਾਮਲ ਹੁੰਦੇ ਹਨ ਇਹ ਤਾਂ ਸਭ ਕੁਝ ਅਜੇ ਸਮੇਂ ਦੇ ਗਰਭ ਵਿੱਚ ਹੈ। ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਦੀ ਸਾਢੇ ਚਾਰ ਸਾਲ ਮੁੱਖ ਮੰਤਰੀ ਰਹਿੰਦਿਆਂ ਕਾਰਗੁਜ਼ਾਰੀ ਭਾਵੇਂ ਜੀਰੋ ਹੈ ਪਰ ਉਹ ਕਾਂਗਰਸ ਦਾ ਵੱਡਾ ਚਿਹਰਾ ਹੋਣ ਕਰਕੇ ਜੇ ਕਾਂਗਰਸ ਛੱਡ ਕੇ ਕੋਈ ਹੋਰ ਸਿਆਸੀ ਕਦਮ ਪੁੱਟਦੇ ਹਨ ਤਾਂ ੨੦੨੨ ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਭਾਰੀ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।




# ਦੀਪ ਸਿੱਧੂ ਨੇ ਬਣਾਈ 'ਵਾਰਿਸ ਪੰਜਾਬ ਦੇ' ਨਾਂ ਦੀ ਜਥੇਬੰਦੀ

## ਰਾਜਾਂ ਦੀ ਖੁਦਮੁਖਤਿਆਰੀ ਅਤੇ ਮੂਲ ਹੱਕਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ

**ਚੰਡੀਗੜ/ਏ.ਟੀ.ਨਿਊਜ਼ :** ਦੀਪ ਸਿੱਧੂ ਨੇ ਪੰਜਾਬ ਦੀ ਨੌਜਵਾਨੀ ਨੂੰ ਇਕ ਮੰਚ ਉੱਪਰ ਇਕੱਠਾ ਕਰਨ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਬਾਰੇ ਸੰਘਰਸ਼ ਵਿੱਢਣ ਲਈ 'ਵਾਰਿਸ ਪੰਜਾਬ ਦੇ' ਨਾਂ ਸਮਾਜਿਕ ਜਥੇਬੰਦੀ ਬਣਾਉਣ ਦਾ ਐਲਾਨ ਕੀਤਾ ਹੈ। ਚੰਡੀਗੜ ਪ੍ਰੈਸ ਕਲੱਬ ਵਿਖੇ ਹੋਈ ਕਾਨਫਰੰਸ ਦੌਰਾਨ ਉਨਾਂ ਇਹ ਐਲਾਨ ਕੀਤਾ। ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਨ ਕਰਕੇ ਰਾਜਾਂ ਨੂੰ ਮੂਲ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਗਿਆ ਹੈ ਅਤੇ ਪੰਜਾਬ ਇਸ ਨੀਤੀ ਦਾ ਸਭ ਤੋਂ ਵੱਧ ਖ਼ਮਿਆਜ਼ਾ ਭੁਗਤ ਰਿਹਾ ਹੈ। ਕੇਂਦਰ ਵਲੋਂ ਪੰਜਾਬ ਨਾਲ ਕੀਤੇ ਵਿਸ਼ਵਾਸ਼ਘਾਤਾਂ ਦੀ ਸੂਚੀ ਬਹੁਤ ਲੰਮੇਰੀ ਹੈ ਅਤੇ ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਰਾਜਾਂ ਦੀ ਖੁਦਮੁਖਤਿਆਰੀ ਅਤੇ ਮੂਲ ਹੱਕਾਂ ਦੀ ਪ੍ਰਾਪਤੀ ਤੱਕ ਇਹ ਸੰਘਰਸ਼ ਹੁਣ ਜਾਰੀ ਰਹੇਗਾ।




ਪੰਜਾਬ ਦਾ ਵਿਦਿਅਕ ਢਾਂਚਾ ਬਿਲਕੁਲ ਜ਼ਰਜ਼ਰਾ ਹੋ ਚੁੱਕਾ ਹੈ ਅਤੇ ਕੇਂਦਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਇਹ ਸਪੱਸ਼ਟ ਪ੍ਰਭਾਵ ਹੈ ਕਿ ਪੰਜਾਬ ਅੰਦਰ ਰਾਜ ਪੱਧਰ ਦੇ ਉਚ ਪ੍ਰਸ਼ਾਸਨਿਕ ਅਹੁਦਿਆਂ ਉੱਪਰ ਪੰਜਾਬ ਦੀ ਮਲਕੀਅਤ ਖਤਮ ਹੋ ਚੁੱਕੀ ਹੈ ਅਤੇ ਬਾਹਰੀ ਸੂਬਿਆਂ ਦੇ ਅਧਿਕਾਰੀ ਪੰਜਾਬੀਅਤ ਦੀ ਜਗਾ ਲੈ ਰਹੇ ਹਨ। ਵਿਦਿਅਕ ਅਦਾਰਿਆਂ ਅੰਦਰ ਸਿੱਖ ਇਤਿਹਾਸ ਅਤੇ ਪੰਜਾਬ ਦੀਆਂ ਸੱਭਿਅਕ ਰਵਾਇਤਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਕਵਾਇਦ ਪੰਜਾਬ ਦੀ ਮਾਨਸਿਕਤਾ ਉੱਪਰ ਕੋਝਾ ਹਮਲਾ ਹੈ।

ਸਰਕਾਰ ਏ ਖਾਲਸਾ ਦਾ ਸੂਰਜ ਅਸਤ ਹੋਣ ਤੋਂ ਬਾਅਦ ਅੰਗਰੇਜੀ ਹਕੂਮਤ ਨੇ ਕੇਵਲ ਸਿਆਸੀ ਤੌਰ ਉੱਪਰ ਹੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਨਹੀਂ ਅਪਨਾਇਆ ਸਗੋਂ ਪੰਜਾਬ ਵਿੱਚ ਮਜ਼ਹਬੀ ਧਰਾਤਲ ਉੱਪਰ ਵੰਡ ਦੇ ਪੰਜਾਬ ਦੇ ਸਾਂਝੇ ਸੱਭਿਆਚਾਰ ਵਿੱਚ ਜ਼ਹਿਰ ਦੇ ਬੀਜ ਬੀਜੇ। ਗੁਰਾਂ ਦੇ ਨਾਮ ਉੱਪਰ ਵੱਸਦੇ ਪੰਜਾਬ ਨੂੰ ਜੇਕਰ ਮੁੜ ਮਹਿਕਦਾ ਗੁਲਾਬ ਬਣਾਉਣਾ ਹੈ ਤਾਂ ਸਾਨੂੰ ਸਭ ਨੂੰ ਜਾਤੀ ਵੰਡ ਅਤੇ ਜਾਤੀ ਵਿਤਕਰੇ ਤੋਂ ਉੱਪਰ ਉਠ ਕੇ ਪੰਜਾਬ ਦੀ ਹੋਣੀ ਬਦਲਣ ਲਈ ਸਾਂਝੇ ਉਪਰਾਲੇ ਕਰਨੇ ਪੈਣਗੇ।

ਪੰਜਾਬ ਨਾਲ ਹੋ ਰਹੇ ਵਿਤਕਰਿਆਂ ਬਾਰੇ ਇਕ ਪਾਸੇ ਤਾਂ ਪੰਜਾਬ ਦਾ ਪਾਣੀ ਬਾਹਰੀ ਸੂਬਿਆਂ ਨੂੰ ਦੇਣ ਨਾਲ ਪੰਜਾਬ ਦੇ ਜ਼ਰਾਇਤੀ ਖੇਤਰ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਦੂਸਰੇ ਪਾਸੇ ਸਰਕਾਰੀ ਸ਼ਹਿ ਉੱਪਰ ਚਲਦੇ ਕਾਰਖਾਨਿਆਂ ਅਤੇ ਫ਼ੈਕਟਰੀਆਂ ਦੇ ਜ਼ਹਿਰੀਲੇ ਰਸਾਇਣ ਪੰਜਾਬ ਦੇ ਪਾਣੀ ਸਰੋਤਾਂ ਵਿੱਚ ਪ੍ਰਵਾਹਿਤ ਕਰਕੇ ਅਤੇ ਬੋਰਾਂ ਰਾਹੀਂ ਜ਼ਮੀਨਦੋਜ਼ ਕਰਕੇ ਪੰਜਾਬ ਦੇ ਪਾਣੀ ਨੂੰ ਜ਼ਹਿਰ ਬਣਾ ਦਿੱਤਾ ਗਿਆ ਹੈ ਜੋ ਕਿ ਇਕ ਤਰਾਂ ਦੀ ਨਸਲਕੁਸ਼ੀ ਦਾ ਹੀ ਸੂਚਕ ਹੈ। ਪੰਜਾਬ ਦੇ ਇਕ ਖ਼ਿੱਤੇ ਨੂੰ ਕੈਂਸਰ ਬੈਲਟ ਦੇ ਨਾਮ ਨਾਲ ਜਾਣਿਆਂ ਜਾਣਾ ਹੀ ਪੰਜਾਬ ਨਾਲ ਹੋ ਰਹੇ ਵਿਸ਼ਵਾਸ਼ਘਾਤਾਂ ਦੀ ਪ੍ਰਤੱਖ ਤਸਵੀਰ ਹੈ।

ਪੰਜਾਬ ਵਿੱਚ ਲਾਲਚਵੱਸ ਕਰਵਾਈ ਜਾ ਰਹੀ ਧਰਮ ਤਬਦੀਲੀ ਸਪੱਸ਼ਟ ਕੀਤਾ ਕਿ ਬੇਸ਼ਕ ਕਿਸੇ ਵੀ ਵਿਆਕਤੀ ਨੂੰ ਆਪਣੀ ਮਰਜ਼ੀ ਅਨੁਸਾਰ ਧਰਮ ਦੀ ਚੋਣ ਦਾ ਅਧਿਕਾਰ ਹੈ ਪ੍ਰੰਤੂ ਜੇਕਰ ਧਰਮ ਤਬਦੀਲੀ ਲੋਕਾਂ ਦੀਆਂ ਸਿਹਤ ਸਹੂਲਤਾਂ ਅਤੇ ਵਿਦਿਅਕ ਲੋੜਾਂ ਦੇ ਲਾਲਚਵੱਸ ਕਰਵਾਈ ਜਾ ਰਹੀ ਤਾਂ ਸਿੱਖਾਂ ਦੀਆਂ ਨੁਮਾਇੰਦਾ ਧਾਰਮਿਕ ਸੰਸਥਾਵਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਪੰਜਾਬ ਦੇ ਸੱਭਿਆਚਾਰਿਕ ਖਾਸੇ ਬਾਰੇ ਕਿ ਪੰਜਾਬ ਦੀ ਸੂਬਾਈ ਬੋਲੀ ਅਤੇ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਅਤੇ ਗੁਰਮੁੱਖੀ ਲਿਪੀ ਨਾਲ ਜਿਸ ਤਰਾਂ ਦਾ ਵਿਤਕਰਾ ਕਰਕੇ ਇਸ ਨੂੰ ਖਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਇਹ ਪੰਜਾਬ ਦੇ ਸੱਭਿਆਚਾਰ ਉੱਪਰ ਘਾਤਕ ਹਮਲਾ ਹੈ ਅਤੇ ਇਸ ਹਮਲੇ ਦਾ ਮੁਕਾਬਲਾ ਕਰਨ ਅਤੇ ਪੰਜਾਬ ਦੇ ਸੱਭਿਆਚਾਰ ਨੂੰ ਬਚਾਉਣ ਲਈ ਹਰ ਪੰਜਾਬੀ ਨੂੰ ਆਰ ਪਾਰ ਦੀ ਜੰਗ ਦਾ ਐਲਾਨ ਕਰਨਾ ਪਵੇਗਾ।

ਸਮਾਜਿਕ ਚੇਤਨਾ ਲਈ ਬਣਾਈ ਇਸ 'ਵਾਰਿਸ ਪੰਜਾਬ ਦੇ' ਨਾਮ ਦੀ ਜਥੇਬੰਦੀ ਦਾ ਨਿਸ਼ਾਨਾਂ ਫਿਲਹਾਲ ਕਿਸੇ ਰਾਜਸੀ ਆਹੁਦੇ ਦੀ ਪ੍ਰਾਪਤੀ ਨਹੀਂ ਹੈ ਪਰ ਪੰਜਾਬ ਦੀਆਂ ਸਾਰੀਆਂ ਹੀ ਰਾਜਸੀ ਧਿਰਾਂ ਉੱਪਰ ਪੰਜਾਬ ਦੇ ਸੱਭਿਆਚਾਰ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਦਬਾਅ ਜ਼ਰੂਰ ਬਚਾਇਆ ਜਾਵੇਗਾ।

ਜਥੇਬੰਦੀ ਨੌਜਵਾਨਾਂ ਦੀ ਜਥੇਬੰਦੀ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸਿੱਖ ਕੌਮ ਦੇ ਮਹਾਨ ਸੰਕਲਪ 'ਨਿਰਭਓ ਨਿਰਵੈਰ' ਨੂੰ ਆਧਾਰ ਬਣਾ ਕੇ ਸੰਘਰਸ਼ਸ਼ੀਲ ਰਹੇਗੀ। ਉਸ ਨੇ ਪੰਜਾਬ ਦੇ ਨੌਜਵਾਨ ਵੀਰਾਂ ਭੈਣਾਂ ਨੂੰ ਇਸ ਮੰਚ ਨਾਲ ਜੁੜ ਕੇ ਪੰਜਾਬ ਦੀਆਂ ਹੱਕੀ ਮੰਗਾਂ ਅਤੇ ਖੁਦਮੁਖਤਿਆਰੀ ਲਈ ਸੰਘਰਸ਼ ਵਿੱਢਣ ਦੀ ਅਪੀਲ ਵੀ ਕੀਤੀ।

ਅਸੀਂ ਕਿਸਾਨੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਇਮਾਨਦਾਰ ਧਿਰਾਂ ਦੀ ਹਮਾਇਤ ਕੀਤੀ ਹੈ ਪਰ ਮੂਲ ਰੂਪ ਵਿੱਚ ਇਹ ਮਸਲਾ ਪੰਜਾਬ ਦੀ ਹੋਂਦ ਨਾਲ ਜੁੜਿਆ ਹੋਣ ਕਰਕੇ ਇਸ ਨੂੰ ਗੰਭੀਰਤਾ ਨਾਲ ਸਮਝਣ ਅਤੇ ਅਮਲ ਕਰਨ ਦੀ ਜ਼ਰੂਰਤ ਹੈ।

# ਸੈਨ ਹੋਜ਼ੇ ਮੇਅਰ ਲਈ ਸਿੰਡੀ ਸ਼ਾਵੇਜ ਵੀ ਨਿੱਤਰੀ

**ਸੈਨ ਹੋਜ਼ੇ /ਏ.ਟੀ.ਨਿਊਜ਼:** ਵੀਰਵਾਰ ਨੂੰ ਪ੍ਰਭਾਵਸ਼ਾਲੀ ਇਕੱਠ ਕਰਕੇ ਸੈਨ ਹੋਜ਼ੇ ਮੇਅਰ ਲਈ ਸਿੰਡੀ ਸ਼ਾਵੇਜ ਨੇ ਆਪਣਾ ਨਾਮ ਪੇਸ਼ ਕਰ ਦਿੱਤਾ ਹੈ। ਸਿੰਡੀ ਬਹੁਤ ਤਜਰਬੇਕਾਰ ਤੇ ਹੰਢੀ ਰਾਜਨੀਤਿਕ ਸ਼ਖਸ਼ੀਅਤ ਹੈ ਜੋ ਇਸ ਵੇਲੇ ਸੈਂਟਾ ਕਲਾਰਾ ਕਾਊਂਟੀ ਸੁਪਰਵਾਈਜ਼ਰ ਚੇਅਰ ਹੈ।




ਸੈਨਹੋਜ਼ੇ, ਅਮਰੀਕਾ ਦਾ 10ਵਾਂ ਵੱਡਾ ਸ਼ਹਿਰ ਹੈ ਅਤੇ ਸਿਲੀਕਨ ਵੈਲੀ ਇਸਦੇ ਵਿੱਚ ਹੀ ਆਉਂਦੀ ਹੈ ਇਸਲਈ ਅਰਥਚਾਰੇ ਲਈ ਬਹੁਤ ਮਹੱਤਤਾ ਰੱਖਦਾ ਹੈ। ਸਿੰਡੀ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਬਰਾਬਰਤਾ ਦੀ ਮੁੱਦਈ ਹੈ ਅਤੇ ਉਸਦਾ ਨਾਹਰਾ ਜਿਸ ਵਿੱਚ ਔਰਤ-ਮਰਦ, ਧਰਮ, ਜਾਤ ਸੱਭ ਦਾ ਅਮਰੀਕਾ ਵਿੱਚ ਬਰਾਬਰ ਦਾ ਹੱਕ ਹੈ। ਉਸਨੇ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਸਿੱਖ ਕਮਿਊਨਿਟੀ ਵੱਲੋਂ ਕੁਲਵੰਤ ਸਿੰਘ ਗਿੱਲ ਦਾ ਵੀ ਵਿਸ਼ੇਸ਼ ਸ਼ੁਕਰਾਨਾ ਕੀਤਾ।

# ਗੈਸ ਸਟੇਸ਼ਨ 'ਤੇ ਕੰਮ ਕਰਦੇ ਪੰਜਾਬੀ ਸਿੱਖ ਦੀ ਅਣਪਛਾਤੇ ਵਿਅਕਤੀ ਵੱਲੋਂ ਹੱਤਿਆ

## ਪੁਲਿਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਲੋਕਾਂ ਕੋਲੋਂ ਮੰਗੀ ਮੱਦਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਲਿਨਵੁੱਡ, ਵਾਸ਼ਿੰਗਟਨ ਵਿਚ ਇਕ ਅਣਪਛਾਤੇ ਵਿਅਕਤੀ ਨੇ ਗੈਸ ਸਟੇਸ਼ਨ 'ਤੇ ਕੰਮ ਕਰਦੇ ਇਕ ਪੰਜਾਬੀ ਸਿੱਖ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ 60 ਸਾਲਾ ਤੇਜਪਾਲ ਸਿੰਘ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਘਟਨਾ ਲਿਨਵੁੱਡ ਵਿਚ 148ਵੀਂ ਸਟਰੀਟ ਤੇ ਸਟੇਟ ਹਾਈਵੇਅ 99 ਦੇ ਅੰਦਰੂਨੀ ਹਿੱਸੇ ਨੇੜੇ ਵਾਪਰੀ। ਪੁਲਿਸ ਮੁੱਖੀ ਦੇ ਦਫਤਰ ਅਨੁਸਾਰ ਸ਼ੱਕੀ ਸਟੋਰ ਵਿਚ ਦਾਖਲ ਹੋਇਆ ਤੇ ਮੁਲਾਜ਼ਮ ਉਪਰ ਗੋਲੀ ਚਲਾ ਦਿੱਤੀ ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਗੋਲੀ ਮਾਰਨ ਉਪਰੰਤ ਉਹ ਘਟਨਾ ਸਥਾਨ ਤੋਂ ਫਰਾਰ ਹੋ ਗਿਆ। ਪੁਲਿਸ ਦਾ ਮੰਨਣਾ ਹੈ ਕਿ ਸ਼ੱਕੀ ਲੁੱਟਮਾਰ ਦੇ ਇਰਾਦੇ ਨਾਲ ਸਟੋਰ ਵਿਚ ਦਾਖਲ ਹੋਇਆ ਸੀ। ਪੁਲਿਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਲੋਕਾਂ ਕੋਲੋਂ ਮੱਦਦ ਮੰਗੀ ਹੈ। 'ਗੋ ਫੰਡ ਮੀ ਪੇਜ' ਅਨੁਸਾਰ ਤੇਜਪਾਲ ਬਹੁਤ ਹੀ ਇਮਾਨਦਾਰ ਤੇ ਖੁਸ਼ਦਿੱਲ ਵਿਅਕਤੀ ਸੀ। ਉਸ ਦਾ ਪਿਛੋਕੜ ਜਲੰਧਰ ਜਿਲੇ ਨਾਲ ਸਬੰਧਤ ਹੈ ਤੇ ਉਹ 1986 ਵਿਚ ਅਮਰੀਕਾ ਆਇਆ ਸੀ। ਉਸ ਦੇ ਅੰਤਿਮ ਸੰਸਕਾਰ ਤੇ ਪਰਿਵਾਰ ਦੀ ਮੱਦਦ ਲਈ 60215 ਡਾਲਰ ਫੰਡ ਜੁਟਾਇਆ ਗਿਆ ਹੈ। ਉਹ ਆਪਣੇ ਪਿਛੇ ਪਤਨੀ ਤੇ 3 ਬੱਚੇ ਛੱਡ ਗਿਆ ਹੈ।



# ਭਾਰਤੀ ਪ੍ਰਧਾਨ ਮੰਤਰੀ ਮੋਦੀ ਦੇ ਬ੍ਰਿਟੇਨ ਦੌਰੇ ਦੇ ਵਿਰੁੱਧ F.S.O ਵਲੋਂ ਮਾਸ ਪ੍ਰੋਟੈਸਟ

**ਲੰਡਨ/ਏ.ਟੀ.ਨਿਊਜ਼:** ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ੧ ਤੋਂ ੧੨ ਨਵੰਬਰ ਵਿਚਕਾਰ ਗਲਾਸਗੋ ਵਿੱਚ ਹੋਣ ਜਾ ਰਹੇ COP 26 ਦੇ ਜਲਵਾਯੂ ਸੰਮੇਲਨ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ। ਇਸ ਮੋਦੀ ਫੇਰੀ ਨੂੰ ਧਿਆਨ ਵਿਚ ਰੱਖਦੇ ਐਫਐਸਓ ਨੇ ਲੰਡਨ ਅਤੇ ਗਲਾਸਗੋ ਵਿੱਚ ੨ ਵਿਰੋਧ ਪ੍ਰਦਰਸ਼ਨਾਂ ਦੀ ਮੰਗ ਕੀਤੀ ਹੈ। ਵੇਰਵਿਆਂ ਦੀ ਪੁਸ਼ਟੀ ਕੀਤੀ ਜਾਏਗੀ, ਪਰ ਸੰਭਾਵਤ ਤੌਰ 'ਤੇ ਨਵੰਬਰ ਦੇ ਪਹਿਲੇ ਹਫਤੇ ਵਿੱਚ ਆਉਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ।




# ਜੱਗੀ ਜੋਹਲ, ਸ਼ੇਰਾ, ਬੱਗਾ ਅਤੇ ਹੋਰ ਸਿੰਘ ਵੀਡੀਓ ਰਾਹੀਂ ਹੋਏ ਅਦਾਲਤ ਅੰਦਰ ਪੇਸ਼

**ਨਵੀਂ ਦਿੱਲੀ/(ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਦੀ ਤਿਹਾੜ ਜੇਲ ਅੰਦਰ ਬੰਦ ਜਗਤਾਰ ਸਿੰਘ ਜੱਗੀ ਜੋਹਲ, ਰਮਨਦੀਪ ਸਿੰਘ ਬੱਗਾ, ਕਾਲਾ, ਧਰਮਿੰਦਰ ਗੁਗਨੀ ਅਤੇ ਹਰਦੀਪ ਸਿੰਘ ਸ਼ੇਰਾ ਨੂੰ ਅਜ ਵੀਡੀਓ ਕਾਨਫਰੰਸ ਰਾਹੀਂ ਜੱਜ ਅਤੁਲ ਕਸਾਨਾ ਦੀ ਅਦਾਲਤ ਅੰਦਰ ਪੇਸ਼ ਕੀਤਾ ਗਿਆ ਇਸੇ ਮਾਮਲੇ ਵਿਚ ਨਾਮਜਦ ਤਿੰਨ ਹੋਰ ਸਿੰਘ ਤਲਜੀਤ ਸਿੰਘ ਜਿੰਮੀ ਅਤੇ ਦੋ ਹੋਰ ਜਮਾਨਤ ਤੇ ਚਲ ਰਹੇ ਹਨ। ਸਿੰਘਾਂ ਦੇ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੇ ਦਸਿਆ ਕਿ ਅਦਾਲਤ ਅੰਦਰ ਕੋਈ ਵੀ ਗਵਾਹ ਪੇਸ਼ ਨਹੀਂ ਹੋਇਆ ਸੀ ਜਿਸ ਕਰਕੇ ਮਾਮਲੇ ਦੀ ਅਗਲੀ ਤਰੀਕ ਪਾ ਦਿੱਤੀ ਗਈ। ਜਿਕਰਯੋਗ ਹੈ ਕਿ ਜੱਗੀ ਜੋਹਲ ਜੋ ਕਿ ਬ੍ਰਿਟਿਸ਼ ਨਾਗਰਿਕ ਹੈ ਆਪਣਾ ਵਿਆਹ ਕਰਵਾਣ ਹਿੰਦੁਸਤਾਨ ਆਇਆ ਸੀ ਤੇ ਉਸਨੂੰ ਪੰਜਾਬ ਪੁਲਿਸ ਵਲੋਂ ਬਜ਼ਾਰ ਅੰਦਰੋ ਫੜ ਕੇ ਸੀਰੀਅਲ ਕਤਲ ਮਾਮਲਿਆਂ ਨਾਲ ਜੋੜ ਕੇ ਬੰਦ ਕਰ ਦਿਤਾ ਗਿਆ ਸੀ ਤੇ ਹਾਲੇ ਤਕ ਕਿਸੇ ਵੀ ਕੇਸ ਅੰਦਰ ਓਸ ਦੇ ਖਿਲਾਫ ਕੋਈ ਵੀ ਸਬੂਤ ਪੇਸ਼ ਨਹੀਂ ਕੀਤਾ ਜਾ ਸਕਿਆ ਹੈ ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ ੧੯ ਅਕਤੂਬਰ ਨੂੰ ਹੋਵੇਗੀ।



# ਸਿੱਖ ਜਲ ਫੌਜੀ ਨੂੰ ਡਿਊਟੀ ਦੌਰਾਨ ਦਸਤਾਰ ਸਜਾਉਣ ਦੀ ਇਜਾਜ਼ਤ ਮਿਲੀ

## ਜਲ ਸੈਨਾ ਦੇ 246 ਸਾਲਾ ਇਤਿਹਾਸ 'ਚ ਪ੍ਰਵਾਨਗੀ ਹਾਸਲ ਕਰਨ ਵਾਲਾ ਪਹਿਲਾ ਵਿਅਕਤੀ

**ਨਿਊਯਾਰਕ/ਏ.ਟੀ.ਨਿਊਜ਼ :** ਅਮਰੀਕਾ ਦੇ ਇਕ 26 ਸਾਲਾ ਸਿੱਖ-ਅਮਰੀਕੀ ਜਲ ਸੈਨਾ ਅਧਿਕਾਰੀ ਨੂੰ ਕੁਝ ਸ਼ਰਤਾਂ ਨਾਲ ਦਸਤਾਰ ਸਜਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਅਮਰੀਕੀ ਜਲ ਸੈਨਾ ਦੇ 246 ਸਾਲਾਂ ਦੇ ਇਤਿਹਾਸ ਵਿਚ ਅਜਿਹੀ ਪ੍ਰਵਾਨਗੀ ਹਾਸਲ ਕਰਨ ਵਾਲੇ ਉਹ ਪਹਿਲੇ ਵਿਅਕਤੀ ਹਨ। 'ਦਿ ਨਿਊਯਾਰਕ ਟਾਈਮਜ਼' ਦੀ ਖ਼ਬਰ ਮੁਤਾਬਕ 'ਲਗਭਗ ਪੰਜ ਸਾਲ ਤੋਂ ਹਰ ਸਵੇਰ ਲੈਫ਼ਟੀਨੈਂਟ ਸੁਖਬੀਰ ਸਿੰਘ ਤੂਰ ਅਮਰੀਕੀ ਜਲ ਸੈਨਾ ਕੋਰ ਦੀ ਵਰਦੀ ਪਹਿਨਦੇ ਆਏ ਹਨ ਤੇ ਵੀਰਵਾਰ ਸਿਰ 'ਤੇ ਦਸਤਾਰ ਸਜਾਉਣ ਦੀ ਉਨਾਂ ਦੀ ਇੱਛਾ ਵੀ ਪੂਰੀ ਹੋ ਗਈ ਹੈ।' ਤੂਰ ਨੇ ਇਕ ਇੰਟਰਵਿਊ ਵਿਚ ਕਿਹਾ 'ਆਖਿਰ ਮੈਨੂੰ ਮੇਰੇ ਵਿਸ਼ਵਾਸ ਤੇ ਦੇਸ਼ ਵਿਚੋਂ ਕਿਸੇ ਇਕ ਨੂੰ ਚੁਣਨ ਦੀ ਨੌਬਤ ਨਹੀਂ ਆਈ। ਮੈਂ ਜਿਹੋ ਜਿਹਾ ਹਾਂ, ਉਸੇ ਤਰਾਂ ਹੀ ਰਹਿੰਦਿਆਂ ਦੋਵਾਂ ਦਾ ਸਤਿਕਾਰ ਕਰਦਾ ਹਾਂ।' ਤੂਰ ਨੇ ਇਸ ਹੱਕ



ਨੂੰ ਹਾਸਲ ਕਰਨ ਲਈ ਲੰਮਾ ਸੰਘਰਸ਼ ਕੀਤਾ ਹੈ। ਇਸ ਸਾਲ ਜਦ ਉਨਾਂ ਨੂੰ ਤਰੱਕੀ ਮਿਲੀ ਤੇ ਉਹ ਕੈਪਟਨ ਬਣੇ ਤਾਂ ਉਨਾਂ ਦੀ ਅਪੀਲ ਦਾ ਫ਼ੈਸਲਾ ਕੀਤਾ ਗਿਆ।

ਅੰਮ੍ਰਿਤਸਰ ਟਾਈਮਜ ਅਨੁਸਾਰ ਇਹ ਐਨੇ ਲੰਮੇ ਸਮੇਂ ਤੱਕ ਚੱਲਿਆ ਇਸ ਤਰਾਂ ਦਾ ਪਹਿਲਾ ਮਾਮਲਾ ਸੀ। ਵਾਸ਼ਿੰਗਟਨ ਤੇ ਓਹਾਇਓ ਵਿਚ ਜੰਮੇ-ਪਲੇ ਭਾਰਤੀ ਪਰਵਾਸੀ ਦੇ ਪੁੱਤਰ ਤੂਰ ਨੂੰ ਕੁਝ ਸੀਮਾਵਾਂ ਨਾਲ ਡਿਊਟੀ ਉਤੇ ਪੱਗ ਬੰਨਣ ਦੀ ਇਜਾਜ਼ਤ ਮਿਲੀ ਹੈ। ਉਹ ਆਮ ਡਿਊਟੀ ਦੌਰਾਨ ਪੱਗ ਬੰਨ ਸਕਦੇ ਹਨ ਪਰ ਜੰਗ ਦੇ ਮੈਦਾਨ ਵਿਚ ਤਾਇਨਾਤੀ ਦੌਰਾਨ ਉਹ ਅਜਿਹਾ ਨਹੀਂ ਕਰ ਸਕਣਗੇ। ਤੂਰ ਨੇ ਹਾਲਾਂਕਿ 'ਮੈਰੀਨ ਕੋਰ ਕਮਾਂਡੈਂਟ' ਦੇ ਇਸ ਫ਼ੈਸਲੇ ਦੇ ਖ਼ਿਲਾਫ਼ ਅਪੀਲ ਪਾਈ ਹੈ। ਉਨਾਂ ਦਾ ਕਹਿਣਾ ਹੈ ਕਿ ਜੇਕਰ ਉਨਾਂ ਨੂੰ ਹਰ ਜਗਾ ਦਸਤਾਰ ਸਜਾਉਣ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਉਹ ਕੋਰ ਦੇ ਵਿਰੁੱਧ ਮੁਕੱਦਮਾ ਕਰਨਗੇ।

# ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਡੇਵਿਡ ਨੀਲ ਇੰਮੀਗ੍ਰੇਸ਼ਨ ਅਦਾਲਤਾਂ ਦੇ ਡਾਇਰੈਕਟਰ ਨਿਯੁਕਤ

## ਟਰੰਪ ਪ੍ਰਸ਼ਾਸਨ ਵੇਲੇ ਦਿੱਤਾ ਸੀ ਅਸਤੀਫਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਦੇ ਨਿਆਂ ਵਿਭਾਗ ਨੇ ਡੇਵਿਡ ਨੀਲ ਨੂੰ ਦੇਸ਼ ਦੀਆਂ ਇੰਮੀਗ੍ਰੇਸ਼ਨ ਅਦਾਲਤਾਂ ਦਾ ਡਾਇਰੈਕਟਰ ਨਿਯੁਕਤ ਹੈ। ਇਨਾਂ ਅਦਾਲਤਾਂ ਦੀ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਪ੍ਰਵਾਸੀਆਂ ਲਈ ਬਹੁਤ ਵੱਡੀ ਅਹਿਮੀਅਤ ਹੈ। ਕਿਸੇ ਪ੍ਰਵਾਸੀ ਨੂੰ ਦੇਸ਼ ਨਿਕਾਲਾ ਦੇਣਾ ਜਾਂ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦੇਣਾ ਇਨਾਂ ਇੰਮੀਗ੍ਰੇਸ਼ਨ ਅਦਾਲਤਾਂ ਦਾ ਹੀ ਕੰਮ ਹੈ। ਰਾਜਸੀ ਜਾਂ ਹੋਰ ਕਿਸੇ ਤਰਾਂ ਦੀ ਸ਼ਰਨ ਦੇ ਮਾਮਲਿਆਂ ਵਿਚ ਅੰਤਿਮ ਫੈਸਲਾ ਲੈਣਾ ਇਨਾਂ ਅਦਾਲਤਾਂ ਦੇ ਖੇਤਰ ਵਿਚ ਹੀ ਆਉਂਦਾ ਹੈ। ਨੀਲ ਡੇਵਿਡ ਦੀ ਨਿਯੁਕਤੀ ਦਾ ਐਲਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕੀਤਾ। ਨੀਲ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਗਾਰਲੈਂਡ ਨੇ ਕਿਹਾ ਹੈ ਕਿ ਨਿਆਂ ਵਿਭਾਗ ਨਿਰਪੱਖ ਫੈਸਲੇ ਤੇ ਕੁਸ਼ਲ ਇੰਮੀਗ੍ਰੇਸ਼ਨ ਅਦਾਲਤਾਂ ਪ੍ਰਤੀ ਵਚਨਬੱਧ ਹੈ। ਨੀਲ ਇਕ ਇੰਮੀਗ੍ਰੇਸ਼ਨ ਪੈਨਲ ਵਿਚ ਦੋ ਦਹਾਕੇ ਕੰਮ



ਕਰ ਚੁੱਕੇ ਹਨ ਪਰੰਤੂ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਵਿਰੁੱਧ ਕਈ ਇੰਮੀਗ੍ਰੇਸ਼ਨ ਜੱਜਾਂ ਵੱਲੋਂ ਅਸਤੀਫਾ ਦੇਣ ਵੇਲੇ ਨੀਲ ਵੀ ਅਹੁਦਾ ਛੱਡ ਗਏ ਸਨ। ਨੀਲ ਉਸ ਸਮੇਂ ਅਹੁਦਾ ਸੰਭਾਲ ਰਹੇ ਹਨ ਜਦੋਂ ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਦਾਖਲ ਹੋ ਰਹੇ ਧੜਾਧੜ ਸ਼ਰਨਾਰਥੀਆਂ ਦੀ ਸਮੱਸਿਆ ਨਾਲ ਬਾਈਡਨ ਪ੍ਰਸ਼ਾਸਨ ਜੂਝ ਰਿਹਾ ਹੈ। ਇਸ ਵੇਲੇ ਅਮਰੀਕਾ ਵਿਚ 60 ਤੋਂ ਵਧ ਇੰਮੀਗ੍ਰੇਸ਼ਨ ਅਦਾਲਤਾਂ ਹਨ ਜਿਨਾਂ ਵਿਚ ਤਕਰੀਬਨ 500 ਜੱਜ ਨਿਯੁਕਤ ਹਨ।

# ਵਾਸ਼ਿੰਗਟਨ ਦੇ ਨਰਸਿੰਗ ਸੈਂਟਰ ਵਿਚ ਇਕ ਮਹੀਨੇ ਦੌਰਾਨ ਕੋਵਿਡ-19 ਕਾਰਨ 5 ਮੌਤਾਂ, 74 ਬਿਮਾਰ

## ਵਾਇਰਸ ਦੀ ਭਿਆਨਕਤਾ ਤੋਂ ਸੁਚੇਤ ਰਹਿਣ ਦੀ ਲੋੜ : ਸਿਹਤ ਮਾਹਿਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੋਲਵਿਲੇ, ਵਾਸ਼ਿੰਗਟਨ ਦੇ ਪਾਈਨਵੁੱਡ ਟੈਰੇਸ ਨਰਸਿੰਗ ਸੈਂਟਰ ਵਿਚ ਪਿਛਲੇ 30 ਦਿਨਾਂ ਦੌਰਾਨ ਕੋਵਿਡ-19 ਕਾਰਨ 5 ਮੌਤਾਂ ਹੋ ਚੁੱਕੀਆਂ ਹਨ ਤੇ 74 ਵਿਅਕਤੀ ਬਿਮਾਰ ਹੋਏ ਹਨ ਜਿਨਾਂ ਦਾ ਇਲਾਜ ਚੱਲ ਰਿਹਾ ਹੈ। ਇਨਾਂ ਵਿਚ 22 ਸਟਾਫ ਮੈਂਬਰ ਹਨ ਤੇ 52 ਨਰਸਿੰਗ ਸੈਂਟਰ ਵਿਚ ਰਹਿੰਦੇ ਹੋਰ ਲੋਕ ਸ਼ਾਮਿਲ ਹਨ। ਬਿਮਾਰ 74 ਵਿਅਕਤੀਆਂ ਵਿਚੋਂ 33 ਦਾ ਮੁਕੰਮਲ ਰੂਪ ਵਿਚ ਕੋਵਿਡ ਟੀਕਾਕਰਨ ਹੋ ਚੁੱਕਾ ਹੈ ਤੇ ਜੋ 5 ਮੌਤਾਂ ਹੋਈਆਂ ਹਨ, ਉਨਾਂ ਵਿਚੋਂ ਇਕ ਵਿਅਕਤੀ ਦਾ ਵੀ ਮੁਕੰਮਲ ਟੀਕਾਕਰਨ ਹੋ ਚੁੱਕਾ ਸੀ। ਇਹ ਜਾਣਕਾਰੀ ਨਾਰਥ ਈਸਟ ਟਰਾਈ-ਕਾਊਂਟੀ ਹੈਲਥ ਡਿਸਟ੍ਰਿਕਟ ਦੇ ਅਧਿਕਾਰੀਆਂ ਨੇ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਸ ਨਰਿੰਸਗ ਸੈਂਟਰ ਵਿਚ ਪਹਿਲੇ ਕੋਵਿਡ ਮਾਮਲੇ ਦੀ ਪੁਸ਼ਟੀ ਪਿਛਲੇ ਮਹੀਨੇ 25 ਅਗਸਤ ਨੂੰ ਹੋਈ ਸੀ। ਇਕ ਮਹੀਨੇ ਦੌਰਾਨ ਹੀ ਨਰਸਿੰਗ ਸੈਂਟਰ ਬਹੁਤ ਬੁਰੀ ਤਰਾਂ ਕੋਵਿਡ-19 ਦੀ ਗ੍ਰਿਫਤ ਵਿਚ ਆ ਗਿਆ। ਕਾਊਂਟੀ ਦੇ ਬੁਲਾਰੇ ਨੇ ਕਿਹਾ ਹੈ ਕਿ ਇਸ ਤੋਂ ਭਲੀਭਾਂਤ ਜਾਣਕਾਰੀ ਹੋ ਜਾਣੀ ਚਾਹੀਦੀ ਹੈ ਕਿ ਕੋਵਿਡ-19 ਦਾ ਡੈਲਟਾ ਵਾਇਰਸ ਕਿੰਨਾ ਖਤਰਨਾਕ ਹੈ। ਸਿਹਤ ਅਧਿਕਾਰੀਆਂ ਅਨੁਸਾਰ ਟਰਾਈ ਕਾਊਂਟੀ ਹੈਲਥ ਜਿਸ ਤਹਿਤ ਫੈਰੀ, ਪੈਂਡ ਓਰੀਲ ਤੇ ਸਟੈਵਨਜ ਕਾਊਂਟੀ ਆਉਂਦੀ ਹੈ, ਵਿਚ ਇਸ ਸਮੇਂ ਕੋਵਿਡ-19 ਦੇ ਕੁਲ 5,965 ਪੌਜ਼ਟਿਵ ਮਾਮਲੇ ਹਨ। ਪਾਈਨਵੁੱਡ ਟੈਰੇਸ ਸਟੈਵਨਜ ਕਾਊਂਟੀ ਵਿਚ ਹੈ ਜਿਥੇ ਸਭ ਤੋਂ ਵਧ ਪੌਜ਼ਟਿਵ ਮਾਮਲੇ ਹਨ। ਪਹਿਲੀ ਸਤੰਬਰ ਤੋਂ ਬਾਅਦ ਇਥੇ ਕੋਵਿਡ ਕਾਰਨ 35 ਲੋਕ ਮੌਤ ਦੇ ਮੂੰਹ ਵਿਚ ਜਾ ਪਏ ਹਨ। ਸਿਹਤ ਅਧਿਕਾਰੀਆਂ ਨੇ ਜਾਰੀ ਬਿਆਨ ਵਿਚ ਲੋਕਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਕੋਵਿਡ ਅੱਗੇ ਉਮਰ, ਲਿੰਗ ਜਾਂ ਚੰਗੀ ਸਿਹਤ ਦਾ ਕੋਈ ਅਰਥ ਨਹੀਂ ਹੈ। ਇਹ ਕਿਸੇ ਨੂੰ ਵੀ ਆਪਣੀ ਲਪੇਟ ਵਿਚ ਲੈ ਸਕਦਾ ਹੈ। ਇਸ ਲਈ ਸਾਨੂੰ ਖੁਦ ਹੀ ਆਪਣਾ ਬਚਾਅ ਕਰਨਾ ਪਵੇਗਾ।

# ਭਾਰਤ ਸਿਰ ਕਰਜ਼ੇ ਦਾ ਬੋਝ ਵਧਿਆ

## ਵਿਦੇਸ਼ੀ ਕਰਜ਼ਾ ਵਧ ਕੇ 570 ਅਰਬ ਡਾਲਰ ਹੋਇਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੋਰੋਨਾ ਮਹਾਂਮਾਰੀ ਦੌਰਾਨ ਵੱਖ-ਵੱਖ ਲੋਕ ਕਲਿਆਣਕਾਰੀ ਕੰਮਾਂ 'ਤੇ ਸਰਕਾਰ ਦੇ ਭਾਰੀ ਖਰਚੇ ਦਰਮਿਆਨ ਭਾਰਤ ਦਾ ਵਿਦੇਸ਼ੀ ਕਰਜ਼ਾ ਮਾਰਚ 2021 'ਚ ਸਮਾਪਤ ਹੋਏ ਵਿੱਤੀ ਸਾਲ 'ਚ 2.1 ਫੀਸਦੀ ਵਧ ਕੇ 570 ਅਰਬ ਡਾਲਰ 'ਤੇ ਪਹੁੰਚ ਗਿਆ। ਵਿੱਤ ਮੰਤਰਾਲਾ ਦੇ ਆਰਥਿਕ ਮਾਮਲਿਆਂ ਦੇ ਵਿਭਾਗ ਵਲੋਂ ਵਿਦੇਸ਼ੀ ਕਰਜ਼ੇ 'ਤੇ ਬੀਤੇ ਦਿਨੀਂ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਾਰਚ 2020 'ਚ ਇਹ ਕਰਜ਼ਾ 558.4 ਅਰਬ ਡਾਲਰ ਰਿਹਾ ਸੀ। ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ.) ਦੇ ਅਨੁਪਾਤ 'ਚ ਇਹ ਵਿਦੇਸ਼ੀ ਕਰਜ਼ਾ ਮਾਰਚ 2020 'ਚ 20.6 ਫੀਸਦੀ ਸੀ ਜੋ ਇਸ ਸਾਲ ਮਾਰਚ 'ਚ ਵਧ ਕੇ 21.1 ਫੀਸਦੀ ਹੋ ਗਿਆ।

ਦੇਸ਼ 'ਤੇ ਕੁੱਲ ਵਿਦੇਸ਼ੀ ਉਧਾਰ 'ਚ ਕਾਰੋਬਾਰੀ ਉਧਾਰ, ਪ੍ਰਵਾਸੀ ਜਮਾਂ, ਛੋਟੀ ਮਿਆਦ ਦੇ ਕਾਰੋਬਾਰੀ ਕਰਜ਼ੇ ਅਤੇ ਬਹੁਪੱਧਰੀ ਕਰਜ਼ੇ ਦੀ ਹਿੱਸੇਦਾਰੀ 92 ਫੀਸਦੀ ਹੈ। ਮਾਰਚ 2020 ਦੀ ਤੁਲਨਾ 'ਚ ਮਾਰਚ 2021 'ਚ ਕਾਰੋਬਾਰ ਉਧਾਰ ਅਤੇ ਛੋਟੀ ਮਿਆਦ ਦੇ ਕਰਜ਼ੇ 'ਚ ਕਮੀ ਆਈ ਹੈ ਜਦ ਕਿ ਇਸ ਮਿਆਦ 'ਚ ਪ੍ਰਵਾਸੀ ਜਮਾਂ ਅਤੇ ਬਹੁ-ਪੱਧਰੀ ਕਰਜ਼ੇ 'ਚ ਵਾਧਾ ਦਰਜ ਕੀਤਾ ਗਿਆ ਹੈ।

# ਅਡਾਨੀ ਏਸ਼ੀਆ ਦੇ ਦੂਜੇ ਸਭ ਤੋਂ ਅਮੀਰ

## ਹਰ ਦਿਨ ਕਮਾ ਰਹੇ ਹਨ 1000 ਕਰੋੜ



**ਨਵੀਂ ਦਿੱਲੀ/ਏ.ਟੀ ਨਿਊਜ਼ :** ਟਾਈਮਜ਼ ਆਫ ਇੰਡੀਆ ਦੀ ਖ਼ਬਰ ਮੁਤਾਬਕ, ਰਵਾਇਤੀ ਅਰਬਪਤੀਆਂ ਵਿੱਚੋਂ ਗੌਤਮ ਅਡਾਨੀ ਅਤੇ ਪਰਿਵਾਰ 5.1 ਲੱਖ ਕਰੋੜ ਦੇ ਵਾਧੇ ਨਾਲ (261 ਫੀਸਦ ਵਾਧਾ) ਏਸ਼ੀਆ ਦੇ ਦੂਜੇ ਨੰਬਰ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹਨ।

ਹੁਰੁਨ ਇੰਡੀਆ ਰਿਚ ਲਿਸਟ ਮੁਤਾਬਕ ਉਨਾਂ ਦੇ ਪਰਿਵਾਰ ਨੇ ਪਿਛਲੇ ਸਾਲ ਦੀ ਤੁਲਨਾ ਵਿੱਚ ਇੱਕ ਦਿਨ ਵਿੱਚ ਇੱਕ ਹਜ਼ਾਰ ਕਰੋੜ ਰੁਪਏ ਜੋੜੇ ਹਨ। ਮੁਕੇਸ਼ ਅੰਬਾਨੀ 7.2 ਲੱਖ ਕਰੋੜ ਦੇ ਵਾਧੇ ਨਾਲ ਲਗਾਤਾਰ ਦਸਵੇਂ ਸਾਲ ਵੀ ਸਭ ਤੋਂ ਅਮੀਰ ਆਦਮੀ ਵਜੋਂ ਕਾਇਮ ਹਨ। ਕਮੋਡਿਟੀ ਵਿੱਚ ਵਾਧੇ ਨਾਲ ਲਛਮੀ ਮਿੱਤਲ ਅਤੇ ਕੁਮਾਰ ਮੰਗਲਮਲ ਬਿਰਲਾ ਵੀ ਭਾਰਤ ਦੇ ਮੋਹਰੀ 10 ਵਿੱਚ ਸ਼ਾਮਿਲ ਹੋਣ ਵਿੱਚ ਸਮਰੱਥ ਰਹੇ ਹਨ।

ਸੀਰਮ ਇੰਸਚੀਟਿਊਟ ਆਫ ਇੰਡੀਆ ਦੇ ਵੈਕਸੀਨ ਕਿੰਗ ਸਾਇਰਸ ਐੱਸ ਪੂਨਾਵਾਲਾ ਦੀ ਜਾਇਦਾਦ ਵਿੱਚ 74 ਫੀਸਦ ਦਾ ਵਾਧਾ ਹੋਇਆ ਤੇ ਉਹ ਹੁਣ 1,63,700 ਕਰੋੜ ਹੋ ਗਈ ਹੈ, ਜਿਸ ਨਾਲ ਉਹ ਛੇਵੇਂ ਥਾਂ 'ਤੇ ਆ ਗਏ ਹਨ।

# 5 ਹੱਤਿਆਵਾਂ ਕਰਨ ਵਾਲੇ ਦੋਸ਼ੀ ਨੂੰ ਪੂਰੀ ਜਿੰਦਗੀ ਜੇਲ ਵਿੱਚ ਬਿਤਾਉਣੀ ਪਵੇਗੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** 2018 ਵਿਚ ਮੈਰੀਲੈਂਡ ਦੀ ਕੈਪੀਟਲ ਗਜ਼ਟ ਅਖਬਾਰ ਦੇ 5 ਮੁਲਾਜ਼ਮਾਂ ਦੀ ਹੱਤਿਆ ਕਰਨ ਵਾਲੇ ਦੋਸ਼ੀ ਨੂੰ ਆਪਣੀ ਰਹਿੰਦੀ ਪੂਰੀ ਜਿੰਦਗੀ ਜੇਲ ਵਿਚ ਬਿਤਾਉਣੀ ਪਵੇਗੀ। ਅਨੇ ਅਰੁਨਡੇਲ ਕਾਊਂਟੀ ਰਾਜ ਦੇ ਅਟਾਰਨੀ ਦੇ ਬੁਲਾਰੇ ਟੀਆ ਲੈਵਿਸ ਅਨੁਸਾਰ ਦੋਸ਼ੀ ਜਾਰੋਡ ਰਮੋਸ ਨੂੰ ਬਿਨਾਂ ਜ਼ਮਾਨਤ ਦੇ ਸਾਰੀ ਉਮਰ ਜੇਲ ਵਿਚ ਰਹਿਣਾ ਪਵੇਗਾ। ਉਸ ਨੂੰ 5 ਉਮਰ ਕੈਦ ਸਜਾਵਾਂ ਸੁਣਾਈਆਂ ਗਈਆਂ ਹਨ। ਮੁਕੱਦਮੇ ਨਾਲ ਜੁੜੇ ਵਕੀਲਾਂ ਨੇ ਕਿਹਾ ਹੈ ਕਿ ਜਾਰੋਡ ਰਮੋਸ ਇਸੇ ਹੀ ਸਜ਼ਾ ਦਾ ਹੱਕਦਾਰ ਸੀ। ਅਦਾਲਤ ਨੇ ਦੋਸ਼ੀ ਦੇ ਪਾਗਲ ਹੋਣ ਦੀ ਦਲੀਲ ਰੱਦ ਕਰ ਦਿੱਤੀ। ਜਾਰੋਡ ਰਮੋਸ ਨੇ 28 ਜੂਨ, 2018 ਨੂੰ ਐਨਾਪੋਲਿਸ ਵਿਚ ਕੈਪੀਟਲ ਗਜ਼ਟ ਅਖਬਾਰ ਦੇ ਦਫਤਰ ਵਿਚ ਦਾਖਲ ਹੋ ਕੇ ਅੰਧਾਧੁੰਦ ਗੋਲੀਬਾਰੀ ਕੀਤੀ ਸੀ ਜਿਸ ਵਿਚ 5 ਮੁਲਾਜ਼ਮਾਂ ਮਾਰੇ ਗਏ ਸਨ ਤੇ ਦੋ ਹੋਰ ਜ਼ਖਮੀ ਹੋ ਗਏ ਸਨ।

# ਬਲੋਚ ਦਹਿਸ਼ਤਗਰਦਾਂ ਨੇ ਬੰਬ ਨਾਲ ਉਡਾਇਆ ਜਿਨਾਹ ਦਾ ਬੁਤ



**ਕਰਾਚੀ/ਏ.ਟੀ.ਨਿਊਜ਼ :** ਬਲੋਚ ਦਹਿਸ਼ਤਗਰਦਾਂ ਵੱਲੋਂ ਬਲੋਚਿਸਤਾਨ ਸੂਬੇ ਦੇ ਤੱਟਵਰਤੀ ਸ਼ਹਿਰ ਗਵਾਦਰ 'ਚ ਕੀਤੇ ਬੰਬ ਧਮਾਕੇ ਨਾਲ ਦੇਸ਼ ਦੇ ਬਾਨੀ ਮੁਹੰਮਦ ਅਲੀ ਜਿਨਾਹ ਦਾ ਬੁੱਤ ਨੁਕਸਾਨਿਆ ਗਿਆ ਹੈ। 'ਡਾਅਨ' ਦੀ ਰਿਪੋਰਟ ਮੁਤਾਬਕ ਇਹ ਬੁੱਤ ਜੂਨ ਮਹੀਨੇ ਸੁਰੱਖਿਅਤ ਜ਼ੋਨ ਮੰਨੀ ਜਾਂਦੀ ਮਰੀਨ ਡਰਾਈਵ 'ਤੇ ਸਥਾਪਤ ਕੀਤਾ ਗਿਆ ਸੀ। ਪਾਬੰਦੀਸ਼ੁਦਾ ਜਥੇਬੰਦੀ ਬਲੋਚ ਰਿਪਬਲਿਕਨ ਆਰਮੀ ਦੇ ਬੁਲਾਰੇ ਬਾਬਗਰ ਬਲੋਚ ਨੇ ਟਵੀਟ ਕਰਕੇ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਚੀਨ ਫਿਰ ਬਣਿਆ ਭਾਰਤ ਲਈ ਖ਼ਤਰਾ

## ✪ ਚੀਨ ਨੇ ਐਲਏਸੀ 'ਤੇ ਮੁੜ ਤਾਇਨਾਤ ਕੀਤੇ 50 ਹਜ਼ਾਰ ਤੋਂ ਵੱਧ ਜਵਾਨ ✪ ਡਰੋਨ ਨਾਲ ਲੈ ਰਿਹਾ ਟੋਹ ✪ ਭਾਰਤੀ ਫ਼ੌਜ ਰੱਖ ਰਹੀ ਹੈ ਬਾਜ਼ ਨਜ਼ਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਅਸਲ ਕੰਟਰੋਲ ਲਾਈਨ 'ਤੇ ਚੀਨ ਨੇ ਮੁੜ ਹਰਕਤਾਂ ਸ਼ੁਰੂ ਕਰ ਦਿੱਤੀਆਂ ਹਨ। ਚੀਨੀ ਫ਼ੌਜ ਪੂਰਬੀ ਲੱਦਾਖ 'ਚ ਐੱਲਏਸੀ 'ਤੇ ਆਪਣੇ 50 ਹਜ਼ਾਰ ਤੋਂ ਜ਼ਿਆਦਾ ਜਵਾਨਾਂ ਨੂੰ ਤਾਇਨਾਤ ਕਰਨ ਤੋਂ ਬਾਅਦ ਵੱਡੇ ਪੱਧਰ 'ਤੇ ਡਰੋਨ ਦੀ ਵਰਤੋਂ ਕਰ ਰਹੀ ਹੈ ਜੋ ਉੱਥੇ ਭਾਰਤੀ ਚੌਕੀਆਂ ਦੇ ਨੇੜੇ ਉਡਾਣ ਭਰ ਰਹੇ ਹਨ ਅਤੇ ਭਾਰਤ ਲਈ ਖਤਰਾ ਬਣ ਚੁਕੇ ਹਨ।

ਅਧਿਕਾਰਕ ਸੂਤਰਾਂ ਨੇ ਦੱਸਿਆ ਕਿ ਚੀਨੀ ਫ਼ੌਜ ਦੀਆਂ ਡਰੋਨ ਗਤੀਵਿਧੀਆਂ ਜ਼ਿਆਦਾਤਰ ਦੌਲਤ ਬੇਗ ਓਲਡੀ ਸੈਕਟਰ, ਗੋਗਰਾ ਹਾਈਟਸ ਅਤੇ ਖੇਤਰ ਦੀਆਂ ਹੋਰ ਥਾਵਾਂ 'ਚ ਵਿਖਾਈ ਦੇ ਰਹੀਆਂ ਹਨ। ਚੀਨ ਦੀਆਂ ਇਨਾਂ ਹਰਕਤਾਂ 'ਤੇ ਭਾਰਤੀ ਫ਼ੌਜੀ ਦੀ ਬਾਜ਼ ਨਜ਼ਰ ਹੈ।

ਭਾਰਤੀ ਫ਼ੌਜ ਵੀ ਵੱਖ-ਵੱਖ ਸਾਧਨਾਂ ਦੀ ਵਰਤੋਂ ਕਰ ਕੇ ਚੀਨ ਦੀਆਂ ਇਨਾਂ ਹਰਕਤਾਂ 'ਤੇ ਨਿਗਰਾਨੀ ਰੱਖ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਭਾਰਤੀ ਫ਼ੌਜ ਬੇਹੱਦ ਚੌਕਸ ਹੈ। ਉਹ ਵੀ ਵੱਡੇ ਪੱਧਰ 'ਤੇ ਡਰੋਨ ਤਾਇਨਾਤ ਕਰ ਰਹੀ ਹੈ। ਜਲਦ ਹੀ ਉਹ ਨਵੇਂ ਇਜ਼ਰਾਇਲੀ ਅਤੇ ਭਾਰਤੀ ਡਰੋਨਾਂ ਨੂੰ ਸ਼ਾਮਲ ਕਰੇਗੀ। ਇਨਾਂ ਡਰੋਨਾਂ ਨੂੰ ਸਰਹੱਦ 'ਤੇ ਚੀਨ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਐਮਰਜੈਂਸੀ ਤਾਕਤਾਂ ਦੀ ਵਰਤੋਂ ਕਰ ਕੇ ਰੱਖਿਆ ਬਲਾਂ ਵੱਲੋਂ ਐਕਵਾਇਰ ਕੀਤਾ ਗਿਆ ਹੈ। ਐੱਲਏਸੀ 'ਤੇ ਮੌਜੂਦਾ ਹਾਲਾਤ ਦਾ ਜ਼ਿਕਰ ਕਰਦੇ ਹੋਏ ਸੂਤਰਾਂ ਨੇ ਦੱਸਿਆ ਕਿ ਹੁਣ ਫ੍ਰਿਕਸ਼ਨ ਪੁਆਇੰਟ ਦੇ ਮਸਲੇ ਨੂੰ ਹੱਲ ਕਰਨ ਦੀ ਲੋੜ ਹੈ।

ਸੂਤਰਾਂ ਨੇ ਦੱਸਿਆ ਕਿ ਚੀਨ ਅਜੇ ਵੀ ਚੁੱਪ ਨਹੀਂ ਬੈਠਾ ਹੈ ਉਹ ਆਪਣੇ ਫ਼ੌਜੀਆਂ ਲਈ ਆਪਣੇ ਅਸਥਾਈ ਢਾਂਚਿਆਂ ਨੂੰ ਸਥਾਈ ਟਿਕਾਣਿਆਂ ਦੇ ਰੂਪ ਬਦਲ ਰਿਹਾ ਹੈ। ਪੂਰਬੀ ਲੱਦਾਖ 'ਚ ਅਸਲ ਕੰਟਰੋਲ ਲਾਈਨ ਨੇੜਲੇ ਇਲਾਕਿਆਂ 'ਚ ਤਿੱਬਤੀ ਪਿੰਡਾਂ ਕੋਲ ਚੀਨ ਨੇ ਕੰਕਰੀਟ ਦੇ ਫ਼ੌਜੀ ਕੈਂਪ ਬਣਾਏ ਹਨ। ਸੂਤਰਾਂ ਦਾ ਸਾਫ਼ ਕਹਿਣਾ ਹੈ ਕਿ ਚੀਨ ਦੀਆਂ ਇਹ ਕਾਰਗੁਜ਼ਾਰੀਆਂ ਉਸ ਦੇ ਇਰਾਦੇ ਨੂੰ ਪ੍ਰਤੱਖ ਤੌਰ 'ਤੇ ਵਿਖਾ ਰਹੀਆਂ ਹਨ।

ਸੂਤਰਾਂ ਨੇ ਇਕ ਹੋਰ ਗੰਭੀਰ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਗਲਵਾਨ ਘਾਟੀ 'ਚ ਹੋਈ ਹਿੰਸਕ ਝੜਪ ਤੋਂ ਬਾਅਦ ਵੀ ਪਿਛਲੇ ਸਾਲ ਹੀ ਚੀਨ ਨੇ ਆਪਣੇ ਇਲਾਕੇ



'ਚ ਕੰਮ ਸ਼ੁਰੂ ਕਰ ਦਿੱਤਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਸਰਦੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚੀਨ ਵੱਲੋਂ ਅਜੇ ਵੀ ਕਈ ਥਾਵਾਂ 'ਤੇ ਨਿਰਮਾਣ ਦੇ ਕੰਮ ਚੱਲ ਰਹੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਚੀਨ ਨੇ ਅਪ੍ਰੈਲ 2020 ਤੋਂ ਤਾਇਨਾਤ ਆਪਣੇ ਕਿਸੇ ਵੀ ਫ਼ੌਜੀ ਟੁਕੜੀ ਨੂੰ ਵਾਪਸ ਨਹੀਂ ਬੁਲਾਇਆ। ਮੌਜੂਦਾ ਸਮੇਂ 'ਚ ਚੀਨੀ ਫ਼ੌਜ ਭਾਰਤੀ ਹੱਦ ਕੋਲ ਆਪਣੇ ਫ਼ੌਜੀਆਂ ਦੀ ਲੰਮੀ ਮਿਆਦ ਦੀ ਤਾਇਨਾਤੀ ਦੇ ਏਜੰਡੇ 'ਤੇ ਕੰਮ ਕਰ ਰਹੀ ਹੈ।

ਚੀਨ ਦੀ ਮਨਸ਼ਾ ਕਿੰਨੀ ਖ਼ਤਰਨਾਕ ਹੈ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਚੀਨੀ ਫ਼ੌਜ ਭਾਰਤੀ ਹੱਦ ਕੋਲ ਤਿੱਬਤ ਦੇ ਪਿੰਡਾਂ 'ਚ ਫ਼ੌਜੀ ਟਿਕਾਣਿਆਂ ਦਾ ਨਿਰਮਾਣ ਕਰ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੀਨ ਇਹ ਨਿਰਮਾਣ ਇਸ ਲਈ ਕਰ ਰਿਹਾ ਹੈ ਤਾਂਕਿ ਉਸ ਦੀ ਫ਼ੌਜ ਨੂੰ ਇਕ ਰੱਖਿਆ ਕਤਾਰ ਦੇ ਰੂਪ 'ਚ ਇਸਤੇਮਾਲ ਕੀਤਾ ਜਾ ਸਕੇ। ਇਹੀ ਨਹੀਂ, ਚੀਨ ਦੀ ਮਨਸ਼ਾ ਇਨਾਂ ਸਹੂਲਤਾਂ 'ਚ ਤਾਇਨਾਤੀ ਲਈ ਆਪਣੀ ਫ਼ੌਜ 'ਚ ਭਰਤੀ ਕਰਨ ਦੀ ਵੀ ਹੈ। ਚੀਨ ਆਪਣੇ ਏਜੰਡੇ 'ਚ ਤੇਜ਼ੀ ਲਿਆਉਣ ਲਈ ਇਨਾਂ ਪਹਾੜੀ ਖੇਤਰਾਂ ਦੇ ਨੌਜਵਾਨਾਂ ਨੂੰ ਆਕਰਸ਼ਿਤ ਕਰ ਰਿਹਾ ਹੈ।

# ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੱਦੋ-ਜਹਿਦ

## ਸਿੱਖ ਧਰਮ ਨੂੰ ਰਜਿਸਟਰਡ ਕਰਾਉਣ ਸਬੰਧੀ ਇਟਲੀ ਵਿਚ ਹੋਏ ਵਿਚਾਰ ਵਟਾਂਦਰੇ

**ਮਿਲਾਨ/ਏ.ਟੀ.ਨਿਊਜ਼ :** ਇਟਲੀ 'ਚ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਲਈ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੂਰੀ ਜੱਦੋ ਜਹਿਦ ਕੀਤੀ ਜਾ ਰਹੀ ਹੈ ਅਤੇ ਉਸ ਸਬੰਧੀ ਪੂਰੀਆਂ ਕਿਰਿਆਵਾਂ ਕਰਵਾਉਣ ਲਈ ਜਿਥੇ ਇਟਲੀ ਵਸਦੀਆਂ ਸਿੱਖ ਸੰਗਤਾਂ ਨਾਲ ਵਿਚਾਰ ਵਟਾਂਦਰੇ ਜਾਰੀ ਹਨ। ਉਸ ਦੇ ਨਾਲ ਨਾਲ ਇਟਾਲੀਅਨ ਮਨਿਸਟਰੀ ਨਾਲ ਵੀ ਪੂਰਾ ਰਾਬਤਾ ਬਣਾਇਆ ਜਾ ਰਿਹਾ ਹੈ ਤਾਂ ਕਿ ਇਟਾਲੀਅਨ ਮਨਿਸਟਰੀ ਨੂੰ ਭਾਰਤੀ ਸਭਿਆਚਾਰ ਅਤੇ ਸਿੱਖ ਧਰਮ ਬਾਰੇ ਪੂਰਾ ਵਿਸਥਾਰ ਸਹਿਤ ਦੱਸਿਆ ਜਾ ਸਕੇ। ਇਸ ਸਬੰਧੀ ਵਿਸ਼ੇਸ਼ ਮੀਟਿੰਗ ਵਰੇਜੇ ਵਿਖੇ ਹੋਈ ਜਿਥੇ ਇਟਲੀ ਦੀ ਲੇਗਾ ਨਾਰਦ ਪਾਰਟੀ ਦੇ 2 ਐਮ ਪੀ ਅਤੇ ਯੂਰਪੀਅਨ ਮੈਂਬਰ ਪਾਰਲੀਮੈਂਟ ਮੌਜੂਦ ਸਨ।



ਮੇਤਿਓ ਲੂਈਜੀ ਬਿਆਨਕੀ, ਕਰਲੋਤਾ ਬੋਜੋਲੋ ਸੋਸ਼ਲ ਮੀਡੀਆ ਮੈਨੇਜਰ, ਲੋਰੇਂਜੋ ਬੈਰਨਸਕੋਨੀ ਸਕੀਮ ਸਲਾਹਕਾਰ, ਗੈਬਰੀਏਲੇ ਤਾਮਾਗਨੀਨੀ, ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਵਿੰਦਰਜੀਤ ਸਿੰਘ ਬੱਸੀ ਪ੍ਰਧਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸੁਰਿੰਦਰਜੀਤ ਸਿੰਘ ਪੰਡੋਰੀ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਫਲੈਰੋ ਗੁਰੂਘਰ ਅਤੇ ਉਪ ਪ੍ਰਧਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮਸਤਾਨ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸੋਮਾਲੰਬਾਰਦੋ, ਹਰਕੀਤ ਸਿੰਘ ਮਾਧੋਝੰਡਾ, ਬਲਕਾਰ ਸਿੰਘ ਵਾਇਸ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਫਲੈਰੋ, ਲਵਪ੍ਰੀਤ ਲੋਧੀ, ਦਲਜੀਤ ਸਿੰਘ ਅਤੇ ਕੁਝ ਹੋਰ ਸਿੰਘ ਵੀ ਸ਼ਾਮਿਲ ਸਨ। ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਇਟਲੀ ਵਿਚ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਸਬੰਧੀ ਵਿਚਾਰ ਹੋਈ ਅਤੇ ਇਸ ਦੇ ਨਾਲ ਹੀ ਹੋਰ ਕਈ ਸਿੱਖ ਮਸਲਿਆਂ ਤੇ ਉਨਾਂ ਨਾਲ ਵਿਚਾਰ ਵਟਾਂਦਰੇ ਕੀਤੇ ਗਏ। ਆਗੂਆਂ ਨੇ ਉਨਾਂ ਨੂੰ ਭਰੋਸਾ ਦਿਵਾਇਆ ਕਿ ਜਿੰਨੀਆਂ ਵੀ ਗੱਲਾਂ 'ਤੇ ਵਿਚਾਰਾਂ ਹੋਈਆਂ ਹਨ ਤੇ ਜਿੰਨੀਆਂ ਵੀ ਮੁਸ਼ਕਲਾਂ ਹਨ ਉਨਾਂ ਦਾ ਹੱਲ ਕੱਢਣ ਦੀ ਉਨਾਂ ਵੱਲੋਂ ਕੋਸ਼ਿਸ਼ ਜਲਦੀ ਤੋਂ ਜਲਦੀ ਕੀਤੀ ਜਾਵੇਗੀ। ਸ. ਬੱਸੀ ਨੇ ਦੱਸਿਆ ਕਿ ਉਨਾਂ ਨੂੰ ਆਸ ਹੈ ਕਿ ਉਹ ਇਟਲੀ ਵਿਚ ਸਿੱਖ ਧਰਮ ਰਜਿਸਟਰਡ ਕਰਵਾਉਣ ਦੀ ਪ੍ਰਕਿਰਿਆ ਨੂੰ ਜਲਦ ਨੇਪੜੇ ਚਾੜ ਲੈਣਗੇ, ਕਿਉਂਕਿ ਇਸ ਸਬੰਧੀ ਬਹੁਤ ਹੀ ਵਧੀਆ ਹੁੰਗਾਰਾ ਮਿਲ ਰਿਹਾ ਹੈ ਅਤੇ ਇਟਾਲੀਅਨ ਮਨਿਸਟਰੀ ਨਾਲ ਵੀ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਉਨਾਂ ਆਸ ਪ੍ਰਗਟ ਕੀਤੀ ਕਿ ਬਹੁਤ ਜਲਦੀ ਇੱਕ ਹੋਰ ਮੀਟਿੰਗ ਅਕਤੂਬਰ ਵਿਚ ਫਿਰ ਮਨਿਸਟਰੀ ਦੇ ਉਚ-ਅਧਿਕਾਰੀਆਂ ਨਾਲ ਨਾਰਦ ਇਟਲੀ ਦੇ ਬਰੇਸ਼ੀਆ ਵਿਖੇ ਕੀਤੀ ਜਾਵੇਗੀ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਲਾਹੌਰ ਦੇ ਸ਼ਾਹੀ ਕਿਲੇ ਨੂੰ ਦੇਖਿਆ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਪਾਕਿਸਤਾਨ ਸਥਿਤ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਲਈ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ 9 ਮੈਂਬਰੀ ਜਥੇ ਨਾਲ ਲਾਹੌਰ ਪੁੱਜੇ। ਇਸ ਮੌਕੇ ਜਥੇਦਾਰ, ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਪੁੱਜੇ, ਜਿੱਥੇ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਸਾਬਕਾ ਪ੍ਰਧਾਨ ਸਤਵੰਤ ਸਿੰਘ, ਗੁਰਦੁਆਰੇ ਦੇ ਕੇਅਰਟੇਕਰ ਜਨਾਬ ਅਜ਼ਹਰ ਅੱਬਾਸ ਨੇ ਸਵਾਗਤ ਕੀਤਾ।

ਇਸ ਦੌਰਾਨ ਜਥੇਦਾਰ ਹਰਪ੍ਰੀਤ ਸਿੰਘ ਨੇ ਆਪਣੇ ਸਾਥੀਆਂ ਅਤੇ ਪਰਿਵਾਰ ਸਮੇਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਸਥਿਤ ਵੱਡੀ ਨਿਸ਼ਾਨੀ ਸ਼ਾਹੀ ਕਿਲਾ ਨੂੰ ਦੇਖਿਆ ਤੇ ਸ਼ਾਹੀ ਕਿਲੇ ਵਿਚ ਪਈਆਂ ਮਹਾਰਾਜਾ ਰਣਜੀਤ ਸਿੰਘ ਦੀਆਂ ਪੁਰਾਤਨ ਇਤਿਹਾਸਕ ਨਿਸ਼ਾਨੀਆਂ ਨੂੰ ਬਾਰੀਕੀ ਨਾਲ ਦੇਖਿਆ। ਇਸ ਪਿੱਛੋਂ ਉਨਾਂ ਨੇ ਸਾਥੀਆਂ ਸਮੇਤ ਪਾਕਿਸਤਾਨ ਯਾਤਰਾ ਦੇ ਆਖ਼ਰੀ ਦਿਨ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਚੂਨਾ ਮੰਡੀ ਲਾਹੌਰ, ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਲਾਹੌਰ, ਗੁਰਦੁਆਰਾ ਛੇਵੀਂ ਪਾਤਸ਼ਾਹੀ ਮੁਜੰਗ ਰੋਡ ਲਾਹੌਰ ਸਮੇਤ ਹੋਰ ਨੇੜਲੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕੀਤੇ।

ਇਸ ਮੌਕੇ ਜਥੇਦਾਰ ਨੇ ਲਾਹੌਰ ਸਥਿਤ ਸਿੱਖ ਧਰਮ ਨਾਲ ਸਬੰਧਤ ਲਾਇਬ੍ਰੇਰੀਆਂ ਅਤੇ ਯੂਨੀਵਰਸਿਟੀ, ਕਾਲਜਾਂ ਵਿਚ ਜਾ ਕੇ ਉੱਥੋਂ ਦੇ ਪ੍ਰਬੰਧਕਾਂ, ਮੁਖੀਆਂ ਨਾਲ ਵਿਚਾਰ ਸਾਂਝੇ ਕੀਤੇ ਤੇ ਉਨਾਂ ਕੋਲੋਂ ਸਿੱਖ ਇਤਿਹਾਸ ਨਾਲ ਸਬੰਧਤ ਜਾਣਕਾਰੀ ਹਾਸਲ ਕੀਤੀ।

# ਗੈਸ ਤੇ ਬਿਜਲੀ ਦੀਆਂ ਅਸਮਾਨੀ ਚੜੀਆਂ ਕੀਮਤਾਂ ਦੀ ਯੂਰਪੀਅਨ ਲੋਕਾਂ ਉਪਰ ਮਾਰ

## ਲੱਖਾਂ ਲੋਕਾਂ ਨੂੰ ਗੈਸ ਤੇ ਬਿਜਲੀ ਦੇ ਕੁਨੈਕਸ਼ਨ ਕਟਣ ਦੇ ਨੋਟਿਸ ਮਿਲੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਕੱਲੇ ਭਾਰਤ ਵਿਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿਚ ਮਹਿੰਗਾਈ ਦੀ ਮਾਰ ਪੈ ਰਹੀ ਹੈ। ਲੋਕ ਰਸੋਈ ਗੈਸ ਤੇ ਬਿਜਲੀ ਮਹਿੰਗੇ ਭਾਅ ਖਰੀਦਣ ਲਈ ਮਜਬੂਰ ਹੋ ਰਹੇ ਹਨ ਤੇ ਜੋ ਲੋਕ ਗੈਸ ਖਰੀਦਣ ਵਿਚ ਅਸਮਰਥ ਹਨ, ਉਹ ਖਾਣਾ ਬਣਾਉਣ ਤੇ ਆਪਣੇ ਆਪ ਨੂੰ ਗਰਮ ਰੱਖਣ ਲਈ ਜੰਗਲੀ ਲੱਕੜਾਂ ਆਦਿ ਦੇ ਰਵਾਇਤੀ ਬਾਲਣ ਦੀ ਵਰਤੋਂ ਕਰ ਰਹੇ ਹਨ। ਯੂਰਪੀ ਯੂਨੀਅਨ ਦੇ ਲੱਖਾਂ ਲੋਕਾਂ ਨੂੰ ਗੈਸ ਤੇ ਬਿਜਲੀ ਦੀਆਂ ਅਸਮਾਨੀ ਚੜੀਆਂ ਕੀਮਤਾਂ ਕਾਰਨ ਸਰਦ ਰੁੱਤ ਦੌਰਾਨ ਆਪਣੇ ਘਰਾਂ ਨੂੰ ਗਰਮ ਰਖਣਾ ਮੁਸ਼ਕਿਲ ਹੋ ਜਾਵੇਗਾ। ਮਾਹਿਰਾਂ, ਗਰੀਬੀ ਵਿਰੋਧੀ ਸੰਸਥਾਵਾਂ ਤੇ ਵਾਤਾਵਰਣ ਪ੍ਰੇਮੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾਵਾਇਰਸ ਮਹਾਂਮਾਰੀ ਤੇ ਵਧੀਆਂ ਕੀਮਤਾਂ ਨੇ ਲੰਬੇ ਸਮੇ ਤੋਂ ਚੱਲੀ ਆ ਰਹੀ ਮਹਿੰਗਾਈ ਦੀ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਘੱਟ ਆਮਦਨੀ ਵਾਲੇ ਲੋਕ ਊਰਜਾ ਦੀਆਂ ਵਧੀਆਂ ਕੀਮਤ ਸਹਿਣ ਤੋਂ ਅਸਮਰੱਥ ਹਨ। ਮਾਨਚੈਸਟਰ ਯੁਨੀਵਰਸਿਟੀ ਦੇ ਪ੍ਰੋਫੈਸਰ ਤੇ ਏਨਰਜੀ ਪਾਵਰਟੀ ਰਿਸਰਚ ਨੈੱਟਵਰਕ ਅੰਗੇਜਰ ਦੇ ਪ੍ਰਧਾਨ ਸਟੈਫਨ ਬੌਜ਼ਰੋਵਸਕੀ ਦੀ ਅਗਵਾਈ ਵਿਚ ਹੋਈ ਇਕ ਤਾਜ਼ਾ ਖੋਜ਼ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਯੂਰਪ ਭਰ ਵਿਚ 8 ਕਰੋੜ ਲੋਕ ਆਪਣੇ ਘਰਾਂ ਨੂੰ ਉਚਿੱਤ ਢੰਗ ਤਰੀਕੇ ਨਾਲ ਗਰਮ ਰੱਖਣ ਲਈ ਜਦੋ ਜਹਿਦ ਕਰ ਰਹੇ ਸਨ। ਹਾਲਾਂਕਿ ਯੂਰਪੀ ਯੂਨੀਅਨ ਸਮੱਸਿਆ ਨੂੰ ਘਟਾ ਕੇ ਵੇਖ ਰਹੀ ਹੈ ਪਰੰਤੂ ਮਾਹਿਰਾਂ ਦਾ ਮੰਨਣਾ ਹੈ ਕਿ ਸਮੱਸਿਆ ਬਹੁਤ ਵੱਡੀ ਹੈ। ਵਧੀਆਂ ਕੀਮਤਾਂ ਕਾਰਨ ਲੋਕਾਂ ਦੇ ਬਿਜਲੀ ਤੇ ਗੈਸ ਦੇ ਕੁਨੈਕਸ਼ਨ ਕਟੇ ਜਾਣ ਦਾ ਖਤਰਾ ਮੰਡਰਾਅ ਰਿਹਾ ਹੈ ਕਿਉਂਕਿ ਲੋਕ ਇਨਾਂ ਦੋਨਾਂ ਹੀ ਜਰੂਰੀ ਸੇਵਾਵਾਂ ਦੇ ਬਿੱਲ ਦੇਣ ਵਿੱਚ ਅਸਮਰੱਥ ਹਨ। ਬਹੁਤ ਸਾਰੇ ਲੋਕਾਂ ਦੀ ਹਾਲਤ ਤਰਸਯੋਗ ਹੈ ਕਿਉਂਕਿ ਮਹਾਂਮਾਰੀ ਦੌਰਾਨ ਉਨਾਂ ਦੀ ਆਮਦਨੀ ਘੱਟ ਗਈ ਹੈ ਤੇ ਬਿੱਲ ਵਧ ਗਏ ਹਨ। ਖਾਸ ਕਰਕੇ ਪ੍ਰਚੂਨ ਕਾਰੋਬਾਰ, ਹਸਪਤਾਲਾਂ ਤੇ ਹਵਾਈ ਖੇਤਰ ਵਿਚ ਕੰਮ ਕਰਦੇ ਵਰਕਰਾਂ ਉਪਰ ਬਹੁਤ ਬੁਰਾ ਅਸਰ ਪਿਆ ਹੈ। ਇਨਾਂ ਵਿਚੋਂ ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਜਾਂਦੀਆਂ ਰਹੀਆਂ ਹਨ। ਰੈਗੂਲੇਟਰੀ ਐਕਸ਼ਨ ਪ੍ਰਾਜੈਕਟ ਜੋ ਸਾਫ ਸੁਥਰੀ ਊਰਜਾ ਉਪਰ ਕੰਮ ਕਰਦਾ ਹੈ, ਦੇ ਸੀਨੀਅਰ ਸਲਾਹਕਾਰ ਤੇ ਨੀਤੀ ਵਿਸ਼ਲੇਸ਼ਣਕਾਰ ਲੂਇਸ ਸੁੰਦਰਲੈਂਡ ਅਨੁਸਾਰ 2019 ਤੋਂ ਬਾਅਦ ਬਹੁਤ ਕੁਝ ਬਦਲ ਚੁੱਕਾ ਹੈ ਜਦ ਕਿ ਇਕ ਕਰੋੜ 20 ਲੱਖ ਘਰਾਂ ਵੱਲ ਪਹਿਲਾਂ ਹੀ ਗੈਸ ਤੇ ਬਿਜਲੀ ਦੇ ਬਿੱਲ ਬਕਾਇਆ ਖੜੇ ਹਨ। ਰਾਈਟ ਟੂ ਏਨਰਜੀ ਕੁਲੀਸ਼ਨ ਅਨੁਸਾਰ 70 ਲੱਖ ਯੂਰਪੀਅਨਾਂ ਨੂੰ ਇਕ ਸਾਲ ਦੌਰਾਨ ਊਰਜਾ ਕੁਨੈਕਸ਼ਨ ਕੱਟਣ ਦੇ ਨੋਟਿਸ ਆਏ ਹਨ। ਸੁੰਦਰਲੈਂਡ ਅਨੁਸਾਰ ਮਹਾਂਮਾਰੀ ਨੇ ਸਮੱਸਿਆ ਗੰਭੀਰ ਬਣਾ ਦਿੱਤੀ ਹੈ ਕਿਉਂਕਿ ਬਹੁਤ ਸਾਰੇ ਲੋਕ ਘਰਾਂ ਵਿਚ ਰਹਿਕੇ ਆਪਣਾ ਸਮਾਂ ਲੰਘਾ ਰਹੇ ਹਨ ਜਿਸ ਕਾਰਨ ਊਰਜਾ ਦੀ ਖਪਤ ਵਧ ਗਈ ਹੈ। ਇਸ ਦੇ ਨਾਲ ਹੀ ਊਰਜਾ ਦੀਆਂ ਕੀਮਤਾਂ ਵਧ ਰਹੀਆਂ ਹਨ ਕਿਉਂਕਿ ਮੰਗ ਵਧਣ ਕਾਰਨ ਗੈਸ ਸਪਲਾਈ ਵਿਚ ਵਿਘਨ ਪਿਆ ਹੈ। ਗੈਸ ਦੀ ਕਮੀ ਕਾਰਨ ਥੋਕ ਤੇ ਪ੍ਰਚੂਨ ਕੀਮਤਾਂ ਰਿਕਾਰਡ ਪੱਧਰ ਉਪਰ ਪੁੱਜ ਗਈਆਂ ਹਨ ਜਿਸ ਕਾਰਨ ਲੋਕਾਂ ਦੀ ਹਾਲਤ ਪਤਲੀ ਹੋ ਰਹੀ ਹੈ। ਬੌਜ਼ਰੋਵਸਕੀ ਅਨੁਸਾਰ 20 ਤੋਂ 30% ਤੱਕ ਯੂਰਪੀ ਵਸੋਂ ਨੂੰ ਆਮ ਗਰੀਬੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਯੂਰਪੀ ਯੂਨੀਅਨ ਦੇ ਕੁਝ ਦੇਸ਼ਾਂ ਵਿਚ 60% ਲੋਕਾਂ ਨੂੰ ਊਰਜਾ ਦੀਆਂ ਵਧੀਆਂ ਕੀਮਤਾਂ ਕਾਰਨ ਗਰੀਬੀ ਦੀ ਮਾਰ ਝਲਣੀ ਪੈ ਰਹੀ ਹੈ। ਬੁਲਗਾਰੀਆ ਵਿਚ ਸਭ ਤੋਂ ਵਧ 31% ਲੋਕ ਊਰਜਾ ਕੀਮਤਾਂ ਕਾਰਨ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ। ਲਿਥੂਆਨੀਆ ਵਿਚ 28%, ਸਾਈਪਰਸ ਵਿਚ 21%, ਪੁਰਤਗਾਲ ਵਿਚ 19%, ਸਟਿਵਟਜ਼ਰਲੈਂਡ ਵਿਚ 0.3% ਤੇ ਨਾਰਵੇ ਵਿਚ 1% ਆਬਾਦੀ ਊਰਜਾ ਕੀਮਤਾਂ ਵਿਚ ਵਾਧੇ ਤੋਂ ਪੀੜਤ ਹੈ।

# ਬੇਅਦਬੀ ਮਾਮਲੇ ’ਚ ਮੈਂ ਸੌਦਾ ਸਾਧ ਨੂੰ ਕਲੀਨ ਚਿੱਟ ਕਦੇ ਵੀ ਨਹੀਂ ਦਿੱਤੀ : ਡੀਜੀਪੀ ਸਹੋਤਾ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਦੇ ਸਰਕਾਰੀ ਬੁਲਾਰੇ ਨੇ ਬੁੱਧਵਾਰ ਨੂੰ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਕਲੀਨ ਚਿੱਟ ਦੇਣ ਦੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਅਤੇ ਬੇਬੁਨਿਆਦ ਕਰਾਰ ਦਿੱਤਾ। ਇਹ ਬਿਆਨ ਇਕਬਾਲ ਪ੍ਰੀਤ ਸਿੰਘ ਸਹੋਤਾ ਡੀਜੀਪੀ ਦੇ ਹਵਾਲੇ ਨਾਲ ਆਈਆਂ ਖ਼ਬਰਾਂ ਦੇ ਦੌਰਾਨ ਆਇਆ ਹੈ। ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ ਦੇ ਟਵਿੱਟਰ ਰਾਹੀਂ ਵੀ ਇਸ ਨੂੰ ਸਾਂਝਾ ਕੀਤਾ ਹੈ।

ਇਕਬਾਲਪ੍ਰੀਤ ਸਿੰਘ ਸਹੋਤਾ ਜਿਨਾਂ ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਦਾ ਵਾਧੂ ਕਾਰਜਭਾਰ ਦਿੱਤਾ ਗਿਆ ਹੈ ਕਿ ਉਨਾਂ ਨੇ 2015 ਵਿੱਚ ਬਰਗਾੜੀ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਗਠਿਤ ਐਸਆਈਟੀ ਦੀ ਅਗਵਾਈ ਕਰਦੇ ਹੋਏ ਗੁਰਮੀਤ ਰਾਮ ਰਹੀਮ ਨੂੰ ਕਲੀਨ ਚਿੱਟ ਦਿੱਤੀ ਸੀ।

ਜ਼ਿਕਰਯੋਗ ਹੈ ਕਿ 12 ਅਕਤੂਬਰ 2015 ਨੂੰ ਪਿੰਡ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਰੇ ਪਾਏ ਗਏ ਸਨ ਅਤੇ ਪੁਲਿਸ ਸਟੇਸ਼ਨ ਬਾਜਾਖਾਨਾ ਵਿਖੇ ਆਈਪੀਸੀ ਦੀ ਧਾਰਾ 295, 120-ਬੀ ਦੇ ਤਹਿਤ ਐਫਆਈਆਰ ਨੰਬਰ 128 ਮਿਤੀ 12.10.2015 ਦਰਜ ਕੀਤੀ ਗਈ ਸੀ। ਪਿੰਡ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੀ ਜਾਂਚ ਲਈ ਇਕਬਾਲਪ੍ਰੀਤ ਸਿੰਘ ਸਹੋਤਾ, ਉਸ ਸਮੇਂ ਦੇ ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ (ਬੀਓਆਈ) ਦੀ ਅਗਵਾਈ ਵਿੱਚ ਇੱਕ ਐਸਆਈਟੀ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਬਾਅਦ ਕੇਸ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਤਬਦੀਲ ਕਰ ਦਿੱਤਾ ਗਿਆ। ਬੁਲਾਰੇ ਨੇ ਕਿਹਾ, ‘ਪੂਰੀ ਜਾਂਚ ਸੀਬੀਆਈ ਨੇ ਕੀਤੀ ਸੀ ਨਾ ਕਿ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਾਲੀ ਐਸਆਈਟੀ ਨੇ।’ ਗੁਰਮੀਤ ਰਾਮ ਰਹੀਮ ਜਾਂ ਕਿਸੇ ਹੋਰ ਵਿਅਕਤੀ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਗਈ।


Punjab Police India @Punj... · 2h

No clean chit given to Gurmeet Ram Rahim or any other person in Sacrilege Cases – Punjab Police Spokesperson

Official spokesperson of Punjab Police on Wednesday trashed and termed all the allegations about giving clean chit to Dera Sacha Sauda Head Gurmeet Ram Rahim as bogus and baseless.

The statement came amid the news reports referring to Iqbal Preet Singh Sahota, who has been given additional charge of Director General of Police (DGP) Punjab that he gave clean chit to Gurmeet Ram Rahim while heading an SIT to investigate the Bargari Sacrilege Cases in 2015.

Notably, Angs of Holy Sri Guru Granth Sahib were found scattered in village Bargari on October 12, 2015 and FIR No 128 dated 12.10.2015 was registered under Sections 295, 120-B of IPC at Police Station Bajakhana. An SIT headed by Iqbal Preet Singh Sahota, then Director Bureau of Investigation (BOI) was constituted to investigate the sacrilege case of Holy Sri Guru Granth Sahib at Village Bargari.

The spokesperson clarified that the SIT had functioned just for 20 days (October 14, 2015 to November 2, 2015), after which the case was transferred to Central bureau of Investigation (CBI).

"Entire investigation was conducted by the CBI not the SIT headed by Iqbal Preet Singh Sahota," said the spokesperson, while adding no clean chit has been given to Gurmeet Ram Rahim or any other person.

# ਕਕਾਰਾਂ ਦੀ ਪੜਤਾਲ ਦੇ ਨਾਂ ’ਤੇ ਸਿੱਖ ਵਿਦਿਆਰਥੀਆਂ ਨਾਲ ਵਿਤਕਰਾ ਨਾ ਹੋਵੇ : ਲਾਲਪੁਰਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਘੱਟਗਿਣਤੀਆਂ ਬਾਰੇ ਰਾਸ਼ਟਰੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਿੱਖਾਂ ਦੇ ਧਾਰਮਿਕ ਚਿੰਨਾਂ ਕੜਾ ਅਤੇ ਕ੍ਰਿਪਾਨ ਦੀ ਪੜਤਾਲ ਦੇ ਨਾਂ ’ਤੇ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆ ਕੇਂਦਰਾਂ ’ਚ ਇਕ ਘੰਟਾ ਪਹਿਲਾਂ ਬੁਲਾਉਣ ’ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਧਾਰਮਿਕ ਸ਼ਰਧਾ ਨਾਲ ਜੁੜੇ ਚਿੰਨਾਂ ਨੂੰ ਵਿਤਕਰਾ ਕਰਨ ਦਾ ਆਧਾਰ ਨਾ ਬਣਾਇਆ ਜਾਵੇ।ਕਮਿਸ਼ਨ ਦੇ ਚੇਅਰਮੈਨ ਨੇ ਰਾਸ਼ਟਰੀ ਟੈਸਟਿੰਗ ਏਜੰਸੀ ਦੀ ਚੇਅਰਪਰਸਨ ਐੱਸ.ਐੱਸ. ਅਸੰਥ ਨੂੰ ਇਸ ਸਬੰਧੀ ਚਿੱਠੀ ਲਿਖ ਕੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਮੈਡੀਕਲ ਦੇ ਦਾਖ਼ਲੇ ਲਈ ਨੀਟ ਪ੍ਰੀਖਿਆ ਜਾਂ ਜੇ.ਈ.ਈ. ਵਰਗੀਆਂ ਦਾਖ਼ਲਾ ਪ੍ਰੀਖਿਆਵਾਂ ਲਈ ਸਿੱਖ ਵਿਦਿਆਰਥੀਆਂ ਨੂੰ ਕੜਾ ਅਤੇ ਕ੍ਰਿਪਾਨ ਆਦਿ ਦੀ ਸਕੈਨਿੰਗ ਲਈ ਨਿਸ਼ਚਿਤ



ਸਮੇਂ ਤੋਂ 2 ਘੰਟੇ ਪਹਿਲਾਂ ਪ੍ਰੀਖਿਆ ਕੇਂਦਰ ਵਿਚ ਬੁਲਾਇਆ ਜਾਂਦਾ ਹੈ। ਲਾਲਪੁਰਾ ਨੇ ਸੰਵਿਧਾਨ ਦੀ ਧਾਰਾ-25 ਤਹਿਤ ਦਿੱਤੇ ਹੱਕਾਂ ਦੇ ਹਵਾਲੇ ਨਾਲ ਕਿਹਾ ਕਿ ਦਿੱਲੀ ਹਾਈਕੋਰਟ ਵਲੋਂ ਮੈਟਾਲਿਕ ਵਸਤਾਂ ’ਤੇ ਸਭ ਲਈ ਲਾਈ ਇਕੋ ਜਿਹੀ ਪਾਬੰਦੀ ਨਿਆਂਸੰਗਤ ਨਹੀਂ ਹੈ। ਲਾਲਪੁਰਾ ਨੇ ਰਾਸ਼ਟਰੀ ਟੈਸਟਿੰਗ ਏਜੰਸੀ ਜੋ ਕਿ ਦੇਸ਼ ਵਿਚ ਉਚੇਰੀ ਸਿੱਖਿਆ ਸੰਸਥਾਵਾਂ ’ਚ ਦਾਖ਼ਲੇ ਲਈ ਪ੍ਰੀਖਿਆਵਾਂ ਦਾ ਪ੍ਰਬੰਧ ਕਰਦੀ ਹੈ, ਨੂੰ ਸਿੱਖਾਂ ਨਾਲ ਕਿਸੇ ਤਰਾਂ ਦਾ ਵਿਤਕਰਾ ਨਾ ਕੀਤੇ ਜਾਣ ਲਈ ਸੁਝਾਅ ਦਿੰਦਿਆਂ ਕਿਹਾ ਕਿ ਸਿੱਖ ਵਿਦਿਆਰਥੀਆਂ ਲਈ ਪ੍ਰੀਖਿਆਵਾਂ ਦਾ ਰਿਪੋਰਟਿੰਗ ਸਮਾਂ ਬਾਕੀ ਉਮੀਦਵਾਰਾਂ ਵਾਂਗ ਹੋਣਾ ਚਾਹੀਦਾ ਹੈ। ਉਨਾਂ ਇਹ ਵੀ ਕਿਹਾ ਕਿ ਸੁਰੱਖਿਆ ਦਾ ਉੱਚਿਤ ਅਮਲ ਪੂਰਾ ਕਰਨ ਲਈ ਅਤੇ ਇਸ ਵਿਚ ਲੱਗਣ ਵਾਲਾ ਸਮਾਂ ਘਟਾਉਣ ਲਈ ਸਕ੍ਰੀਨਿੰਗ ਮੈਟਲ ਡਿਟੈਕਟਰ ਟ੍ਰੇਸ ਵਾਲੇ ਦਰਵਾਜ਼ੇ ਰਾਹੀਂ ਕੀਤੀ ਜਾਣੀ ਚਾਹੀਦੀ ਹੈ।

### ਮਾਮਲਾ ਤਖਤ ਕੇਸਗੜ ਸਾਹਿਬ ਵਿਖੇ ਹੋਈ ਬੇਅਦਬੀ ਦਾ

# ਰੋਸ ਵਜੋਂ ਕੈਨੇਡਾ ਦੇ ਮੌਂਟੀਰੀਅਲ ਗੁਰਦੁਆਰਾ ਵਿਖੇ ਤਿੰਨ ਅਕਤੂਬਰ ਨੂੰ ਹੋਵੇਗੀ ਰੈਲੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪਿਛਲੇ ਲੰਮੇ ਅਰਸੇ ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ



ਜੋ ਕਿ ਭਾਰਤੀ ਹਕੂਮਤ ਦੀ ਸ਼ਹਿ ’ਤੇ ਆਮ ਰੂਪ ਅਖਤਿਆਰ ਕਰਦੀਆਂ ਜਾ ਰਹੀਆਂ ਹਨ ਅਤੇ ਦੋਸ਼ੀਆਂ ਤੇ ਢੁਕਵੀਂ ਕਾਰਵਾਈ ਨਾ ਹੋ ਸਕਣ ਦੇ ਕਾਰਨ ਇਹ ਬੱਜਰ ਅਪਰਾਧ ਖਾਲਸੇ ਦੀ ਜਨਮ ਭੂਮੀ ਤਖਤ ਸ੍ਰੀ ਕੇਸਗੜ ਸਾਹਿਬ ਤੱਕ ਆਉਣ ਪੁੱਜਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਭਾਈ ਮਨਵੀਰ ਸਿੰਘ ਅਤੇ ਭਾਈ ਪਰਮਿੰਦਰ ਸਿੰਘ ਪਾਂਗਲੀ ਨੇ ਦਸਿਆ ਕਿ ਇਸ ਘਿਨੌਣੇ ਅਪਰਾਧ ਨੂੰ ਠੱਲ ਪਾਉਣ ਅਤੇ ਇਸ ਅਪਰਾਧ ਦੇ ਖਿਲਾਫ ਲੜ ਰਹੇ ਕੌਮੀ ਜੁਝਾਰੂਆਂ ਦੇ ਕਾਰਜ ਦੇ ਸਮਰਥਨ ਹਿੱਤ ਵਿਚਾਰਾਂ ਕਰਨ ਲਈ ਇਕ ਰੈਲੀ ਉਲੀਕੀ ਗਈ ਹੈ ਜੋ ਕਿ ਆਉਣ ਵਾਲੇ ਐਤਵਾਰ ਮਿਤੀ 3 ਅਕਤੂਬਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਲਸਾਲ ਮੌਂਟੀਰੀਅਲ ਦੇ ਪਾਰਕਿੰਗ ਲਾਟ ਵਿੱਚ ਹੋਵੇਗੀ। ਉਨਾਂ ਸੰਗਤਾਂ ਨੂੰ ਇਸ ਵਿਚ ਭਰਵੀਂ ਹਾਜ਼ਰੀ ਭਰਨ ਦੀ ਅਪੀਲ ਕੀਤੀ ਜਿਸ ਨਾਲ ਇਸ ਗੰਭੀਰ ਵਿਸ਼ੇ ’ਤੇ ਸਿਰਜੋੜ ਕੇ ਬੈਠ ਕੇ ਵਿਚਾਰਾਂ ਕਰਕੇ ਇਸਦਾ ਕੋਈ ਸਥਾਈ ਹੱਲ ਲਭਿਆ ਜਾ ਸਕੇ।

# ਚਾਰਟਰ ਉਡਾਣ ਰਾਹੀਂ 1000 ਤੋਂ ਵਧ ਅਮਰੀਕੀਆਂ ਨੂੰ ਅਫਗਾਨਿਸਤਾਨ ਵਿਚੋਂ ਕੱਢਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਵੱਲੋਂ ਹਰ ਅਮਰੀਕੀ ਨਾਗਰਿਕ ਤੇ ਸਾਂਝੀਆਂ ਫੋਰਸਾਂ ਦੀ ਮੱਦਦ ਕਰਨ ਵਾਲੇ ਲੋਕਾਂ ਨੂੰ ਅਫਗਾਨਿਸਤਾਨ ਵਿਚੋਂ ਕੱਢਕੇ ਲਿਆਉਣ ਦੇ ਦਿੱਤੇ ਗਏ ਬਿਆਨ ਉਸ ਵੇਲੇ ਉਮੀਦਾਂ ਉਪਰ ਖਰੇ ਉਤਰਦੇ ਨਜ਼ਰ ਨਹੀਂ ਆਏ ਜਦੋਂ ਅਫਗਾਨਿਸਤਾਨ ਵਿਚ ਫਸੇ 100 ਤੋਂ ਵਧ ਅਮਰੀਕੀਆਂ ਨੂੰ ਦੋ ਸੰਸਥਾਵਾਂ ਨੇ ਆਪਣੀਆਂ ਕੋਸ਼ਿਸ਼ਾਂ ਰਾਹੀਂ ਇਕ ਨਿੱਜੀ ਚਾਰਟਰ ਜਹਾਜ਼ ਰਾਹੀਂ ਕੱਢ ਕੇ ਲਿਆਂਦਾ। ਇਨਾਂ ਸੰਸਥਾਵਾਂ ਨੇ ਕਤਰ ਏਅਰਵੇਅਜ਼ ਦਾ ਯਾਤਰੀ ਜਹਾਜ਼ ਕਿਰਾਏ ਉਪਰ ਲਿਆ ਤੇ 100 ਤੋਂ ਵਧ ਅਮਰੀਕੀ ਨਾਗਰਿਕਾਂ, ਗਰੀਨ ਕਾਰਡਧਾਰਕਾਂ ਤੇ ਵਿਸ਼ੇਸ਼ ਇਮੀਗਰਾਂਟ ਵੀਜ਼ਾਧਾਰਕਾਂ ਨੂੰ ਸੁਰੱਖਿਅਤ ਕੱਢ ਕੇ ਲਿਆਂਦਾ। ਪ੍ਰਾਜੈਕਟ ਡਾਇਨਾਮੋ ਤੇ ਹਿਊਮੈਨ ਫਸਟ ਕੁਲੀਸ਼ਨ ਨੇ ਜਾਰੀ ਇਕ ਬਿਆਨ ਕਿਹਾ ਹੈ ਕਿ ਅਮਰੀਕੀਆਂ ਨੂੰ ਅਫਗਾਨਿਸਤਾਨ ਵਿਚੋਂ ਕੱਢਕੇ ਲਿਆਉਣ ਸਮੇ ਕੋਵਿਡ-19 ਸਬੰਧੀ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਕਾਬਲ ਤੋਂ ਵਿਸ਼ੇਸ਼ ਉਡਾਣ ਰਾਹੀਂ ਅਮਰੀਕਾ ਲਿਆਂਦੇ ਵਿਅਕਤੀਆਂ ਵਿਚ 18 ਸਾਲ ਤੋਂ ਘੱਟ ਉਮਰ ਦੇ 59 ਤੇ 16 ਸਾਲ ਤੋਂ ਘੱਟ ਉਮਰ ਦੇ 3 ਬੱਚੇ ਸ਼ਾਮਿਲ ਹਨ। ਯੂ ਐਸ ਲੀਗਲ ਪਰਮਾਨੈਂਟ ਰੈਜੀਡੈਂਸ ਨੇ ਇਕ ਬਿਆਨ ਵਿਚ ਅਮਰੀਕਾ ਦੇ ਵਿਦੇਸ਼ ਵਿਭਾਗ ਤੇ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਮੰਤਰਾਲੇ ਵੱਲੋਂ ਚੁਣੌਤੀ ਭਰਪੂਰ ਹਾਲਾਤ ਵਿਚ ਅਫਗਾਨਿਸਤਾਨ ਵਿਚੋਂ ਅਮਰੀਕੀਆਂ ਨੂੰ ਕੱਢਕੇ ਲਿਆਉਣ ਵਿਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਹੈ। ਇਸ ਦੇ ਨਾਲ ਹੀ ਤਾਲਿਬਾਨ ਦੀ ਭੂਮਿਕਾ ਦੀ ਵੀ ਪ੍ਰਸੰਸਾ ਕੀਤੀ ਹੈ ਜਿਨਾਂ ਨੇ ਅਫਗਾਨਿਸਤਾਨ ਵਿਚੋਂ ਸ਼ਾਂਤਮਈ ਢੰਗ ਨਾਲ ਅਮਰੀਕੀਆਂ ਨੂੰ ਨਿਕਲਣ ਦਿੱਤਾ ਤੇ ਕਿਸੇ ਵੀ ਕਿਸਮ ਦਾ ਅੜਿਕਾ ਨਹੀਂ ਪਾਇਆ। ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿਚੋਂ ਲੋਕਾਂ ਨੂੰ ਕੱਢਕੇ ਲਿਆਉਣਾ ਇਕ ਵੱਡਾ ਕੰਮ ਹੈ ਤੇ ਏਜੰਸੀਆਂ ਨਾਲ ਤਾਲਮੇਲ ਦੀ ਲੋੜ ਨੂੰ ਅਮਰੀਕੀ ਸਰਕਾਰ ਭਲੀਭਾਂਤ ਸਮਝਦੀ ਹੈ ਤੇ ਇਸ ਦੇ ਨਾਲ ਹੀ ਅਸੀਂ ਗੈਰ ਸਰਕਾਰੀ ਸੰਗਠਨਾਂ ਤੇ ਵਿਅਕਤੀਗਤ ਕੋਸ਼ਿਸ਼ਾਂ ਦੀ ਵੀ ਅਸੀਂ ਪ੍ਰਸੰਸਾ ਕਰਦੇ ਹਾਂ।

# ਜੰਮੂ ਦੇ ਪੱਤਰਕਾਰ ਕੇਂਦਰੀ ਹਿੰਸਾ ਦੇ ਸ਼ਿਕਾਰ

## ਮੋਦੀ ਹਕੂਮਤ ਨੇ ਪੱਤਰਕਾਰਾਂ ਨੂੰ ਬਿਨਾਂ ਕਾਰਨ ਤਸੀਹੇ ਦੇਣਾ ਇਕ ਨਿਯਮ ਬਣਾਇਆ : ਮਹਿਬੂਬਾ

**ਜੰਮੂ/ਏ.ਟੀ.ਨਿਊਜ਼ :** ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦਿੰਦੀ ਧਾਰਾ 370 ਖਤਮ ਕਰਕੇ ਉਥੋਂ ਦਾ ਪ੍ਰਸ਼ਾਸਨ ਸਿੱਧਾ ਆਪਣੇ ਕੰਟਰੋਲ ਵਿਚ ਲੈ ਕੇ ਕੇਂਦਰ ਸਰਕਾਰ ਕਸ਼ਮੀਰ ਵਿਚ ਜਿੰਨੀ ਸਖਤਾਈ ਵਰਤ ਰਹੀ ਹੈ, ਉਸ ਦੇ ਪੱਤਰਕਾਰ ਵੀ ਬੁਰੀ ਤਰਾਂ ਸ਼ਿਕਾਰ ਹੋ ਰਹੇ ਹਨ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਪੱਤਰਕਾਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਭਾਰਤੀ ਪ੍ਰੈੱਸ ਕੌਂਸਲ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਉਹ ਇਕ ਅਜਾਦਾਨਾ ਤੱਥ-ਲੱਭੂ ਟੀਮ ਜੰਮੂ-ਕਸ਼ਮੀਰ ਭੇਜ ਕੇ ਹਕੀਕਤ ਦਾ ਪਤਾ ਲਾਵੇ ।ਮਹਿਬੂਬਾ ਨੇ ਕਿਹਾ ਹੈ ਕਿ ਭਾਰਤੀ ਸੰਵਿਧਾਨ ਰਾਹੀਂ ਮਿਲੇ ਬੋਲਣ ਤੇ ਇਜਹਾਰ ਦੇ ਬੁਨਿਆਦੀ ਹੱਕਾਂ ’ਤੇ ਕਸ਼ਮੀਰ ਵਾਦੀ ਵਿਚ ਪਿਛਲੇ ਦੋ ਸਾਲਾਂ ਦੌਰਾਨ ਤੇਜੀ ਨਾਲ ਹਮਲੇ ਹੋਏ ਹਨ। ਉਨਾਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ, ਉਨਾਂ ਨੂੰ ਤਲਬ ਕੀਤਾ ਜਾ ਰਿਹਾ ਅਤੇ ਟਵੀਟਾਂ ਦੇ ਤੁਛ ਜਿਹੇ ਆਧਾਰਾਂ ’ਤੇ ਪੁਛਗਿੱਛ ਕੀਤੀ ਜਾ ਰਹੀ ਹੈ। ਕੁਝ ਸੀਨੀਅਰ ਪੱਤਰਕਾਰਾਂ ਦੇ ਮਕਾਨ ਤੇ ਹੋਰ ਸਹੂਲਤਾਂ ਵਾਪਸ ਲੈ ਲਈਆਂ ਗਈਆਂ ਹਨ। ਉਨਾਂ ਦੇ ਮੋਬਾਇਲ ਫੋਨ, ਲੈਪਟਾਪ, ਏ ਟੀ ਐੱਮ ਕਾਰਡ ਆਦਿ ਜਬਤ ਕੀਤੇ ਜਾ ਰਹੇ ਹਨ। ਮਹਿਬੂਬਾ ਮੁਤਾਬਕ ਲੋਕਾਂ ਨੂੰ ਉਮੀਦ ਸੀ ਕਿ ਭਾਰਤੀ ਪ੍ਰੈੱਸ ਕੌਂਸਲ ਖ਼ੁਦ-ਬ-ਖ਼ੁਦ ਨੋਟਿਸ ਲਵੇਗੀ, ਪਰ ਅਜਿਹਾ ਲੱਗਦਾ ਹੈ ਕਿ ਅਦਾਲਤਾਂ ਸਣੇ ਕਿਸੇ ਵੀ ਸਥਾਪਤ ਨਿਗਰਾਨੀ ਮੰਚ ਦੀ ਜੰਮੂ-ਕਸ਼ਮੀਰ ਵਿਚ ਪੈਦਾ ਹੋਈਆਂ ਦਰਦਨਾਕ ਹਾਲਤਾਂ ਵਿਚ ਕੋਈ ਦਿਲਚਸਪੀ ਨਹੀਂ ਹੈ ।ਜੰਮੂ-ਕਸ਼ਮੀਰ ਪੁਲਿਸ ਨੇ ਕੁਝ ਦਿਨ ਪਹਿਲਾਂ ਚਾਰ ਪੱਤਰਕਾਰਾਂ, ਜਿਨਾਂ ਵਿਚ ਇਕ ਸੀਨੀਅਰ ਐਡੀਟਰ ਵੀ ਸ਼ਾਮਲ ਹੈ, ਦੇ ਘਰਾਂ ਵਿਚ ਛਾਪੇ ਮਾਰੇ ਅਤੇ ਸ੍ਰੀਨਗਰ ਦੇ ਇਕ ਥਾਣੇ ਵਿਚ ਇਕ ਦਿਨ ਬਿਠਾਈ ਰੱਖਿਆ। ਪੁਲਿਸ ਨੇ ਇਹ ਕਾਰਵਾਈ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਵਰਗੇ ਕਠੋਰ ਕਾਨੂੰਨ ਤਹਿਤ ਪਿਛਲੇ ਸਾਲ ਦਰਜ ਹੋਏ ਇਕ ਮਾਮਲੇ ਵਿਚ ਕੀਤੀ। ਮਹਿਬੂਬਾ ਦਾ ਕਹਿਣਾ ਹੈ ਕਿ ਇਨਾਂ ਨੂੰ ਅੱਗੇ ਵੀ ਤਸੀਹੇ ਦਿੱਤੇ ਜਾ ਸਕਦੇ ਹਨ ਤੇ ਇਸ਼ਤਿਹਾਰ ਬੰਦ ਕੀਤੇ ਜਾ ਸਕਦੇ ਹਨ। ਪੱਤਰਕਾਰ ਤੇ ਲੇਖਕ ਗੌਹਰ ਗਿਲਾਨੀ ਤੇ ਫੋਟੋ ਜਰਨਲਿਸਟ ਮਸੱਰਤ ’ਤੇ ਯੂ ਏ ਪੀ ਏ ਤਹਿਤ ਮਾਮਲਾ ਦਰਜ ਕੀਤਾ ਗਿਆ, ਜਦਕਿ ਇਹ ਕਾਨੂੰਨ ਦਹਿਸ਼ਤਗਰਦਾਂ ਤੇ ਵੱਖਵਾਦੀਆਂ ਨਾਲ ਨਿਪਟਨ ਲਈ ਵਰਤਿਆ ਜਾਂਦਾ ਹੈ।



ਅੰਮ੍ਰਿਤਸਰ ਟਾਈਮਜ ਅਨੁਸਾਰ ਦਰਅਸਲ ਪੱਤਰਕਾਰਾਂ ਦੀ ਇਸ ਹਾਲਤ ਵੱਲ ਮਹਿਬੂਬਾ ਨੇ ਹੀ ਧਿਆਨ ਨਹੀਂ ਖਿੱਚਿਆ ਹੈ, ਕੌਮਾਂਤਰੀ ਜਥੇਬੰਦੀਆਂ ਵੀ ਮੋਦੀ ਰਾਜ ਵਿਚ ਪ੍ਰੈੱਸ ਦੀ ਅਜਾਦੀ ’ਤੇ ਹੋ ਰਹੇ ਹਮਲਿਆਂ ਬਾਰੇ ਸਮੇਂ-ਸਮੇਂ ’ਤੇ ਰਿਪੋਰਟਾਂ ਦਿੰਦੀਆਂ ਆ ਰਹੀਆਂ ਹਨ। ਮੀਡੀਆ ਦੀ ਸੁਤੰਤਰਤਾ ਦੀ ਰਾਖੀ ਕਰਨ ਵਾਲੇ ਦੁਨੀਆ ਦੇ ਸਭ ਤੋਂ ਵੱਡੇ ਐੱਨ ਜੀ ਓ ਰਿਪੋਰਟਰਜ਼ ਵਿਦਆਊਟ ਬਾਰਡਰਜ ਵੱਲੋਂ ਜਾਰੀ 2021 ਦੇ ਵਿਸ਼ਵ ਪ੍ਰੈੱਸ ਸੁਤੰਤਰਤਾ ਸੂਚਕ ਅੰਕ ਵਿਚ ਭਾਰਤ 180 ਦੇਸ਼ਾਂ ਵਿਚੋਂ 142ਵੇਂ ਸਥਾਨ ’ਤੇ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨਾਂ 37 ਸ਼ਾਸਨ ਮੁਖੀਆਂ ਦੀ ਸੂਚੀ ਵਿਚ ਸ਼ਾਮਲ ਹਨ, ਜਿਨਾਂ ਦੀ ਆਰ ਐੱਸ ਐੱਫ ਨੇ ਪ੍ਰੈੱਸ ਦੀ ਸੁਤੰਤਰਤਾ ਨੂੰ ਕੰਟਰੋਲ ਕਰਨ ਵਾਲਿਆਂ ਵਜੋਂ ਪਛਾਣ ਕੀਤੀ ਹੈ। ਉਸ ਨੇ ਮੋਦੀ ਬਾਰੇ ਕਿਹਾ ਹੈ ਕਿ 26 ਮਈ 2014 ਨੂੰ ਪ੍ਰਧਾਨ ਮੰਤਰੀ ਬਣਨ ਵਾਲੇ ਮੋਦੀ ‘ਰਾਸ਼ਟਰਵਾਦੀ-ਲੋਕ ਲੁਭਾਵਨਵਾਦੀ’ (ਨੈਸ਼ਨਲਿਸਟ-ਪਾਪੂਲਿਸਟ) ਵਿਚਾਰਧਾਰਾ ਤੇ ਕੂੜ-ਪ੍ਰਚਾਰ ਦਾ ਸਹਾਰਾ ਲੈਂਦੇ ਹਨ। ਆਰ ਐੱਸ ਐੱਫ ਨੇ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਹਿਰਾਸਤ ਵਿਚ ਲੈਣ ਦੀਆਂ ਘਟਨਾਵਾਂ ਦੀ ਨਿੰਦਾ ਕਰਦਿਆਂ ਕਿਹਾ ਸੀ ਕਿ ਪੱਤਰਕਾਰਤਾ ਅਪਰਾਧ ਨਹੀਂ ਹੈ। ਵਾਦੀ ਦੀ ਸਥਿਤੀ ਤੋਂ ਲੱਗਦਾ ਹੈ ਕਿ ਮੋਦੀ ਸਰਕਾਰ ਪੱਤਰਕਾਰਤਾ ਨੂੰ ਅਪਰਾਧ ਹੀ ਸਮਝਦੀ ਹੈ।

## ਧਰਮਨਿਰਪੱਖਤਾ ਤੇ ਸਮਾਨਤਾ

ਮੈਂ ਕਿੰਨੀ ਹੀ ਵਾਰ ਸਮਾਨਤਾ
ਤੇ ਧਰਮਨਿਰਪੱਖਤਾ ਦੇ ਅਧਿਕਾਰ ਨੂੰ
ਅੱਖਾਂ ਭਰਕੇ ਰੋਂਦੇ ਵੇਖ ਚੁੱਕਾ ਹਾਂ
ਗੀਤਾਂ ਤੋਂ ਉਪਜੀ ਜੱਟਵਾਦ ਦੀ
ਕਾਰਬਨ ਮੋਨੋਆਕਸਾਈਡ ਨੇ
ਇਸਦੇ ਦਿਮਾਗ਼ ’ਚ ਕੈਂਸਰ ਵਰਗਾ
ਕੁੱਝ ਨਾ ਕੁੱਝ ਕਰ ਦਿੱਤਾ ਐ...।
ਕਿਸੇ ਸਰਕਾਰ ਦੇ ਰਾਜਨੇਤਾਵਾਂ ਵੱਲੋਂ
ਧਰਮ ਤੇ ਜਾਤੀ ਦੇ ਅਧਾਰ ਉੱਤੇ
ਜਨਗਣਨਾ ਦੀ ਮੰਗ ਨੇ ਕੱਲ
ਧਰਮਨਿਰਪੱਖਤਾ ਤੇ ਸਮਾਨਤਾ ਦਾ
ਸਿਰ ਹੀ ਪਾੜ ਕੇ ਰੱਖ ਦਿੱਤਾ....।
ਕੁੱਝ ਕੁ ਦਿਨ ਪਹਿਲਾਂ ਜਦੋਂ ਕੁਝ
ਧਰਮ ਤੇ ਰਾਜਨੇਤਾ ਇਹ ਕਹਿ ਰਹੇ ਸਨ
ਕਿ ਏਸ ਵਾਰ ਅਸੀਂ ਆਪਣੇ ਧਰਮ ਦਾ
ਉਮੀਦਵਾਰ ਖੜਾ ਕਰਾਂਗੇ,
ਤਾਂ ਸੁਣਦੇ ਹੀ ਮੌਲਿਕ ਅਧਿਕਾਰਾਂ ਨੇ
ਬੇਵੱਸੀ ਵਿੱਚ ਨੀਵੀਂ ਪਾ ਲਈ ਸੀ
ਇੰਝ ਲੱਗਦਾ ਸੀ ਜਿਵੇਂ ਕਹਿ ਰਹੇ ਹੋਣ
ਲਉ ਕੱਟ ਦੇਵੋ ਸਾਡੀ ਗਰਦਨ
ਜੇਤੁਸੀਂਦੇਸ਼ਦੀਅੱਖਹੀਕਾਣੀਕਰਨੀਹੈ....।

- ਗੁਰਪ੍ਰੀਤ ਰਾਹੀ
ਧਰਮਪੁਰਾ (ਮਾਨਸਾ)੯੮੮੮੬੪੭੭੨੬

# ਗੁਰਦੁਆਰਾ ਗਿਆਨ ਗੋਦੜੀ ਸਾਹਿਬ ਜੀ ਦਾ ਮੁੜ ਨਿਰਮਾਣ ਹੋਵੇ

## ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਨੇ ਕੀਤੀ ਮੰਗ

**ਜਲੰਧਰ/ਏ.ਟੀ.ਨਿਊਜ਼:** ਹਰਿਦੁਆਰ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੇ ਮੁੜ ਨਿਰਮਾਣ ਲਈ ਸਿੱਖ ਸੰਗਠਨਾਂ ਵੱਲੋਂ ਲਗਾਤਾਰ ਮੰਗ ਕੀਤੀ ਜਾਂਦੀ ਰਹੀ ਹੈ। ਹੁਣ ਇਕ ਵਾਰ ਮੁੜ ਤੋਂ ਇਹ ਮਾਮਲਾ ਚਰਚਾ 'ਚ ਹੈ। ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਉਸਾਰੀ ਲਈ ਤੈਅ ਬਦਲਵੀਂ ਥਾਂ ਅਤੇ ਮੂਲ ਸਥਾਨ 'ਤੇ ਯਾਦਗਾਰ ਦੀ ਉਸਾਰੀ ਲਈ ਥਾਂ ਅਲਾਟ ਕਰਨ ਦੇ ਲੰਬੇ ਸਮੇਂ ਤੋਂ ਲਟਕ ਰਹੇ ਮਾਮਲੇ ਨੂੰ ਸੁਲਝਾਉਣ ਦੀ ਮੰਗ ਕੀਤੀ ਹੈ। ਉਨਾਂ ਇਸ ਸਬੰਧੀ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਧਾਮੀ ਨੂੰ ਪੱਤਰ ਲਿਖ ਕੇ ਮਾਮਲੇ 'ਚ ਨਿੱਜੀ ਦਖ਼ਲ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਸਿੱਖ ਸੰਗਤ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਇਹ ਮੰਗ ਪੂਰੀ ਕੀਤੀ ਜਾ ਸਕੇ।

ਪੱਤਰ 'ਚ ਲਾਲਪੁਰਾ ਨੇ ਲਿਖਿਆ ਹੈ ਕਿ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੫੦੦ ਤੋਂ ੧੫੦੬ ਤਕ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਦੀ ਯਾਤਰਾ ਕੀਤੀ ਸੀ। ਉਨਾਂ ਦੀ ਯਾਦ 'ਚ ਹਰਿ ਕੀ ਪਉੜੀ 'ਚ ਗੁਰਦੁਆਰਾ ਗਿਆਨ ਗੋਦੜੀ ਸਥਾਪਤ ਸੀ। ੧੯੩੨ 'ਚ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਹਰ ਕੀ ਪਉੜੀ ਨੇੜੇ ਇਕ ਮਹਿਲ ਬਣਵਾਇਆ ਤੇ ਇਸ ਦਾ ਨਾਂ ਲਢੌਰਾ ਹਾਊਸ ਰੱਖਿਆ, ਜੋ ਬਾਅਦ 'ਚ ਲਢੌਰਾ ਦੇ ਰਾਜਾ ਨਰਿੰਦਰ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਨੂੰ



ਦਾਨ ਦੇ ਦਿੱਤਾ। ਗੁਰਦੁਆਰੇ ਦੀ ਇਮਾਰਤ ਦਾ ਕੁਝ ਹਿੱਸਾ ੧੯੭੪ 'ਚ ਤੇ ਬਾਕੀ ੧੯੮੪ 'ਚ ਢਾਹ ਦਿੱਤਾ ਗਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਗੁਰਦੁਆਰਾ ਗਿਆਨ ਗੋਦੜੀ ੧੯੭੪ ਤਕ ਮੌਜੂਦ ਸੀ ਤੇ ਭੀੜ ਭਾੜ ਕਾਰਨ ਹਰਿ ਕੀ ਪਉੜੀ ਦੇ ਨਿਰਮਾਣ ਦੇ ਬਦਲੇ ਗੁਰਦੁਆਰੇ ਦੇ ਇਕ ਹਿੱਸੇ ਦੀ ਕੁਰਬਾਨੀ ਦੇਣੀ ਪਈ ਤੇ ਇਸ ਨੂੰ ਲਢੌਰਾ ਹਾਊਸ ਦੇ ਨਾਲ ਹੀ ਰਲ਼ਾ ਦਿੱਤਾ ਗਿਆ। ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਗੁਰਦੁਆਰਾ ਗਿਆਨ ਗੋਦੜੀ ਦੇ ਮੂਲ ਸਥਾਨ 'ਤੇ ਇਕ ਯਾਦਗਾਰ ਦੇ ਨਿਰਮਾਣ ਲਈ ਛੋਟੀ ਥਾਂ ਤੇ ਗੁਰਦੁਆਰਾ ਗਿਆਨ ਗੋਦੜੀ ਦੇ ਮੁੜ ਨਿਰਮਾਣ ਲਈ ਇਕ ਬਦਲਵੀਂ ਜ਼ਮੀਨ ਦੀ ਮੰਗ ਕਰ ਰਿਹਾ ਹੈ।

*ਗੁਰਦੁਆਰਾ ਗਿਆਨ ਗੋਦੜੀ ਪ੍ਰਬੰਧਕ ਕਮੇਟੀ ਹਰਿਦੁਆਰ ਦੀ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਮਿਸ਼ਨ ਵੱਲੋਂ ੧੫ ਜਨਵਰੀ ੨੦੨੦ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਡੀਸੀ ਹਰਿਦੁਆਰ ਨੇ ਦੱਸਿਆ ਸੀ ਕਿ ਜ਼ਮੀਨ ਅਲਾਟ ਕਰਨ ਦੇ ਮਾਮਲੇ 'ਚ ੧੫ ਫਰਵਰੀ ੨੦੨੦ ਨੂੰ ਉੱਤਰਾਖੰਡ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀਆਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਪਰ ਹੁਣ ਤਕ ਮਾਮਲਾ ਉੱਥੇ ਦਾ ਉੱਥੇ ਹੀ ਹੈ। ਕਮਿਸ਼ਨ ਨੂੰ ਇਹ ਵੀ ਦੱਸਿਆ ਗਿਆ ਸੀ ਕਿ ੨੦੦੨ 'ਚ ਰਾਣੀਪੁਰ ਮੋੜ ਦੇ ਨੇੜੇ, ਪ੍ਰੇਮ ਨਗਰ ਆਸ਼ਰਮ ਦੇ ਉੱਤਰ 'ਚ ਗੰਗਾ ਨਹਿਰ ਪੁਲ਼ ਨੇੜੇ ਇਕ ਥਾਂ ਸਰਕਾਰ ਵੱਲੋਂ ਤੈਅ ਕੀਤੀ ਗਈ ਸੀ ਅਤੇ ਰਜਿਸਟਰਡ ਸੁਸਾਇਟੀ ਗੁਰਦੁਆਰਾ ਗਿਆਨ ਗੋਦੜੀ ਪ੍ਰਬੰਧਕ ਕਮੇਟੀ ਹਰਿਦੁਆਰ ਨੇ ਇਸ 'ਤੇ ਸਹਿਮਤੀ ਵੀ ਦੇ ਦਿੱਤੀ ਸੀ ਪਰ ਗੁਰਦੁਆਰੇ ਦੇ ਨਿਰਮਾਣ ਲਈ ਤੈਅ ਜ਼ਮੀਨ ਹੁਣ ਤਕ ਨਹੀਂ ਸੌਂਪੀ ਗਈ ਹੈ। ਡੀਸੀ ਮੁਤਾਬਕ ਕਿਉਂਕਿ ਇਹ ਜ਼ਮੀਨ ਸਿੰਚਾਈ ਵਿਭਾਗ ਦੀ ਹੈ ਇਸ ਕਰਕੇ ਇਹ ਗੁਰਦੁਆਰੇ ਲਈ ਅਲਾਟ ਨਹੀਂ ਕੀਤੀ ਜਾ ਸਕਦੀ। ਇਨਾਂ ਸਾਰੀਆਂ ਘਟਨਾਵਾਂ ਨਾਲ ਸਿੱਖ ਭਾਈਚਾਰੇ ਵਿਚ ਬੇਇਨਸਾਫ਼ੀ ਅਤੇ ਬੇਗਾਨੇਪਣ ਦੀ ਭਾਵਨਾ ਪੈਦਾ ਹੋ ਰਹੀ ਹੈ।*

# ਮੁੱਖ ਮੰਤਰੀ ਦਾ ਨਵਾਂ ਅੰਦਾਜ਼ : ਲੋਕਾਂ ਨਾਲ ਇਕਮਿਕ ਹੋਇਆ

## ਪੰਜਾਬ 'ਚ ਹੁਣ 'ਮਹਾਰਾਜਾ' ਨਹੀਂ ਸੇਵਕ ਦਾ ਰਾਜ

**ਬਠਿੰਡਾ/ਏ.ਟੀ.ਨਿਊਜ਼ :** ਮੁੱਖ ਮੰਤਰੀ ਬਣਨ ਤੋਂ 7 ਦਿਨ ਦੇ ਅੰਤਰ ਚਰਨਜੀਤ ਸਿੰਘ ਚੰਨੀ ਨੇ ਆਪਣੇ ਅਨੋਖੇ ਅੰਦਾਜ਼ ਨਾਲ ਲੋਕਾਂ ਦਾ ਦਿਲ ਜਿੱਤ ਲਿਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਉਲਟ ਉਹ ਆਮ ਆਦਮੀ ਪਾਰਟੀ ਦੇ ਅੰਦਾਜ਼ 'ਚ ਸੂਬੇ ਦੀ ਜਨਤਾ ਨੂੰ ਸੰਦੇਸ਼ ਦੇਣ ਵਿਚ ਜੁਟੇ ਹਨ ਕਿ ਹੁਣ 'ਮਹਾਰਾਜਾ' ਦਾ ਨਹੀਂ 'ਸੇਵਕ' ਦਾ ਰਾਜ ਹੈ। ਕਦੇ ਉਹ ਸੁਰੱਖਿਆ ਘੇਰਾ ਤੋੜ ਕੇ ਵਿਦਿਆਰਥੀਆਂ ਨੂੰ ਮਿਲਦੇ ਹਨ ਤਾਂ ਕਦੇ ਮੰਚ 'ਤੇ ਵਿਦਿਆਰਥੀਆਂ ਵਿਚਕਾਰ ਭੰਗੜਾ ਪਾ ਕੇ ਸਾਰਿਆਂ ਦਾ ਦਿਲ ਜਿੱਤ ਲੈਂਦੇ ਹਨ।

ਤਾਜ਼ਾ ਮਾਮਲੇ 'ਚ ਐਤਵਾਰ ਨੂੰ ਜਦੋਂ ਬਠਿੰਡਾ ਦੌਰੇ 'ਤੇ ਸਨ ਤਾਂ ਉਨਾਂ ਨੇ ਰਸਤੇ ਵਿਚ ਇਕ ਨਵਵਿਆਹੀ ਜੋੜੇ ਨੂੰ ਦੇਖ ਆਪਣਾ ਕਾਫਲਾ ਰੁਕਵਾ ਲਿਆ ਤੇ ਬਰਾਤ ਵਿਚ ਸ਼ਾਮਲ ਹੋ ਗਏ।

ਉਨਾਂ ਨੇ ਵਿਆਹ ਦੇ ਮੌਕੇ 'ਤੇ ਮੂੰਹ ਮਿੱਠਾ



ਕੀਤਾ ਤੇ ਸ਼ਗਨ ਵਿਚ ਲਾੜੀ ਨੂੰ ਇਕ ਹਜ਼ਾਰ ਰੁਪਏ ਵੀ ਦਿੱਤੇ। ਇਸ ਦੀ ਵੀਡੀਓ ਵੀ ਇੰਟਰਨੈੱਟ ਮੀਡੀਆ 'ਤੇ ਖ਼ੂਬ ਪਸੰਦ ਕੀਤੀ ਜਾ ਰਹੀ ਹੈ।

ਕਰੀਬ 6 ਫ਼ੁੱਟ ਦੇ ਚੰਨੀ ਮੁੱਖ ਮੰਤਰੀ ਬਣਨ ਤੋਂ ਬਾਅਦ ਜਦੋਂ ਐਤਵਾਰ ਨੂੰ ਬਠਿੰਡਾ ਦੇ ਇਕ ਪਿੰਡ ਵਿਚ ਕਪਾਹ ਦੀ ਫਸਲ ਨੂੰ ਮੀਂਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਪਹੁੰਚੇ ਤਾਂ ਉਨਾਂ ਨੇ ਆਪਣੇ ਕਾਫਿਲੇ ਨੂੰ ਰੁਕਵਾ ਕੇ ਇਕ ਬਾਰਾਤ 'ਚ ਸ਼ਾਮਲ ਹੋ ਕੇ ਲਾੜੀ ਨੂੰ ਆਸ਼ੀਰਵਾਦ ਤੇ ਸ਼ਗਨ ਦਿੰਦਿਆਂ ਕਿਹਾ, 'ਲੈ ਭੈਣੇ ਵਿਆਹ ਮੁਬਾਰਕ ਹੋਵੇ।' ਇਕ ਔਰਤ ਨੇ ਸਿਰ 'ਤੇ ਮਠਿਆਈ ਦੀ ਭਰੀ ਪਰਾਤ ਰੱਖੀ ਹੋਈ ਸੀ। ਚੰਨੀ ਨੇ ਉਹ ਉਤਰਵਾਈ ਤੇ ਉਸ ਵਿਚੋਂ ਖ਼ੁਦ ਮਿਠਾਈ ਕੱਢ ਕੇ ਖਾਣ ਲੱਗੇ। ਇੰਨਾ ਹੀ ਨਹੀਂ ਐਤਵਾਰ ਨੂੰ ਜਦੋਂ ਹੀ ਉਹ ਮੰਡੀ ਕਲਾਂ ਦੇ ਮ੍ਰਿਤਕ ਕਿਸਾਨ ਸੁਖਪਾਲ ਸਿੰਘ ਦੇ ਘਰ ਪੁੱਜੇ ਤਾਂ ਉਸ ਦੇ ਪਰਿਵਾਰ ਨਾਲ ਹੀ ਖਾਣਾ ਖਾਧਾ।

# ਅਮਰੀਕਾ 'ਚ 2020 ਦੌਰਾਨ ਕਤਲਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ

## ਐਫ ਬੀ ਆਈ ਵੱਲੋਂ ਸਾਲਾਨਾ ਰਿਪੋਰਟ ਜਾਰੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-**ਐਫ ਬੀ ਆਈ ਦੁਆਰਾ ਜਾਰੀ ਸਾਲਾਨਾ ਅਪਰਾਧ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਅਮਰੀਕਾ ਵਿਚ 2019 ਦੀ ਤੁਲਨਾ ਵਿਚ 2020 ਦੌਰਾਨ ਕਤਲਾਂ ਵਿਚ 30% ਵਾਧਾ ਦਰਜ ਹੋਇਆ ਹੈ ਜੋ ਇਕ ਰਿਕਾਰਡ ਹੈ। 1960 ਵਿਚ ਜਦੋਂ ਐਫ ਬੀ ਆਈ ਨੇ ਅਪਰਾਧਾਂ ਦਾ ਹਿਸਾਬ ਕਿਤਾਬ ਰਖਣਾ ਸ਼ੁਰੂ ਕੀਤਾ ਸੀ, ਤੋਂ ਬਾਅਦ ਕਿਸੇ ਇਕ ਸਾਲ ਦੌਰਾਨ ਕਤਲਾਂ ਵਿਚ ਹੋਇਆ ਇਹ ਵਾਧਾ ਸਭ ਤੋਂ ਵਧ ਹੈ। ਰਿਪੋਰਟ ਅਨੁਸਾਰ 2019 ਤੇ 2020 ਵਿਚ ਹਿੰਸਕ ਅਪਰਾਧ 5% ਵਧੇ ਹਨ ਜਦ ਕਿ ਸਮੁੱਚੇ ਤੌਰ 'ਤੇ ਅਪਰਾਧਾਂ ਵਿਚ 6% ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕਾ ਵਿਚ 21,500 ਤੋਂ ਵੱਧ ਕਤਲ ਹੋਏ। ਇਕ ਲੱਖ ਵਿਅਕਤੀਆਂ ਪਿਛੇ ਕਤਲਾਂ ਦੀ ਦਰ 6.5% ਰਹੀ। ਹਾਲਾਂਕਿ ਇਹ ਦਰ 1980 ਤੇ 1990 ਦੇ ਦਹਾਕੇ ਤੋਂ ਤਕਰੀਬਨ 40% ਘੱਟ ਹੈ ਜਦੋਂ ਅਮਰੀਕਾ ਵਿਚ ਕਤਲ ਸਿਖਰ 'ਤੇ ਪੁੱਜ ਗਏ ਸਨ। ਰਿਪੋਰਟ ਅਨੁਸਾਰ ਪਿਛਲੇ ਸਾਲ ਗਰਮੀਆਂ ਦੌਰਾਨ ਕਤਲਾਂ ਵਿਚ ਭਾਰੀ ਵਾਧਾ ਹੋਇਆ ਤੇ ਜੂਨ ਤੇ ਜੁਲਾਈ ਵਿਚ ਕਤਲਾਂ ਦੀ ਗਿਣਤੀ ਉੱਚ ਪੱਧਰ ਉਪਰ ਪੁੱਜ ਗਈ ਸੀ। ਇਥੇ ਜ਼ਿਕਰਯੋਗ ਹੈ ਕਿ ਲਾਅ ਇਨਫੋਰਸਮੈਂਟ ਏਜੰਸੀਆਂ ਤੋਂ ਅੰਕੜੇ ਇਕੱਠੇ ਕਰਕੇ ਐਫ ਬੀ ਆਈ ਸਾਲਾਨਾ ਰਿਪੋਰਟ ਜਾਰੀ ਕਰਦੀ ਹੈ ਪ੍ਰੰਤੂ ਏਜੰਸੀਆਂ ਅੰਕੜੇ ਦੇਣ ਵਾਸਤੇ ਪਾਬੰਦ ਨਹੀਂ ਹਨ। ਬਹੁਤ ਸਾਰੀਆਂ ਏਜੰਸੀਆਂ ਨੇ ਅਪਰਾਧਾਂ ਸਬੰਧੀ ਅੰਕੜੇ ਨਹੀਂ ਦਿੱਤੇ ਹਨ। 2020 ਵਿਚ ਕੁਲ 18000 ਤੋਂ ਵਧ ਏਜੰਸੀਆਂ ਵਿਚੋਂ 15875 ਏਜੰਸੀਆਂ ਨੇ ਹੀ ਅੰਕੜੇ ਦਿੱਤੇ ਸਨ। ਐਫ ਬੀ ਆਈ ਨੂੰ ਨਿਊਯਾਰਕ, ਸ਼ਿਕਾਗੋ ਤੇ ਨਿਊ ਓਰਲੀਨਜ ਸਮੇਤ ਅਨੇਕਾਂ ਵੱਡੇ ਸ਼ਹਿਰਾਂ ਵਿਚ ਹੋਏ ਅਪਰਾਧਾਂ ਦੇ ਅੰਕੜੇ ਨਹੀਂ ਮਿਲੇ ਹਨ। ਜਿਸ ਤੋਂ ਸਪੱਸ਼ਟ ਹੈ ਕਿ ਅਸਲ ਵਿਚ ਕਤਲਾਂ ਦੀ ਗਿਣਤੀ ਕਿਤੇ ਵਧ ਹੋ ਸਕਦੀ ਹੈ। ਐਫ ਬੀ ਆਈ ਨੇ 2020 ਸਾਲ ਖਤਮ ਹੋਣ ਦੇ 9 ਮਹੀਨਿਆਂ ਬਾਅਦ ਰਿਪੋਰਟ ਜਾਰੀ ਕੀਤੀ ਹੈ ਜਦ ਕਿ 2020 ਦੀ ਮੁੱਢਲੀ ਰਿਪੋਰਟ ਵਿਚ ਐਫ ਬੀ ਆਈ ਨੇ ਕਤਲਾਂ ਵਿਚ 25% ਵਾਧਾ ਹੋਣ ਦੀ ਗੱਲ ਕਹੀ ਸੀ। ਰਿਪੋਰਟ ਵਿਚ ਦੇਰੀ ਹੋਣ ਦਾ ਕਾਰਨ ਵੀ ਅੰਕੜਿਆਂ ਦਾ ਨਾ ਮਿਲਣਾ ਹੈ।

# ਅਮਰੀਕਾ ਦੇ ਮੋਨਟਾਨਾ ਰਾਜ ਵਿਚ ਰੇਲ ਗੱਡੀ ਪੱਟੜੀ ਤੋਂ ਲੱਥੀ

## 3 ਮੌਤਾਂ ਕਈ ਜ਼ਖਮੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਬੀਤੇ ਦਿਨ ਅਮਰੀਕਾ ਦੇ ਮੋਨਟਾਨਾ ਰਾਜ ਵਿਚ ਇਕ ਰੇਲ ਗੱਡੀ ਪੱਟੜੀ ਤੋਂ ਲਹਿ ਜਾਣ ਕਾਰਨ 3 ਯਾਤਰੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਲਿਬਰਟੀ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਦਿੱਤੀ ਹੈ। ਇਸ ਹਾਦਸੇ ਵਿਚ ਕਈ ਯਾਤਰੀਆਂ ਦੇ ਜ਼ਖਮੀ ਹੋਣ ਦੀ ਵੀ ਰਿਪੋਰਟ ਹੈ ਹਾਲਾਂ ਕਿ ਅਧਿਕਾਰੀਆਂ ਨੇ ਜ਼ਖਮੀ ਲੋਕਾਂ ਦੀ ਗਿਣਤੀ ਨਹੀਂ ਦੱਸੀ ਹੈ। ਰੇਲਵੇ ਵਲੋਂ ਜਾਰੀ ਬਿਆਨ ਅਨੁਸਾਰ ਜੋਪਲਿਨ, ਮੋਨਟਾਨਾ ਨੇੜੇ ਅਮਤਰਕ ਐਮਪਾਇਰ ਬਿਲਡਰ ਰੇਲ ਗੱਡੀ ਦੇ 5 ਡੱਬੇ ਲੀਹੋਂ ਲਹਿ ਗਏ । ਰੇਲ ਗੱਡੀ ਵਿਚ 147 ਯਾਤਰੀ ਤੇ 13 ਅਮਲੇ ਦੇ ਮੈਂਬਰ ਸਵਾਰ ਸਨ। ਰੇਲਵੇ ਅਨੁਸਾਰ ਜ਼ਖਮੀਆਂ ਨੂੰ ਹਸਪਤਾਲ ਵਿਚ ਪਹੁੰਚਾਉਣ ਲਈ ਸਥਾਨਕ ਅਧਿਕਾਰੀਆਂ ਦੀ ਮਦਦ ਲਈ ਗਈ ਹੈ। ਰੇਲਵੇ ਅਨੁਸਾਰ ਹਾਦਸੇ ਸਬੰਧੀ ਹੋਰ ਜਾਣਕਾਰੀ ਪੂਰੀ ਰਿਪੋਰਟ ਮਿਲਣ ਉਪਰੰਤ ਦਿੱਤੀ ਜਾਵੇਗੀ।

# ਟਰੰਪ ਪ੍ਰਸ਼ਾਸਨ ਨੇ ਐਚ-1 ਬੀ ਵੀਜ਼ੇ ਜਾਰੀ ਕਰਨ ਤੋਂ ਰੋਕਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਸੀ

## ਵੀਜ਼ਾ ਇਨਕਾਰ ਦਰ 28% 'ਤੇ ਪੁੱਜੀ ਜੋ ਪਹਿਲਾਂ ਕੇਵਲ 6% ਸੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-**ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਐਚ-1 ਬੀ ਵੀਜ਼ਾ ਪ੍ਰੋਗਰਾਮ ਉਪਰ ਪਾਬੰਦੀਆਂ ਲਾਉਣ ਲਈ ਕੀਤੀਆਂ ਗਈਆਂ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਐਚ-1 ਬੀ ਵੀਜ਼ੇ ਜਾਰੀ ਕਰਨ ਨੂੰ ਰੋਕ ਨਹੀਂ ਸਕੇ ਹਾਲਾਂ ਕਿ ਉਹ ਵੀਜ਼ੇ ਜਾਰੀ ਕਰਨ ਦੀ ਰਫਤਾਰ ਨੂੰ ਘਟਾਉਣ ਵਿਚ ਸਫਲ ਰਹੇ। ਟਰੰਪ ਕਾਰਜਕਾਲ ਦੇ ਸ਼ੁਰੂਆਤੀ ਸਾਲਾਂ ਦੌਰਾਨ ਵੀਜ਼ੇ ਤੋਂ ਇਨਕਾਰ ਕਰਨ ਦੀ ਦਰ ਕਾਫੀ ਉੱਚੀ ਰਹੀ। ਟਰੰਪ ਕਾਰਜਕਾਲ ਦੇ ਆਖਰੀ ਸਾਲਾਂ ਵਿਚ ਵੀਜ਼ੇ ਤੋਂ ਇਨਕਾਰ ਕਰਨ ਦੀ ਦਰ ਬਹੁਤ ਹੇਠਾਂ ਆ ਗਈ ਸੀ। ਵਿਤੀ ਸਾਲ 2021 ਦੀਆਂ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਰੁਜ਼ਗਾਰ ਪ੍ਰਾਪਤ ਕਰਨ ਲਈ 39,501 ਐਚ-1 ਬੀ ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਜਦ ਕਿ 3401 ਵਿਅਕਤੀਆਂ ਨੂੰ ਵੀਜ਼ੇ ਦੇਣ ਤੋਂ ਨਾਂਹ ਕੀਤੀ ਗਈ। ਇਸ ਤਰਾਂ ਨਾਂਹ ਦਰ 7.1% ਰਹੀ। ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਿਸੀ (ਐਨ ਐਫ ਏ ਪੀ) ਦੁਆਰਾ ਜਾਰੀ ਅੰਕੜਿਆਂ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਇਨਾਂ ਅੰਕੜਿਆਂ ਅਨੁਸਾਰ ਵਿੱਤੀ ਸਾਲ 2020 ਦੀਆਂ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਇਨਕਾਰ ਦਰ ਸਭ ਤੋਂ ਉੱਚੀ 28.6% ਰਹੀ। 38150 ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਜਦ ਕਿ 15341 ਦਰਖਾਸਤਾਂ ਰੱਦ ਕਰ ਦਿੱਤੀਆਂ ਗਈਆਂ। ਸਾਲ 2018 ਵਿਚ ਐਚ-1ਬੀ ਵੀਜ਼ਾ ਇਨਕਾਰ ਦਰ 24% 'ਤੇ ਪਹੁੰਚ ਗਈ ਸੀ ਜਦ ਕਿ ਇਸ ਤੋਂ ਅਗਲੇ ਸਾਲ 2019 ਵਿਚ ਇਨਕਾਰ ਦਰ 21% ਰਹੀ। ਜੇਕਰ ਟਰੰਪ ਕਾਲ ਤੋਂ ਪਹਿਲਾਂ ਦੇ ਸਾਲ ਦੀ ਗੱਲ ਕਰੀਏ ਤਾਂ ਵਿੱਤੀ ਸਾਲ 2015 ਵਿਚ ਕੇਵਲ 6% ਦਰਖਾਸਤਕਰਤਾਵਾਂ ਨੂੰ ਵੀਜ਼ੇ ਤੋਂ ਨਾਂਹ ਕੀਤੀ ਗਈ ਸੀ ਤੇ ਬਾਕੀ ਸਾਰੇ ਯੋਗ ਨੌਜਵਾਨਾਂ ਨੂੰ ਵੀਜ਼ੇ ਜਾਰੀ ਕਰ ਦਿੱਤੇ ਗਏ ਸਨ। ਭਾਰਤ ਦੇ ਉੱਚ ਕੁਸ਼ਲ 70% ਉਮੀਦਵਾਰ ਐਚ-1 ਬੀ ਵੀਜ਼ੇ ਲੈਣ ਵਿਚ ਸਫਲ ਰਹੇ। ਐਨ ਐਫ ਏ ਪੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਆਪਣੇ ਸਮੁੱਚੇ ਕਾਰਜਕਾਲ ਦੌਰਾਨ ਐਚ-1 ਬੀ ਵੀਜ਼ੇ ਜਾਰੀ ਕਰਨ ਵਿਚ ਅੜਿਕੇ ਪਾਉਂਦਾ ਰਿਹਾ ਤੇ ਉਹ ਇਸ ਸਬੰਧੀ ਅਜਿਹੀਆਂ ਨੀਤੀਆਂ ਲਿਆਉਣ ਵਿਚ ਸਫਲ ਰਿਹਾ ਜਿਨਾਂ ਨੀਤੀਆਂ ਨੂੰ ਅਦਾਲਤਾਂ ਗੈਰ ਕਾਨੂੰਨੀ ਕਰਾਰ ਦਿੰਦੀਆਂ ਰਹੀਆਂ।

# ਕਾਬੁਲ ਡਰੋਨ ਹਮਲਾ ਦੁੱਖਦਾਈ ਗਲਤੀ ਸੀ, ਪੈਂਟਾਗਨ ਨੇ ਕੀਤਾ ਸਵੀਕਾਰ

## ਇਸ ਹਮਲੇ ਵਿਚ 7 ਬੱਚਿਆਂ ਸਮੇਤ 10 ਨਿਰਦੋਸ਼ ਮਾਰੇ ਗਏ ਸਨ ਤੇ ਕੋਈ ਵੀ ਅੱਤਵਾਦੀ ਨਹੀਂ ਮਰਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਰੱਖਿਆ ਵਿਭਾਗ ਨੇ ਮੰਨਿਆ ਹੈ ਕਿ ਪਿਛਲੇ ਮਹੀਨੇ ਕਾਬੁਲ ਵਿਚ ਕੀਤਾ ਡਰੋਨ ਹਮਲਾ ਇਕ ਭਿਆਨਕ ਗਲਤੀ ਸੀ ਜਿਸ ਵਿਚ ਕੋਈ ਵੀ ਅੱਤਵਾਦੀ ਨਹੀਂ ਮਰਿਆ ਜਦ ਕਿ 7 ਬੱਚਿਆਂ ਸਮੇਤ 10 ਨਿਰਦੋਸ਼ ਲੋਕ ਮਾਰੇ ਗਏ ਸਨ। ਸ਼ੁਰੂ ਵਿਚ ਅਮਰੀਕਾ ਨੇ ਇਸ ਹਮਲੇ ਵਿਚ ਅੱਤਵਾਦੀ ਮਾਰੇ ਜਾਣ ਦਾ ਦਾਅਵਾ ਕੀਤਾ ਸੀ ਤੇ ਇਸ ਹਮਲੇ ਨੂੰ ਉਚਿੱਤ ਠਹਿਰਾਇਆ ਸੀ। ਅਮਰੀਕੀ ਸੈਂਟਰਲ ਕਮਾਂਡ ਦੇ ਮੁੱਖੀ ਜਨਰਲ ਫਰੈਂਕ ਮੈਕਨਜੀ ਨੇ ਕਿਹਾ ਹੈ ਕਿ ਸਾਡੀ ਜਾਂਚ ਹੁਣ ਮੁਕੰਮਲ ਹੋਈ ਹੈ ਤੇ ਅਸੀਂ ਇਸ ਸਿੱਟੇ ਉਪਰ ਪੁੱਜੇ ਹਾਂ ਕਿ ਇਹ ਹਮਲਾ ਦੁਖਦਾਈ ਗਲਤੀ ਸੀ। ਮੈਕਨਜੀ ਨੇ ਕਿਹਾ ਕਿ 'ਅਮਰੀਕੀ ਫੌਜੀਆਂ ਨੇ ਇਕ ਚਿੱਟੇ ਰੰਗ ਦੀ ਟੋਇਟਾ ਕੋਰੋਲਾ ਦਾ ਲਗਾਤਾਰ 8 ਘੰਟੇ ਪਿੱਛਾ ਕੀਤਾ ਤੇ ਉਹ ਇਸ ਸਿੱਟੇ ਉਪਰ ਪੁੱਜੇ ਕਿ ਇਹ ਟੋਇਟਾ ਕੋਰੋਲਾ ਸਾਡੇ ਲਈ ਖਤਰਾ ਹੈ। ਸਾਨੂੰ 60 ਤੋਂ ਵਧ ਖੁਫੀਆ ਸੂਚਨਾਵਾਂ ਮਿਲੀਆਂ ਸਨ ਜਿਨਾਂ ਵਿਚ ਸੰਕੇਤ ਦਿੱਤਾ ਗਿਆ ਸੀ ਕਿ ਹਮਲਾ ਹੋਣ ਵਾਲਾ ਹੈ। ਇਸ ਉਪਰੰਤ 6 ਰੀਪਰ ਡਰੋਨ ਨੇ ਟੋਇਟਾ ਕੋਰੋਲਾ ਦਾ ਪਿੱਛਾ ਕਰਕੇ ਉਸ ਨੂੰ ਨਸ਼ਟ ਕਰ ਦਿੱਤਾ।' ਇਹ ਹਮਲਾ ਪਿਛਲੇ ਮਹੀਨੇ 29 ਅਗਸਤ ਨੂੰ ਉਸ ਵੇਲੇ ਕੀਤਾ ਗਿਆ ਸੀ ਜਦੋਂ ਅਫਗਾਨਿਸਤਾਨ ਵਿਚੋਂ ਅਮਰੀਕੀਆਂ ਤੇ ਹੋਰ ਲੋਕਾਂ ਨੂੰ ਕੱਢਣ ਲਈ ਅਫਰਾ ਤਫਰੀ ਦਾ ਮਾਹੌਲ ਬਣਿਆ ਹੋਇਆ ਸੀ। ਅਮਰੀਕੀ ਫੌਜ ਨੇ ਦਾਅਵਾ ਕੀਤਾ ਸੀ ਕਿ ਇਸ ਹਮਲੇ ਵਿਚ ਕਈ ਫਿਦਾਇਨ ਮਾਰੇ ਗਏ ਹਨ ਜੋ ਹਾਮਿਦ ਕਰਜ਼ਈ ਕੌਮਾਂਤਰੀ ਹਵਾਈ ਅੱਡੇ ਉਪਰ ਹਮਲਾ ਕਰਨ ਦੀ ਤਾਕ ਵਿਚ ਸਨ। ਇਹ ਵੀ ਦਾਅਵਾ ਕੀਤਾ ਸੀ ਕਿ ਜਿਸ ਗੱਡੀ ਵਿਚ ਫਿਦਾਇਨ ਸਵਾਰ ਸਨ ਉਹ ਧਮਾਕਾਖੇਜ਼ ਸਮੱਗਰੀ ਨਾਲ ਭਰੀ ਪਈ ਸੀ। ਇਸ ਦਾਅਵੇ ਦੇ ਤੁਰੰਤ ਬਾਅਦ ਅਮਰੀਕੀ ਫੌਜ ਦੇ ਹਮਲੇ ਵਿਚ ਇਕ ਪਰਿਵਾਰ ਦੇ ਕਈ ਮੈਂਬਰਾਂ ਦੇ ਮਾਰੇ ਜਾਣ ਦੀ ਰਿਪੋਰਟ ਸਾਹਮਣੇ ਆਈ ਸੀ ਜਿਸ 'ਤੇ ਪੈਂਟਾਗਨ ਨੇ ਵੀ ਆਮ ਨਾਗਰਿਕਾਂ ਦੇ ਮਾਰੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਸੀ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਭਾਰਤ ’ਚ ਫੈਲ ਗਿਆ ਕਿਸਾਨ ਅੰਦੋਲਨ

## 23 ਰਾਜਾਂ ’ਚੋਂ ਆਈਆਂ ਰਿਪੋਰਟਾਂ ਨੇ ਉਡਾਏ ਸਰਕਾਰ ਦੇ ਹੋਸ਼

*ਅੰਮ੍ਰਿਤਸਰ ਟਾਈਮਜ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਉੱਤੇ ਦਬਾਅ ਬਣਾਉਣ ਲਈ 27 ਸਤੰਬਰ ਦੇ ਬੰਦ ਦੇ ਸੱਦੇ ਨੂੰ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੁੰਦਾ ਹੈ ਕਿ 26-27 ਤਰੀਕ ਲੋਕਾਂ ਦੇ ਮਨਾਂ ਅੰਦਰ ਡੂੰਘੀ ਪ੍ਰਤੀਕਾਤਮਕ ਅਰਥ ਗ੍ਰਹਿਣ ਕਰ ਰਹੀ ਹੈ। ਕਿਸਾਨਾਂ ਨੇ 26 ਨਵੰਬਰ 2020 ਨੂੰ ‘ਦਿੱਲੀ ਚੱਲੋ’ ਦਾ ਨਾਅਰਾ ਦਿੱਤਾ ਸੀ। ਇਸ ਤੋਂ ਪਿੱਛੋਂ ਹਰ ਮਹੀਨੇ ਦੀ 26 ਤਰੀਕ ਨੂੰ ਕਿਸਾਨ ਅੰਦੋਲਨ ਕੋਈ ਵੱਡਾ ਸੱਦਾ ਦਿੰਦਾ ਹੈ। ਭਾਰਤ ਬੰਦ ਤੋਂ ਮਿਲੀਆਂ ਰਿਪੋਰਟਾਂ ਤੋਂ ਇਹ ਸੰਕੇਤ ਮਿਲ ਰਿਹਾ ਹੈ ਕਿ ਇਸ ਵਾਰ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਤੋਂ ਇਲਾਵਾ ਦੇਸ਼ ਦੇ ਲਗਭਗ ਸਾਰੇ ਰਾਜਾਂ ਵਿਚ ਸੜਕਾਂ-ਰੇਲਾਂ ਜਾਮ, ਸ਼ਹਿਰਾਂ ਅੰਦਰ ਮੁਜ਼ਾਹਰੇ ਅਤੇ ਹੋਰ ਦਿਖਾਵੇ ਹੋਏ ਹਨ। ਚੇਨਈ, ਮੰਗਲੁਰੂ, ਮੁੰਬਈ, ਜੈਪੁਰ, ਪਟਨਾ ਜਿਹੇ ਵੱਡੇ ਸ਼ਹਿਰਾਂ ਵਿਚ ਪ੍ਰਦਰਸ਼ਨ ਕੀਤੇ ਗਏ ਹਨ। ਦੇਸ਼ ਦੀਆਂ ਬਹੁਤ ਸਾਰੀਆਂ ਵਿਰੋਧੀ ਧਿਰਾਂ ਨੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਕੀਤੀ ਹੈ। ਬੰਦ ਦੌਰਾਨ ਮੁੱਖ ਸੜਕਾਂ ਉੱਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਅਤੇ ਰੇਲਾਂ ਵਿਚ ਵੀ ਬਹੁਤ ਸਾਰੇ ਯਾਤਰੀ ਫਸੇ ਰਹੇ। ਬੰਦ ਦੌਰਾਨ ਜ਼ਰੂਰੀ ਸੇਵਾਵਾਂ ਜਿਵੇਂ ਐਂਬੂਲੈਂਸਾਂ, ਸਕੂਲ ਬੱਸਾਂ ਆਦਿ ਨੂੰ ਛੋਟ ਦਿੱਤੀ ਗਈ ਸੀ। ਕਿਸਾਨਾਂ ਨੇ ਲੰਗਰ-ਪਾਣੀ ਦਾ ਪ੍ਰਬੰਧ ਕਰਨ ਕਰਕੇ ਯਾਤਰੀਆਂ ਦੀ ਮੁਸ਼ਕਿਲ ਹੱਲ ਕਰਨ ਦੀ ਕੋਸ਼ਿਸ਼ ਕੀਤੀ।*

*ਗੋਦੀ ਮੀਡੀਆ ਨੇ ਜਾਮ ਵਿਚ ਫਸੇ ਲੋਕਾਂ ਦੀ ਪ੍ਰੇਸ਼ਾਨੀ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ। ਇਕਪਾਸੜ ਰਿਪੋਰਟਿੰਗ ਨਾਲ ਅਸਲ ਮੁੱਦੇ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਇਨਸਾਫ਼ ਪਸੰਦੀ ਦੇ ਖ਼ਿਲਾਫ਼ ਮੰਨੀ ਜਾਂਦੀ ਹੈ। ਕਿਸਾਨ ਆਗੂਆਂ ਦਾ ਦਾਅਵਾ ਹੈ ਕਿ ਉਨਾਂ ਮੁਜ਼ੱਫਰਨਗਰ ਮਹਾਂਪੰਚਾਇਤ ਅਤੇ ਹੋਰ ਵੱਡੇ ਇਕੱਠ ਕੀਤੇ ਹਨ। ਜਦੋਂ ਸਰਕਾਰਾਂ ਗੱਲਬਾਤ ਕਰਨ ਲਈ ਤਿਆਰ ਨਾ ਹੋਣ ਤਾਂ ਜਮਹੂਰੀ ਅਤੇ ਸ਼ਾਂਤਮਈ ਤਰੀਕੇ ਨਾਲ ਵਿਰੋਧ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਇਸ ਲੰਮੇ ਅਤੇ ਸ਼ਾਂਤਮਈ ਅੰਦੋਲਨ ਦੇ ਦਾਇਰੇ ਦਾ ਵਿਸ਼ਾਲ ਹੁੰਦਾ ਜਾਣਾ ਦਰਸਾਉਂਦਾ ਹੈ ਕਿ ਮੁੱਦਾ ਕੇਵਲ ਤਿੰਨ ਕਾਨੂੰਨਾਂ ਤੱਕ ਸੀਮਤ ਨਹੀਂ ਰਿਹਾ ਬਲਕਿ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਰਾਜ਼ ਅਤੇ ਵੱਖ ਵੱਖ ਸਮੱਸਿਆਵਾਂ ਨਾਲ ਜੂਝਣ ਵਾਲੇ ਲੋਕਾਂ ਨੂੰ ਵੀ ਕਿਸਾਨ ਅੰਦੋਲਨ ਵਿਚੋਂ ਉਮੀਦ ਦੀ ਕਿਰਨ ਨਜ਼ਰ ਆਉਣ ਲੱਗੀ ਹੈ। ਇਸ ਅੰਦੋਲਨ ਨੇ ਲੋਕਾਂ ਅੰਦਰ ਆਪਣੀ ਗੱਲ ਕਹਿਣ ਦੀ ਹਿੰਮਤ ਪੈਦਾ ਕੀਤੀ ਹੈ।*

**ਨਵੀਂ ਦਿੱਲੀ/ਏ.ਟੀ.ਨਿਊਜ਼ :** ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਪੂਰੇ ਦੇਸ਼ ਵਿੱਚ ਫੈਲ ਗਿਆ ਹੈ। ਇਸ ਮਿਸਾਲ ਭਾਰਤ ਬੰਦ ਦੌਰਾਨ ਵੇਖਣ ਨੂੰ ਮਿਲੀ। ਬੇਸ਼ੱਕ ਪੰਜਾਬ ਤੇ ਹਰਿਆਣਾ ਵਿੱਚ ਮੁਕੰਮਲ ਬੰਦ ਰਿਹਾ ਪਰ ਦੇਸ਼ ਦੇ ਤਕਰੀਬਨ 23 ਰਾਜਾਂ ਵਿੱਚ ਭਾਰਤ ਬੰਦ ਦਾ ਅਸਰ ਵੇਖਿਆ ਗਿਆ। ਸੂਤਰਾਂ ਮੁਤਾਬਕ ਸਰਕਾਰ ਤਾਜ਼ਾ ਰਿਪੋਰਟਾਂ ’ਤੇ ਹੈਰਾਨ ਤੇ ਪ੍ਰੇਸ਼ਾਨ ਸੀ। ਸਰਕਾਰ ਨੂੰ ਲੱਗਦਾ ਸੀ ਕਿ ਅੰਦੋਲਨ ਦਾ ਅਸਰ ਪੰਜਾਬ ਤੇ ਹਰਿਆਣਾ ਤੱਕ ਹੀ ਹੈ ਪਰ ਹੁਣ ਇਹ ਅੰਦੋਲਨ ਦੇਸ਼ ਭਰ ਵਿੱਚ ਫੈਲ ਗਿਆ ਹੈ। ਅਹਿਮ ਗੱਲ ਹੈ ਕਿ 27 ਸਤੰਬਰ ਦੇ ਐਕਸ਼ਨ ਨੂੰ ਕਿਸਾਨਾਂ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਨੇ ਹਮਾਇਤ ਦਿੱਤੀ। ਕਿਸਾਨ ਲੀਡਰਾਂ ਦਾ ਦਾਅਵਾ ਹੈ ਕਿ ਹੁਣ ਇਹ ਜਨ ਅੰਦੋਲਨ ਬਣ ਗਿਆ ਹੈ।

ਦਰਅਸਲ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਜਾਰੀ ਅੰਦੋਲਨ ਨੂੰ 10 ਮਹੀਨੇ ਤੋਂ ਵੱਧ ਦਾ ਸਮਾਂ ਹੋਣ ’ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ 27 ਸਤੰਬਰ ਨੂੰ ਭਾਰਤ ਬੰਦ ਕੀਤਾ ਗਿਆ। ਭਾਰਤ ਬੰਦ ਨੂੰ ਉੱਤਰ ਤੋਂ ਲੈ ਕੇ ਦੱਖਣੀ ਭਾਰਤ ਦੇ ਕਈ ਰਾਜਾਂ ਤੱਕ ਭਰਵਾਂ ਹੁੰਗਾਰਾ ਮਿਲਿਆ। ਦੇਸ਼ ’ਚ 10 ਘੰਟਿਆਂ ਦੇ ਬੰਦ ਦੌਰਾਨ ਕਿਸਾਨਾਂ ਸਮੇਤ ਹੋਰ ਲੋਕਾਂ ਨੇ ਸੜਕਾਂ ਜਾਮ ਰੱਖੀਆਂ। ਬੰਦ ਕਾਰਨ ਸੜਕ ਅਤੇ ਰੇਲ ਆਵਾਜਾਈ ਵੱਡੇ ਪੱਧਰ ’ਤੇ ਪ੍ਰਭਾਵਿਤ ਹੋਈ।

ਮੀਡੀਆ ਰਿਪੋਰਟਾਂ ਮੁਤਾਬਕ ਭਾਰਤ ਬੰਦ ਨੂੰ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼ ਸਮੇਤ 23 ਤੋਂ ਵੱਧ ਰਾਜਾਂ ’ਚ ਜ਼ੋਰਦਾਰ ਹਮਾਇਤ ਮਿਲੀ। ਮੋਰਚੇ ਵੱਲੋਂ ਦਾਅਵਾ ਕੀਤਾ ਗਿਆ ਕਿ ਆਂਧਰਾ ਪ੍ਰਦੇਸ਼, ਅਸਾਮ, ਬਿਹਾਰ, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਝਾਰਖੰਡ, ਕੇਰਲਾ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਪਾਂਡੀਚੇਰੀ, ਰਾਜਸਥਾਨ, ਤਾਮਿਲਨਾਡੂ, ਤਿਲੰਗਾਨਾ, ਤ੍ਰਿਪੁਰਾ, ਉੱਤਰਾਖੰਡ ਤੇ ਪੱਛਮੀ ਬੰਗਾਲ ’ਚ ਵੀ ਥਾਂ-ਥਾਂ ’ਤੇ ਪ੍ਰਦਰਸ਼ਨ ਕੀਤੇ ਗਏ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਬੰਦ ਨੂੰ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਭਾਰਤ ਦੇ ਲੋਕ ਕਿਸਾਨਾਂ ਦੀਆਂ ਜਾਇਜ਼ ਮੰਗਾਂ ਤੇ ਕਈ ਖੇਤਰਾਂ ਵਿੱਚ ਲੋਕ ਵਿਰੋਧੀ ਨੀਤੀਆਂ ਪ੍ਰਤੀ ਮੋਦੀ ਸਰਕਾਰ ਦੇ ਅੜੀਅਲ, ਗੈਰ-ਵਾਜਬ ਅਤੇ ਹਉਮੈ ਭਰੇ ਰੁਖ ਤੋਂ ਥੱਕ ਗਏ ਹਨ। ਬੰਦ ਨੂੰ ਮੋਰਚੇ ਵਿੱਚ ਸ਼ਾਮਲ 40 ਕਿਸਾਨ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸਿਆਸੀ ਪਾਰਟੀਆਂ, ਮੁਲਾਜ਼ਮ ਜਥੇਬੰਦੀਆਂ, ਟਰਾਂਸਪੋਰਟ, ਟੈਕਸੀ, ਆਟੋ, ਬਾਰ ਐਸੋਸੀਏਸ਼ਨਾਂ, ਮਾਰਕਿਟ ਕਮੇਟੀਆਂ/ਸੰਸਥਾਵਾਂ ਤੇ ਵਪਾਰੀ ਸੰਗਠਨਾਂ ਦਾ ਸਮਰਥਨ ਹਾਸਲ ਸੀ।

ਉਧਰ, ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਭਾਰਤ ਬੰਦ ਪੂਰੀ ਤਰਾਂ ਸਫ਼ਲ ਰਿਹਾ। ਉਨਾਂ ਕਿਹਾ ਕਿ ਕਿਸਾਨਾਂ ਨੂੰ ਬੰਦ ਦੌਰਾਨ ਭਰਪੂਰ ਸਮਰਥਨ ਮਿਲਿਆ ਹੈ। ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਛੇਤੀ ਹੀ ਭਵਿੱਖ ਦੀ ਰਣਨੀਤੀ ਬਣਾਈ ਜਾਵੇਗੀ।

**ਬੰਦ ਪੂਰੀ ਤਰਾਂ ਸਫ਼ਲ ਰਿਹਾ : ਟਿਕੈਤ**

ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਭਾਰਤ ਬੰਦ ਪੂਰੀ ਤਰਾਂ ਸਫ਼ਲ ਰਿਹਾ। ਉਨਾਂ ਕਿਹਾ ਕਿ ਕਿਸਾਨਾਂ ਨੂੰ ਬੰਦ ਦੌਰਾਨ ਭਰਪੂਰ ਸਮਰਥਨ ਮਿਲਿਆ ਹੈ। ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਛੇਤੀ ਹੀ ਭਵਿੱਖ ਦੀ ਰਣਨੀਤੀ ਬਣਾਈ ਜਾਵੇਗੀ। ‘ਅਸੀਂ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਾਂ, ਪਰ ਕੋਈ ਗੱਲਬਾਤ ਨਹੀਂ ਹੋ ਰਹੀ ਹੈ।’ ਉਨਾਂ ਕਿਹਾ ਕਿ ਕਿਸਾਨ ਪਿਛਲੇ 10 ਮਹੀਨਿਆਂ ਤੋਂ ਆਪਣੇ ਘਰ-ਬਾਰ ਛੱਡ ਕੇ ਸੜਕਾਂ ’ਤੇ ਹਨ ਪਰ ਬੋਲੀ ਅਤੇ ਅੰਨੀ ਸਰਕਾਰ ਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ ਹੈ ਅਤੇ ਨਾ ਹੀ ਉਹ ਕੁਝ ਸੁਣ ਰਹੀ ਹੈ। ਉਨਾਂ ਕਿਹਾ ਕਿ ਯੂਪੀ ’ਚ ਯੋਗੀ ਆਦਿੱਤਿਆਨਾਥ ਨੇ ਮੈਨੀਫੈਸਟੋ ਵਿੱਚ ਗੰਨੇ ਦੀ ਕੀਮਤ 375-450 ਰੁਪਏ ਤੱਕ ਵਧਾਉਣ ਦਾ ਵਾਅਦਾ ਕੀਤਾ ਸੀ ਪਰ ਉਨਾਂ ਇਸ ਵਿੱਚ ਸਿਰਫ਼ 25 ਰੁਪਏ ਦਾ ਵਾਧਾ ਕੀਤਾ ਹੈ। ਉਨਾਂ ਕਿਹਾ ਕਿ ਸਰਕਾਰ ਪੂਰੀ ਤਰਾਂ ਅਸਫ਼ਲ ਹੋ ਚੁੱਕੀ ਹੈ ਅਤੇ ਫਸਲਾਂ ਨੂੰ ਘੱਟੋ ਘੱਟ ਸਮਰਥਨ ਮੁੱਲ ’ਤੇ ਨਹੀਂ ਖਰੀਦਿਆ ਜਾ ਰਿਹਾ ਹੈ।ਉਨਾਂ ਕਿਹਾ ਕਿ ਅਸੀਂ ਦਸ ਸਾਲ ਵੀ ਅੰਦੋਲਨ ਚਲਾ ਸਕਦੇ ਹਾਂ।

ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਮੁਕੰਮਲ ਬੰਦ ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ ਮਿਲਿਆ। ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ’ਚ ਵੱਖ-ਵੱਖ ਥਾਵਾਂ ’ਤੇ ਕਿਸਾਨ ਤੇ ਹੋਰ ਜਥੇਬੰਦੀਆਂ ਨੇ ਸੜਕ ਤੇ ਰੇਲ ਆਵਾਜਾਈ ਰੋਕ ਕੇ ਸਵੇਰੇ 6 ਵਜੇ ਤੋਂ ਸ਼ਾਮ 4 ਵਜੇ ਤੱਕ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਬੰਦ ਦੌਰਾਨ ਪੰਜਾਬ ਵਿਚ ਜਿਥੇ ਸੜਕ ਤੇ ਰੇਲ ਆਵਾਜਾਈ ਮੁਅੱਤਲ ਰਹੀ, ਉਥੇ ਜ਼ਿਆਦਾਤਰ ਥਾਵਾਂ ’ਤੇ ਦੁਕਾਨਾਂ, ਵਪਾਰਕ ਅਦਾਰੇ ਅਤੇ ਵਿੱਦਿਅਕ ਅਦਾਰੇ ਬੰਦ ਰਹੇ। ਬੰਦ ਦੌਰਾਨ ਹਸਪਤਾਲ ਤੇ ਮੈਡੀਕਲ ਸਟੋਰਾਂ ਸਮੇਤ ਸਾਰੀਆਂ ਐਮਰਜੈਂਸੀ ਸੇਵਾਵਾਂ ਨੂੰ ਛੋਟ ਦਿੱਤੀ ਗਈ ਸੀ।

ਪ੍ਰਦਰਸ਼ਨਕਾਰੀ ਕਿਸਾਨਾਂ ਤੇ ਸਮਰਥਕਾਂ ਨੇ ਅੰਮ੍ਰਿਤਸਰ, ਜਲੰਧਰ, ਰੂਪਨਗਰ, ਪਠਾਨਕੋਟ, ਸੰਗਰੂਰ, ਮੁਹਾਲੀ, ਲੁਧਿਆਣਾ, ਫ਼ਿਰੋਜ਼ਪੁਰ ਅਤੇ ਬਠਿੰਡਾ ਸਮੇਤ ਸਾਰੇ ਜ਼ਿਲਿਆਂ ਵਿਚ ਰਾਸ਼ਟਰੀ ਤੇ ਰਾਜ ਮਾਰਗਾਂ ਨੂੰ ਜਾਮ ਕਰ ਦਿੱਤਾ। ਸੂਬੇ ‘ਚ ਜ਼ਿਆਦਾਤਰ ਥਾਵਾਂ ’ਤੇ ਕਿਸਾਨਾਂ ਨੇ ਮੁੱਖ ਮਾਰਗਾਂ ’ਤੇ ਟਰੈਕਟਰ-ਟਰਾਲੀਆਂ ਖੜੀਆਂ ਕਰਕੇ ਆਵਾਜਾਈ ਰੋਕੀ ਹੋਈ ਸੀ। ਕਿਸਾਨਾਂ ਵਲੋਂ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਕੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਵਲੋਂ ਪਟਿਆਲਾ-ਜੀਂਦ, ਜਲੰਧਰ-ਪਠਾਨਕੋਟ, ਚੰਡੀਗੜ-ਅੰਬਾਲਾ, ਜ਼ੀਰਕਪੁਰ-ਪਟਿਆਲਾ ਅਤੇ ਹੋਰ ਰਾਸ਼ਟਰੀ ਮਾਰਗਾਂ ਨੂੰ ਬੰਦ ਕੀਤਾ ਹੋਇਆ ਸੀ ਅਤੇ ਕਈ ਥਾਵਾਂ ’ਤੇ ਕਿਸਾਨਾਂ ਨੇ ਰੇਲਵੇ ਲਾਈਨਾਂ ’ਤੇ ਧਰਨੇ ਲਗਾਏ ਹੋਏ ਸਨ। ਹਰਿਆਣਾ ਦੇ ਸਿਰਸਾ, ਫਤਿਆਬਾਦ, ਕੁਰੂਕਸ਼ੇਤਰ, ਪਾਣੀਪਤ, ਹਿਸਾਰ, ਚਰਖੀ ਦਾਦਰੀ, ਕਰਨਾਲ, ਕੈਂਥਲ, ਰੋਹਤਕ, ਝੱਜਰ ਅਤੇ ਪੰਚਕੂਲਾ ਜ਼ਿਲਿਆਂ ’ਚ ਵੀ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰੀ ਮਾਰਗ ਜਾਮ ਕੀਤਾ। ਚੰਡੀਗੜ ’ਚ ਹਾਲਾਂਕਿ ਬੰਦ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ।



### ਖੁੱਲੇ ਰਹੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ, ਕਿਸਾਨ ਆਗੂ ਨਰਾਜ਼

**ਅੰਮ੍ਰਿਤਸਰ/ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚੇ ਦੇ ਭਾਰਤ ਬੰਦ ਦੇ ਸੱਦੇ ਦੌਰਾਨ ਸ਼੍ਰੋਮਣੀ ਕਮੇਟੀ ਦਾ ਮੁੱਖ ਦਫ਼ਤਰ ਆਮ ਵਾਂਗ ਖੁੱਲਾ ਰਿਹਾ ਹੈ ਅਤੇ ਮੁਲਾਜ਼ਮ ਵੀ ਕੰਮ ’ਤੇ ਹਾਜ਼ਰ ਸਨ। ਇਸ ਦੀ ਪੁਸ਼ਟੀ ਇਕ ਉੱਚ ਅਧਿਕਾਰੀ ਵੱਲੋਂ ਵੀ ਕੀਤੀ ਗਈ ਹੈ। ਭਾਵੇਂ ਸ਼੍ਰੋਮਣੀ ਕਮੇਟੀ ਨੇ ਆਪਣੇ ਸਮੂਹ ਵਿੱਦਿਅਕ ਅਦਾਰਿਆਂ ਵਿੱਚ ਤਾਂ ਛੁੱਟੀ ਕੀਤੀ ਗਈ ਸੀ ਪਰ ਮੁੱਖ ਦਫ਼ਤਰ ਖੁੱਲਾ ਰਹਿਣ ਕਾਰਨ ਕਿਸਾਨਾਂ ’ਚ ਰੋਸ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੱਲ ਕਰਨ ’ਤੇ ਕਿਹਾ ਕਿ ਉਹ ਦੋ ਦਿਨ ਤੋਂ ਸੂਬੇ ਤੋਂ ਬਾਹਰ ਹਨ।

ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਦੇਵ ਸਿੰਘ ਸਿਰਸਾ ਨੇ ਸ਼੍ਰੋਮਣੀ ਕਮੇਟੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਕ ਪਾਸੇ ਸ਼੍ਰੋਮਣੀ ਕਮੇਟੀ ਕਿਸਾਨ ਮੋਰਚਿਆਂ ’ਚ ਲੰਗਰ ਲਗਾ ਰਹੀ ਹੈ ਪਰ ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਬੰਦ ਦੇ ਸੱਦੇ ਨੂੰ ਅੱਖੋਂ-ਪਰੋਖੇ ਵੀ ਕਰ ਰਹੀ ਹੈ। ਦਫ਼ਤਰ ਖੁੱਲੇ ਰੱਖਣ ਕਾਰਨ ਮੁਲਾਜ਼ਮਾਂ ਵਿੱਚ ਰੋਸ ਹੈ ਕਿਉਂਕਿ ਵਧੇਰੇ ਮੁਲਾਜ਼ਮ ਕਿਸਾਨੀ ਕਿੱਤੇ ਨਾਲ ਜੁੜੇ ਹੋਏ ਹਨ।

ਉਨਾਂ ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ’ਤੇ ਵਿਅੰਗ ਕਰਦਿਆਂ ਕਿਹਾ ਕਿ ਜਥੇਬੰਦੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾਅਵਾ ਕਰਦੇ ਹਨ ਕਿ ਕਿਸਾਨ ਹਿੱਤਾਂ ਲਈ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੁਰਸੀ ਤਿਆਗ ਦਿੱਤੀ ਹੈ ਪਰ ਅੱਜ ਦੀ ਇਸ ਕਾਰਵਾਈ ਨਾਲ ਉਨਾਂ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ। ਇਸ ਦੌਰਾਨ ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਨੇ ਅੱਜ ਕਿਸਾਨਾਂ ਦੇ ਸਮਰਥਨ ਵਿੱਚ ਆਪਣੇ ਸਮੂਹ ਵਿੱਦਿਅਕ ਅਦਾਰੇ ਅਤੇ ਹੋਰ ਸੰਸਥਾਵਾਂ ਬੰਦ ਰੱਖੀਆਂ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਹਾਈਕਮਾਨਾਂ ਦੀ ਬਾਦਸ਼ਾਹਤ-ਕਠਪੁਤਲੀਆਂ ਵਾਂਗ ਬਦਲ ਰਹੀ ਹੈ ਮੁੱਖ ਮੰਤਰੀ

**ਅਭੈ ਕੁਮਾਰ ਦੂਬੇ**

ਪਾਠਕਾਂ ਨੂੰ ਯਾਦ ਹੋਵੇਗਾ ਕਿ ਇਸੇ ਸਬੰਧ 'ਚ ਮੈਂ ਕਰੀਬ ਤਿੰਨ ਮਹੀਨੇ ਪਹਿਲਾਂ ਲਿਖਿਆ ਸੀ ਕਿ ਸਾਡੀ ਰਾਜਨੀਤੀ ਵਿਚ ਮੁੱਖ ਮੰਤਰੀਆਂ ਨੂੰ ਲਗਾਤਾਰ ਆਕਸੀਜਨ ਦੇ ਰੂਪ ਵਿਚ ਆਪਣੀ ਪਾਰਟੀ ਦੀ ਹਾਈਕਮਾਨ ਦਾ ਆਸ਼ੀਰਵਾਦ ਲੈਂਦੇ ਰਹਿਣਾ ਪੈਂਦਾ ਹੈ। ਚਾਹੇ ਇੰਦਰਾ ਗਾਂਧੀ ਦਾ ਜ਼ਮਾਨਾ ਹੋਵੇ ਜਾਂ ਨਰਿੰਦਰ ਮੋਦੀ ਦਾ, ਕੇਂਦਰ 'ਚ ਸੱਤਾ ਤਾਂ ਸਥਿਰ ਰਹਿੰਦੀ ਹੈ, ਪਰ ਹਾਈਕਮਾਨ ਦੀ ਭੂਮਿਕਾ ਕਾਰਨ ਰਾਜਾਂ ਦੀ ਪੱਧਰ 'ਤੇ ਸੱਤਾ ਅਕਸਰ ਅਸੁਰੱਖਿਆ, ਅਸਥਿਰਤਾ ਅਤੇ ਉਥਲ-ਪੁਥਲ ਵਿਚ ਫਸੀ ਹੋਈ ਦਿਖਦੀ ਹੈ। ਮੈਂ ਇਹ ਵੀ ਲਿਖਿਆ ਸੀ ਕਿ ਰਾਜਨੀਤਕ ਸਥਿਰਤਾ ਕੇਵਲ ਉਨਾਂ ਰਾਜਾਂ 'ਚ ਹੈ, ਜਿੱਥੇ ਰਾਸ਼ਟਰੀ ਪਾਰਟੀਆਂ ਦੀਆਂ ਨਾ ਹੋ ਕੇ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਹਨ। ਖੇਤਰੀ ਪਾਰਟੀਆਂ ਦੀ ਰਾਜਨੀਤੀ ਦਾ ਢਾਂਚਾ ਅਲੱਗ ਤਰਾਂ ਦਾ ਹੈ। ਉਨਾਂ ਦੇ ਮੁੱਖ ਮੰਤਰੀ ਨੂੰ ਹਾਈਕਮਾਨ ਦੇ ਆਸ਼ੀਰਵਾਦ ਦੀ ਜ਼ਰੂਰਤ ਨਹੀਂ ਹੁੰਦੀ, ਕਿਉਂਕਿ ਉੱਥੇ ਮੁੱਖ ਮੰਤਰੀ ਹੀ ਹਾਈਕਮਾਨ ਹੁੰਦਾ ਹੈ।

ਅਜਿਹੀਆਂ ਸਰਕਾਰਾਂ ਸਿਰਫ਼ ਉਦੋਂ ਹੀ ਅਸਥਿਰ ਹੁੰਦੀਆਂ ਹਨ, ਜਦੋਂ ਉਨਾਂ ਦੀ ਸਿਖਰਲੀ ਅਗਵਾਈ ਅੰਦਰ ਹੀ ਕੋਈ ਬਗ਼ਾਵਤ ਹੋ ਜਾਵੇ। ਉੜੀਸਾ ਵਿਚ ਅਜਿਹਾ ਹੀ ਹੋ ਚੁੱਕਾ ਹੈ। ਨਵੀਨ ਪਟਨਾਇਕ ਨੇ ਉਸ ਬਗ਼ਾਵਤ ਨੂੰ ਸਿਰ ਚੁੱਕਣ ਤੋਂ ਪਹਿਲਾਂ ਹੀ ਮਿੱਟੀ ਵਿਚ ਮਿਲਾ ਦਿੱਤਾ ਸੀ। ਅਜਿਹੀ ਸਫਲ ਬਗ਼ਾਵਤ ਦਾ ਉਦਾਹਰਨ ਤੇਲਗੂ ਦੇਸ਼ਮ ਪਾਰਟੀ ਦਾ ਵੀ ਹੈ, ਜਦੋਂ ਐਨ.ਟੀ.ਆਰ. ਦੀ ਉੱਤਰਾਧਿਕਾਰੀ ਲਕਸ਼ਮੀ ਪਾਰਵਤੀ ਦੀ ਰਾਜਨੀਤੀ ਰਾਮਰਾਓ ਦੇ ਜਵਾਈ ਚੰਦਰ ਬਾਬੂ ਨਾਇਡੂ ਨੇ ਹੀ ਖ਼ਤਮ ਕਰ ਦਿੱਤੀ ਸੀ। ਇਸ ਦੇ ਨਾਲ ਮੇਰਾ ਵਿਸ਼ਲੇਸ਼ਣ ਸੀ ਕਿ ਪੁਰਾਣੀ ਕਾਂਗਰਸ (ਇੰਦਰਾ ਗਾਂਧੀ ਤੋਂ ਪਹਿਲਾਂ ਦੀ) ਵਿਚ ਮਜ਼ਬੂਤ ਖੇਤਰ ਲੀਡਰ ਹੋਇਆ ਕਰਦੇ ਸਨ, ਜੋ ਸੂਬੇ ਦੀ ਰਾਜਨੀਤੀ 'ਤੇ ਆਪਣੀ ਪਕੜ ਦੇ ਕਾਰਨ ਕੇਂਦਰ ਨੂੰ ਪ੍ਰਭਾਵਿਤ ਕਰਨ ਦਾ ਰੁਤਬਾ ਰੱਖਦੇ ਸਨ। ਪੁਰਾਣੀ ਭਾਜਪਾ (ਨਰਿੰਦਰ ਮੋਦੀ ਤੋਂ ਪਹਿਲਾਂ ਦੀ) ਵਿਚ ਵੀ ਮਜ਼ਬੂਤ ਖੇਤਰੀ ਲੀਡਰ ਹੁੰਦੇ ਸਨ। ਅੱਜ ਉਨਾਂ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ। ਹੁਣ ਮੁੱਖ ਮੰਤਰੀ ਹਾਈਕਮਾਨ ਦਾ ਮੋਹਰਾ ਹੁੰਦਾ ਹੈ। ਰਾਜ ਦਾ ਸ਼ਾਸਨ ਪੀ.ਐਮ.ਓ. ਦੀ ਸਖ਼ਤ ਨਿਗਰਾਨੀ ਹੇਠ ਚਲਦਾ ਹੈ। ਹਰ ਚੋਣ 'ਸਰਬਉੱਚ ਨੇਤਾ' ਦੇ ਚਿਹਰੇ 'ਤੇ ਲੜੀ ਜਾਂਦੀ ਹੈ। ਲੋਕਤੰਤਰਿਕ ਰਾਜਨੀਤੀ ਦਾ ਇਸ ਤੋਂ ਜ਼ਿਆਦਾ ਕੇਂਦਰੀਕਰਨ ਨਹੀਂ ਹੋ ਸਕਦਾ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕੇਂਦਰ ਦੀ ਸੱਤਾ ਰਾਜਾਂ ਦੀ ਰਾਜਨੀਤੀ ਦਾ ਜੋੜ ਨਹੀਂ ਰਹਿ ਗਈ।

ਪਹਿਲਾਂ ਗੁਜਰਾਤ ਵਿਚ ਭਾਜਪਾ ਦੀ ਹਾਈਕਮਾਨ ਨੇ ਅਤੇ ਫਿਰ ਪੰਜਾਬ 'ਚ ਕਾਂਗਰਸ ਦੀ ਹਾਈਕਮਾਨ ਨੇ ਜੋ ਕੀਤਾ, ਉਸ ਨੇ ਮੇਰੀਆਂ ਇਨਾਂ ਗੱਲਾਂ ਦੀ ਵੱਧ ਜਾਂ ਘੱਟ ਤਸਦੀਕ ਕਰ ਦਿੱਤੀ ਹੈ। ਦੋਵਾਂ ਮਾਮਲਿਆਂ ਵਿਚ ਇਕ ਵੱਡਾ ਅੰਤਰ ਹੈ, ਜਿਸ ਦੇ ਆਧਾਰ 'ਤੇ ਅਸੀਂ ਹਾਈਕਮਾਨ ਸੱਭਿਆਚਾਰ ਦੀ ਸਮਝ ਫਿਰ ਤੋਂ ਬਣਾ ਸਕਦੇ ਹਾਂ। ਦਿਲਚਸਪ ਗੱਲ ਇਹ ਹੈ ਕਿ ਇਸ ਅੰਤਰ ਦੇ ਬਾਵਜੂਦ ਦੋਵਾਂ ਦਾ ਨਤੀਜਾ



ਇਕ ਹੀ ਹੈ। ਗੁਜਰਾਤ ਦੇ ਮੁੱਖ ਮੰਤਰੀ ਹਾਈਕਮਾਨ ਦੇ ਨਿਰਦੇਸ਼ਾਂ 'ਤੇ ਚੱਲ ਰਹੇ ਸਨ, ਇਸ ਲਈ ਹਟਾਏ ਗਏ। ਪੰਜਾਬ ਦੇ ਮੁੱਖ ਮੰਤਰੀ ਇਸ ਲਈ ਹਟਾਏ ਗਏ ਕਿ ਕਿਉਂਕਿ ਉਹ ਹਾਈਕਮਾਨ ਦੀ ਤਾਬਿਆਦਾਰੀ ਕਰਨ ਤੋਂ ਇਨਕਾਰ ਕਰ ਰਹੇ ਸਨ। ਗੁਜਰਾਤ ਵਿਚ ਹਟਾਏ ਗਏ ਮੁੱਖ ਮੰਤਰੀ ਵਿਜੈ ਰੁਪਾਨੀ ਦੀ ਭਾਜਪਾ ਦੀ ਕੇਂਦਰੀ ਅਗਵਾਈ ਪ੍ਰਤੀ ਵਫ਼ਾਦਾਰੀ ਤਾਂ ਅਜਿਹੀ ਸੀ ਕਿ ਮਹਾਂਮਾਰੀ ਨਾਲ ਲੜਨ ਲਈ ਕਿਸ ਕੰਪਨੀ ਤੋਂ ਵੈਂਟੀਲੇਟਰ ਖ਼ਰੀਦੇ ਜਾਣ, ਇਹ ਵੀ ਤੈਅ ਕਰਨ ਲਈ ਦਿੱਲੀ ਤੋਂ ਆਦੇਸ਼ ਦੀ ਉਡੀਕ ਕੀਤੀ ਜਾਂਦੀ ਸੀ। ਜ਼ਾਹਰ ਸੀ ਕਿ ਉਹ ਪੂਰੀ ਤਰਾਂ ਨਾਲ ਕਠਪੁਤਲੀ ਮੁੱਖ ਮੰਤਰੀ ਸਨ। ਉਨਾਂ ਨੂੰ ਕੁਝ ਵੀ ਤੈਅ ਕਰਨ ਜਾਂ ਪਹਿਲਕਦਮੀ ਕਰਨ ਦਾ ਅਧਿਕਾਰ ਨਹੀਂ ਸੀ। ਦਿੱਲੀ ਤੋਂ ਚੱਲ ਰਹੀ ਹਕੂਮਤ ਦਾ ਨਤੀਜਾ ਇਹ ਨਿਕਲਿਆ ਕਿ ਗੁਜਰਾਤ ਵਿਚ ਸਰਕਾਰ ਵਿਰੋਧੀ ਭਾਵਨਾਵਾਂ ਜਮਾਂ ਹੁੰਦੀਆਂ ਜਾ ਰਹੀਆਂ ਸਨ। ਜਦੋਂ ਹਾਈਕਮਾਨ ਨੂੰ ਲੱਗਾ ਕਿ ਸੱਤਾ ਵਿਰੋਧੀ ਭਾਵਨਾਵਾਂ (ਐਂਟੀ-ਇਨਕੰਬੈਂਸੀ) ਬਹੁਤ ਜ਼ਿਆਦਾ ਜਮਾਂ ਹੋ ਗਈਆਂ ਹਨ, ਤਾਂ ਉਸ ਨੇ ਰੁਪਾਨੀ ਨੂੰ ਹਟਾ ਕੇ ਨਵਾਂ ਮੁੱਖ ਮੰਤਰੀ ਬਿਠਾ ਦਿੱਤਾ, ਜੋ ਸ਼ਾਇਦ ਪੁਰਾਣੇ ਤੋਂ ਜ਼ਿਆਦਾ ਵੱਡਾ ਤਾਬਿਆਦਾਰ ਸਾਬਤ ਹੋਣ ਵਾਲਾ ਹੈ। ਇਹ ਵੱਖਰੀ ਗੱਲ ਹੈ ਕਿ ਰੁਪਾਨੀ ਸਰਕਾਰ ਖ਼ਿਲਾਫ਼ ਵਿਰੋਧ ਦੀਆਂ ਭਾਵਨਾਵਾਂ ਜਮਾਂ ਹੋਣ 'ਚ ਹਾਈਕਮਾਨ ਦੀ ਭੂਮਿਕਾ ਹੀ ਸਭ ਤੋਂ ਜ਼ਿਆਦਾ ਰਹੀ ਹੈ। ਪਰ ਹਾਈਕਮਾਨ ਤਾਂ ਬਾਦਸ਼ਾਹ ਹੈ ਅਤੇ ਬਾਦਸ਼ਾਹ ਦੇ ਉੱਪਰ ਕੋਈ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ, ਨਾ ਹੀ ਉਹ ਕਦੇ ਕੋਈ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ।

ਪੰਜਾਬ ਵਿਚ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਭੁਲੇਖਾ ਹੋ ਗਿਆ ਸੀ ਕਿ ਉਹ ਕਾਂਗਰਸ ਦੇ ਉਸ ਤਰਾਂ ਦੇ ਮਜ਼ਬੂਤ ਖੇਤਰੀ ਆਗੂਆਂ ਦੀ ਤਰਾਂ ਹਨ, ਜੋ ਕਾਂਗਰਸ ਦੇ ਨਹਿਰੂ ਯੁੱਗ 'ਚ ਹੋਇਆ ਕਰਦੀ ਸੀ। ਉਸ ਜ਼ਮਾਨੇ 'ਚ ਹਾਈਕਮਾਨ ਰਾਜਾਂ ਦੀ ਰਾਜਨੀਤੀ ਵਿਚ ਕਿਸੇ ਵੀ ਤਰਾਂ ਦੇ ਤਾਨਾਸ਼ਾਹੀ ਦਖ਼ਲ ਤੋਂ ਪ੍ਰਹੇਜ਼ ਕਰਦੀ ਸੀ। ਉਸ ਦਾ ਮੁੱਖ ਕਾਰਨ ਇਹ ਸੀ ਕਿ ਖੇਤਰੀ ਨੇਤਾਵਾਂ ਦਾ ਰੁਤਬਾ ਕੇਂਦਰੀ ਨੇਤਾਵਾਂ ਤੋਂ ਘੱਟ ਨਹੀਂ ਸੀ ਹੁੰਦਾ। ਦਰਅਸਲ, ਕੇਂਦਰੀ ਸੱਤਾ ਚਲਦੀ ਹੀ ਖੇਤਰੀ ਨੇਤਾਵਾਂ ਦੇ ਸਮਰਥਨ ਨਾਲ ਸੀ। ਅਮਰਿੰਦਰ ਸਿੰਘ ਨੂੰ ਇਹ ਵੀ ਲੱਗ ਰਿਹਾ ਸੀ ਕਿ ਬਚਾਅ ਦੀ ਸਥਿਤੀ ਵਿਚ ਚੱਲ ਰਹੀ ਕਾਂਗਰਸ ਦੀ ਹਾਈਕਮਾਨ ਉਨਾਂ ਖ਼ਿਲਾਫ਼ ਕਾਰਵਾਈ ਨਹੀਂ ਕਰ ਸਕੇਗੀ ਅਤੇ ਉਹ ਆਪਣੀ ਮਰਜ਼ੀ ਨਾਲ ਸਿਆਸਤ ਕਰਦੇ ਰਹਿਣਗੇ। ਉਨਾਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਜਿਨਾਂ (ਰਾਹੁਲ ਤੇ ਪ੍ਰਿਅੰਕਾ) ਨੂੰ ਉਹ ਅਨੁਭਵਹੀਣ ਅਤੇ ਗੁੰਮਰਾਹ ਹੋਏ ਮੰਨਦੇ ਹਨ, ਉਨਾਂ ਦਾ ਪਾਲਣ-ਪੋਸ਼ਣ ਨਹਿਰੂ ਦੇ ਸੱਭਿਆਚਾਰ ਵਿਚ ਨਹੀਂ ਸਗੋਂ ਇੰਦਰਾ ਗਾਂਧੀ ਦੇ ਸੱਭਿਆਚਾਰ 'ਚ ਹੋਇਆ ਹੈ। ਉਹ ਲੋਕ ਬਹੁਤ ਦਿਨਾਂ ਤੱਕ ਨਾਫ਼ਰਮਾਨੀ ਅਤੇ ਆਪਣੀ ਸੰਗਠਨਾਤਮਿਕ ਸੱਤਾ ਦੀ ਨਜ਼ਰਅੰਦਾਜ਼ ਬਰਦਾਸ਼ਤ ਨਹੀਂ ਕਰ ਸਕਦੇ। ਇਸ ਲਈ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਅਮਰਿੰਦਰ ਸਿੰਘ ਦੇ ਮੁਕਾਬਲੇ ਬਹੁਤ ਘੱਟ ਸਿਆਸੀ ਰੁਤਬਾ ਰੱਖਣ ਵਾਲੇ ਨਵਜੋਤ ਸਿੰਘ ਸਿੱਧੂ ਨੂੰ ਉਨਾਂ ਦੇ ਮੁਕਾਬਲੇ ਖੜਾ ਕੀਤਾ। ਅਮਰਿੰਦਰ ਦੀ ਰਾਏ ਦੀ ਪੂਰੀ ਤਰਾਂ ਨਾਲ ਨਜ਼ਰਅੰਦਾਜ਼ ਕਰਦੇ ਹੋਏ ਸਿੱਧੂ ਨੂੰ ਕਾਂਗਰਸ ਦਾ ਪ੍ਰਧਾਨ ਬਣਾਇਆ ਅਤੇ ਫਿਰ ਅੰਤ 'ਚ ਅਮਰਿੰਦਰ ਨੂੰ ਅਗਲੀਆਂ ਚੋਣਾਂ ਦੇ ਛੇ ਮਹੀਨੇ ਪਹਿਲਾਂ ਗੱਦੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਹ ਤਾਂ ਰਹੀ ਹਾਈਕਮਾਨ ਦੇ ਦਬਦਬੇ ਦੀ ਕਹਾਣੀ। ਇਸ ਘਟਨਾਕ੍ਰਮ ਦਾ ਦੂਜਾ ਵਿਵਹਾਰਕ ਸੱਚ ਇਹ ਹੈ ਕਿ ਸਰਕਾਰ ਚਾਹੇ ਭਾਜਪਾ ਦੀ ਹੋਵੇ ਜਾਂ ਕਾਂਗਰਸ ਦੀ, ਉਸ ਨੂੰ ਸਰਕਾਰ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨ ਦੀਆਂ ਤਰਕੀਬਾਂ ਲੱਭਣੀਆਂ ਪੈਂਦੀਆਂ ਹਨ। ਭਾਜਪਾ ਦਾ ਇਸ ਮਾਮਲੇ ਵਿਚ ਨਾਅਰਾ ਹੈ ਕਿ ਸਾਰੇ ਦੇ ਸਾਰੇ ਬਦਲ ਦਿਓ। ਇਹੀ ਫ਼ਾਰਮੂਲਾ ਉਸ ਨੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ 'ਚ ਅਜ਼ਮਾਇਆ ਸੀ। ਅਮਿਤ ਸ਼ਾਹ ਨੇ ਸਾਰੇ ਕੌਂਸਲਰਾਂ ਦੀ ਟਿਕਟ ਕੱਟ ਦਿੱਤੀ ਸੀ। ਨਤੀਜਾ ਮਨਚਾਹਿਆ ਨਿਕਲਿਆ। ਕੌਂਸਲਰਾਂ ਦੇ ਨਕਾਰਾਪਨ ਅਤੇ ਭ੍ਰਿਸ਼ਟਾਚਾਰ ਦੇ ਕਾਰਨ ਜਮਾਂ ਹੋਈ ਨਾਰਾਜ਼ਗੀ ਨਰਮ ਪੈ ਗਈ ਅਤੇ ਭਾਜਪਾ ਫਿਰ ਤੋਂ ਚੋਣਾਂ ਜਿੱਤ ਗਈ। ਇਸੇ ਤਰਾਂ ਦੇ ਨਤੀਜਿਆਂ ਦੀ ਉਮੀਦ ਵਿਚ ਭਾਜਪਾ ਨੇ ਗੁਜਰਾਤ 'ਚ ਮੁੱਖ ਮੰਤਰੀ ਹੀ ਨਹੀਂ, ਸਗੋਂ ਪੂਰੇ ਦਾ ਪੂਰਾ ਮੰਤਰੀ ਮੰਡਲ ਹੀ ਬਦਲ ਦਿੱਤਾ। ਜ਼ਾਹਰ ਹੈ ਕਿ ਉਹ ਗੁਜਰਾਤ ਦੀ ਜਨਤਾ ਨੂੰ ਕਹਿਣਾ ਚਾਹੁੰਦੀ ਹੈ ਕਿ ਇਕ ਵਾਰ ਮੁੜ ਵੋਟ ਦੇ ਦਿਓ, ਫਿਰ ਤੋਂ ਅਜ਼ਮਾ ਕੇ ਦੇਖ ਲਓ, ਜਿਸ ਮੁੱਖ ਮੰਤਰੀ ਨਾਲ ਨਾਰਾਜ਼ਗੀ ਸੀ, ਉਸ ਨੂੰ ਬਦਲ ਦਿੱਤਾ ਗਿਆ ਹੈ।

ਪੰਜਾਬ ਵਿਚ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਜਗਾ ਚਰਨਜੀਤ ਸਿੰਘ ਚੰਨੀ ਨੂੰ ਬਿਠਾਇਆ ਹੈ, ਜੋ ਦਲਿਤ ਸਿੱਖ ਹਨ। ਹਰਮਨ ਪਿਆਰੀ ਭਾਸ਼ਾ 'ਚ ਕਹੀਏ ਤਾਂ ਇਹ ਮਜਬੂਰੀ ਵਿਚ ਖੇਡਿਆ ਗਿਆ 'ਮਾਸਟਰ ਸਟ੍ਰੋਕ' ਹੈ। ਪਰ ਇਸ ਨਾਲ ਕਾਂਗਰਸ ਨੂੰ ਲਾਭ ਹੋ ਸਕਦਾ ਹੈ। ਨਵੀਂ ਮਰਦਮਸ਼ੁਮਾਰੀ (ਜਿਸ ਦੇ ਅੰਕੜੇ ਅਜੇ ਆਉਣੇ ਬਾਕੀ ਹਨ) ਮੁਤਾਬਿਕ ਪੰਜਾਬ ਵਿਚ ਦਲਿਤ ਅਬਾਦੀ ਕਰੀਬ 38 ਫ਼ੀਸਦੀ ਹੈ। ਇਸ 'ਚ ਹਿੰਦੂ ਦਲਿਤ ਵੀ ਹਨ ਅਤੇ ਸਿੱਖ ਵੀ। ਅਕਾਲੀ ਦਲ ਸੋਚ ਰਿਹਾ ਸੀ ਕਿ ਬਸਪਾ ਨਾਲ ਸਮਝੌਤਾ ਕਰਕੇ ਉਸ ਨੂੰ ਕੁਝ ਦਲਿਤ ਵੋਟਾਂ ਮਿਲ ਸਕਦੀਆਂ ਹਨ। ਇਸੇ ਤਰਾਂ ਆਮ ਆਦਮੀ ਪਾਰਟੀ ਨੇ ਪਿਛਲੀ ਵਾਰ ਕਾਂਗਰਸ ਦੇ ਨਾਲ ਦਲਿਤ ਵੋਟਰਾਂ ਵਿਚ ਚੰਗਾ ਹਿੱਸਾ ਵੰਡਿਆ ਸੀ। ਇਸ ਵਾਰ ਕਾਂਗਰਸ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਸ ਨੂੰ ਦਲਿਤ ਵੋਟਾਂ ਦਿਵਾਉਣਗੇ ਅਤੇ ਪਾਰਟੀ ਪ੍ਰਧਾਨ ਸਿੱਧੂ ਜੱਟ ਸਿੱਖ ਵੋਟਾਂ ਨੂੰ ਖਿੱਚਣਗੇ। ਇਸ ਦੇ ਨਾਲ ਹੀ ਇਕ ਹਿੰਦੂ ਓ.ਪੀ. ਸੋਨੀ ਅਤੇ ਇਕ ਜੱਟ ਸਿੱਖ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਪ ਮੁੱਖ ਮੰਤਰੀ ਵੀ ਬਣਾਇਆ ਗਿਆ ਹੈ। ਇਹ ਵੀ ਵੋਟਾਂ ਹਾਸਲ ਕਰਨ ਦਾ ਜੁਗਾੜ ਹੈ।

ਕੁੱਲ ਮਿਲਾ ਕੇ ਕਾਂਗਰਸ ਪੰਜਾਬ 'ਚ ਅਤੇ ਭਾਜਪਾ ਗੁਜਰਾਤ ਵਿਚ ਵੋਟਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਰਹੀ ਹੈ। ਹੁਣ ਸਾਨੂੰ ਦੇਖਣਾ ਹੋਵੇਗਾ ਕਿ ਸਰਕਾਰ ਵਿਰੋਧੀ ਭਾਵਨਾਵਾਂ ਨੂੰ ਖ਼ਤਮ ਕਰਨ ਦੀਆਂ ਇਨਾਂ ਦੋਵਾਂ ਪਾਰਟੀਆਂ ਦੀਆਂ ਇਹ ਤਰਕੀਬਾਂ ਕਿੰਨੀਆਂ ਕੁ ਕੰਮ ਕਰਦੀਆਂ ਹਨ।




# ਕਿਸਾਨਾਂ ਤੇ ਦਿਹਾਤੀ ਖੇਤਰ ਦੇ ਪੰਜਾਬੀ ਖ਼ੁਸ਼ਹਾਲ ਕਿਵੇਂ ਬਣਨ



ਅੰਮ੍ਰਿਤ ਸਾਗਰ

ਨੈਸ਼ਨਲ ਸੈਂਪਲ ਸਰਵੇ (ਐਨ.ਐਸ.ਐਸ.) ਦੀ 'ਖੇਤੀ ਨਾਲ ਜੁੜੇ ਪਰਿਵਾਰਾਂ ਦੀ ਭੂਮੀ ਤੇ ਪਸ਼ੂਧਨ ਅਤੇ ਪਰਿਵਾਰਾਂ ਦੇ ਹਾਲਾਤ ਦਾ ਜਾਇਜ਼ਾ' ਸਿਰਲੇਖ ਥੱਲੇ ਆਈ ਇਕ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ ਪੇਂਡੂ ਖੇਤਰਾਂ ਵਿਚ ਇਕ ਸੱਚ ਤਾਂ ਪੁਖ਼ਤਾ ਹੋ ਹੀ ਚੁੱਕਿਆ ਹੈ ਕਿ ਕਿਸਾਨਾਂ ਨੂੰ ਹੁਣ ਇਕ ਅਜਿਹੀ ਸਹਾਇਤਾ ਦੀ ਲੋੜ ਹੈ, ਜੋ ਉਨਾਂ ਨੂੰ ਪੂਰਨ ਰੂਪ ਵਿਚ ਵਿੱਤੀ ਤੌਰ 'ਤੇ ਮਜ਼ਬੂਤੀ ਵੱਲ ਲੈ ਕੇ ਜਾਵੇ, ਕਿਉਂਜੋ ਦੇਸ਼ ਦੇ 87.5 ਫ਼ੀਸਦੀ ਖੇਤੀ ਪਰਿਵਾਰਾਂ ਕੋਲ ਤਾਂ ਦੋ ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਇਹ ਤੱਥ ਅੱਖਾਂ ਖੋਲਣ ਵਾਲਾ ਹੈ ਕਿ ਜ਼ਿਆਦਾਤਰ ਕਿਸਾਨ ਖੇਤੀ, ਸਿਰਫ਼ ਜਿਊਂਦੇ ਰਹਿਣ ਲਈ ਹੀ ਕਰ ਰਹੇ ਨੇ।

ਚਾਰ ਜਾਂ ਛੇ ਜੀਆਂ ਵਾਲਾ ਇਕ ਪੇਂਡੂ ਪਰਿਵਾਰ, ਦੋ ਹੈਕਟੇਅਰ ਤੋਂ ਘੱਟ ਜ਼ਮੀਨ ਨਾਲ ਆਪਣੀਆਂ ਲੋੜਾਂ ਸਹੀ ਢੰਗ ਨਾਲ ਪੂਰੀਆਂ ਨਹੀਂ ਕਰ ਸਕਦਾ। ਆਪਣੇ ਹਾਲਾਤ ਨੂੰ ਸੁਧਾਰਨ ਲਈ, ਠੇਕੇ 'ਤੇ ਜ਼ਮੀਨ ਲੈ ਕੇ ਜਿੰਨੀ ਜ਼ਿਆਦਾ ਖੇਤੀ ਕਰਨ ਦੀ ਕੋਸ਼ਿਸ਼ ਕਰਦੇ ਹਨ, ਓਨੇ ਹੀ ਉਹ ਹੋਰ ਜ਼ਿਆਦਾ ਕਰਜ਼ੇ ਥੱਲੇ ਦੱਬੇ ਜਾਂਦੇ ਹਨ। ਇਸ ਮਾਮਲੇ ਵਿਚ ਪੰਜਾਬ ਇਕ ਗੰਭੀਰ ਉਦਾਹਰਨ ਹੈ। ਬਹੁਤ ਸਾਰੀਆਂ ਰਿਪੋਰਟਾਂ ਭਿਆਨਕ ਦ੍ਰਿਸ਼ ਪੇਸ਼ ਕਰਦੀਆਂ ਹਨ। 2018 ਵਿਚ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਇਕ ਸਾਂਝਾ ਅਧਿਐਨ ਕੀਤਾ ਸੀ, ਜਿਸ ਦਾ ਸਿੱਟਾ ਇਹ ਸੀ ਕਿ 2000 ਤੋਂ 2015 ਦਰਮਿਆਨ, ਲਗਭਗ 16,606 ਕਿਸਾਨਾਂ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ। ਰਿਪੋਰਟ ਮੁਤਾਬਿਕ, ਪੰਜਾਬ ਵਿਚ ਹਰ ਸਾਲ ਆਤਮ-ਹੱਤਿਆ ਕਰਨ ਵਾਲੇ 1107 ਕਿਸਾਨ, ਮਾਰਜਨਲ (ਸੀਮਾਂਤ) ਜਾਂ ਛੋਟੇ ਕਿਸਾਨ ਸਨ।

ਐਨ.ਐਸ.ਐਸ. ਦਾ ਸਰਵੇਖਣ ਦੱਸਦਾ ਹੈ ਕਿ ਦੇਸ਼ ਦੇ ਖੇਤੀਬਾੜੀ ਵਾਲੇ 52.2 ਫ਼ੀਸਦੀ ਪਰਿਵਾਰ ਅੱਜ ਵੀ ਕਰਜ਼ਦਾਰ ਹਨ ਤੇ ਅਜਿਹੇ ਹਰ ਪਰਿਵਾਰ ਤੇ ਲਗਭਗ 74,121 ਰੁਪਏ ਦਾ ਕਰਜ਼ਾ ਬਕਾਇਆ ਹੈ। ਸਰਬ ਭਾਰਤੀ ਰਿਣ ਅਤੇ ਨਿਵੇਸ਼ ਸਰਵੇਖਣ ਵਲੋਂ ਜਨਵਰੀ-ਦਸੰਬਰ 2019 ਵਿਚ ਕੀਤੇ 77ਵੇਂ ਦੌਰ ਵਾਲੀ ਰਿਪੋਰਟ ਦਸਦੀ ਹੈ ਕਿ ਪੇਂਡੂ ਪਰਿਵਾਰਾਂ ਦੇ ਸਿਰ ਕਰਜ਼ੇ ਦੀ ਔਸਤਨ ਰਕਮ 59,748 ਰੁਪਏ ਸੀ ਜਦੋਂ ਕਿ ਕਾਸ਼ਤਕਾਰਾਂ ਦੇ ਪਰਿਵਾਰਾਂ ਤੇ 74,460 ਰੁਪਏ ਅਤੇ ਗ਼ੈਰ-ਕਾਸ਼ਤਕਾਰ ਪਰਿਵਾਰਾਂ 'ਤੇ ਇਹ ਕਰਜ਼ਾ 40,432 ਰੁਪਏ ਸੀ। ਇਹ ਤੱਥ ਸਾਡੇ ਲਈ ਕੰਧ 'ਤੇ ਲਿਖੀਆਂ ਇਬਾਰਤਾਂ ਦੀ ਗ਼ਲਤ ਵਿਆਖਿਆ ਕਰਨ ਦੀ ਬਹੁਤ ਹੀ ਘੱਟ ਗੁੰਜਾਇਸ਼ ਛੱਡਦਾ ਹੈ। ਜੇ ਸਰਕਾਰਾਂ ਖੇਤੀਬਾੜੀ ਪਰਿਵਾਰਾਂ ਨੂੰ ਵਾਧੂ ਵਿੱਤੀ ਸਹਾਇਤਾ ਦੇਣ ਲਈ ਇਕ ਯੋਜਨਾ ਦਾ ਖ਼ਾਕਾ ਤਿਆਰ ਕਰਨ ਲਈ ਹੁਣ ਵੀ ਅੱਗੇ ਨਹੀਂ ਆਉਂਦੀਆਂ ਤਾਂ ਇਹ ਬਹੁਤ ਵਿਨਾਸ਼ਕਾਰੀ ਹੋਵੇਗਾ, ਕਿਉਂਕਿ ਇਸ ਨਾਲ ਨਾ ਸਿਰਫ ਦੇਸ਼ ਦੀ ਖ਼ੁਰਾਕ ਸੁਰੱਖਿਆ ਨੂੰ ਸਥਾਈ ਤੌਰ 'ਤੇ ਯਕੀਨੀ ਬਣਾਇਆ ਜਾ ਸਕੇਗਾ ਬਲਕਿ ਖੇਤੀਬਾੜੀ ਅਤੇ ਛੋਟੇ ਕਿਸਾਨਾਂ ਨੂੰ ਨੇੜ ਭਵਿੱਖ ਦੀ ਆਫ਼ਤ ਤੋਂ ਵੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

**ਪੇਂਡੂ ਉਦਯੋਗੀਕਰਨ**

ਰਾਸ਼ਟਰੀ ਅੰਕੜਾ ਦਫ਼ਤਰ (ਐਨ.ਐਸ.ਓ). ਵਲੋਂ ਦੇਸ਼ ਦੇ ਪੇਂਡੂ ਖੇਤਰਾਂ ਵਿਚ ਕਰਵਾਏ ਗਏ 77ਵੇਂ ਦੌਰ ਦੇ ਸਰਵੇਖਣ ਮੁਤਾਬਿਕ ਸੰਤੁਸ਼ਟ ਹੋ ਕੇ ਬੈਠਣ ਲਈ ਜ਼ਿਆਦਾ ਥਾਂ ਨਹੀਂ ਹੈ। 2 ਹੈਕਟੇਅਰ ਭੂਮੀ ਦੀ ਮਾਲਕੀ ਵਾਲੇ ਖੇਤੀਬਾੜੀ ਪਰਿਵਾਰ ਦੀ ਜੁਲਾਈ 2018 ਜੂਨ 2019 ਦੌਰਾਨ ਵੱਖ-ਵੱਖ ਸਰੋਤਾਂ ਤੋਂ ਮਹੀਨਾਵਾਰ ਆਮਦਨ 10,218 ਰੁਪਏ ਨਿਰਧਾਰਤ ਕੀਤੀ ਗਈ ਹੈ, ਜੋ ਕਿ ਘੱਟੋ-ਘੱਟ ਚਾਰ ਜੀਆਂ ਦੇ ਪਰਿਵਾਰ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਘੱਟ ਪੈਂਦੀ ਹੈ। ਇੱਥੋਂ ਤੱਕ ਕਿ ਇਕ ਸਰਕਾਰੀ ਦਫ਼ਤਰ ਦਾ ਚਪੜਾਸੀ ਵੀ ਇਕ ਮਹੀਨੇ ਵਿਚ 25000 ਰੁਪਏ ਕਮਾਉਂਦਾ ਹੈ ਜਾਂ ਫਿਰ ਇਕ ਪ੍ਰਾਈਵੇਟ ਅਦਾਰੇ ਵਿਚ ਕੰਮ ਕਰਨ ਵਾਲਾ ਵੀ ਪੇਂਡੂ ਖੇਤੀਬਾੜੀ ਪਰਿਵਾਰ ਨਾਲੋਂ ਕਿਤੇ ਜ਼ਿਆਦਾ ਕਮਾ ਲੈਂਦਾ ਹੈ। ਜਦੋਂਕਿ ਛੋਟੀ ਖੇਤੀ ਹੁਣ ਏਨੀ ਲਾਹੇਵੰਦ ਨਹੀਂ ਰਹੀ ਇਸ ਲਈ ਨੌਜਵਾਨ ਪੀੜੀ ਆਪਣੇ ਮਾਪਿਆਂ ਦੀਆਂ ਉਨਾਂ ਲੀਹਾਂ 'ਤੇ ਨਹੀਂ ਚੱਲਣਾ ਚਾਹੁੰਦੀ ਜੋ ਉਨਾਂ ਨੂੰ ਸ਼ਹਿਰਾਂ ਵਿਚ ਕੰਮ ਕਰਨ ਲਈ ਮਜਬੂਰ ਕਰਦੀਆਂ ਹਨ। ਬਦਕਿਸਮਤੀ ਨਾਲ, ਸ਼ਹਿਰੀ ਖੇਤਰ ਵਧੇਰੇ ਮੌਕਿਆਂ ਦੀ ਪੇਸ਼ਕਸ਼ ਤਾਂ ਕਰਦੇ ਹਨ ਪਰ ਘੱਟ ਆਮਦਨੀ ਵਾਲੀਆਂ ਨੌਕਰੀਆਂ ਹੋਣ ਕਾਰਨ ਬਹੁਤ ਸਾਰੇ ਲੋਕ ਨੌਕਰੀਆਂ ਵਿਚ ਵਿਚਾਲੇ ਹੀ ਛੱਡ ਦਿੰਦੇ ਹਨ, ਜਦੋਂ ਕਿ ਸ਼ਹਿਰਾਂ ਵਿਚ ਕੰਮ ਕਰਦੇ ਹੋਏ ਪੇਂਡੂ ਨੌਜਵਾਨਾਂ ਦੀ ਕਮਾਈ ਅਤੇ ਖ਼ਰਚੇ ਲਗਭਗ ਬਰਾਬਰ ਹੀ ਹੁੰਦੇ ਹਨ, ਉਨਾਂ ਦੀ ਆਮਦਨੀ ਵਿਚੋਂ, ਪਿੱਛੇ ਪਿੰਡਾਂ ਵਿਚ ਰਹਿੰਦੇ ਪਰਿਵਾਰਾਂ ਨੂੰ ਦੇਣ ਲਈ ਨਾ-ਮਾਤਰ ਪੈਸਾ ਹੀ ਬਚਦਾ ਹੈ। ਇਸ ਲਈ ਉਨਾਂ ਲਈ ਉਨਾਂ ਦੇ ਲਈ ਜੱਦੀ ਪਿੰਡਾਂ ਤੋਂ ਬਹੁਤ ਦੂਰ, ਸ਼ਹਿਰਾਂ ਵਿਚ ਕੰਮ ਕਰਨਾ ਜ਼ਿਆਦਾ ਲਾਹੇਵੰਦ ਸੌਦਾ ਨਹੀਂ ਹੈ। ਅਸਲ ਉਮੀਦ ਤਾਂ ਇਹ ਹੈ ਕਿ ਪੇਂਡੂ ਖੇਤਰਾਂ ਨੂੰ ਖ਼ਾਸ ਉਤਸ਼ਾਹ ਦਿੰਦੇ ਹੋਏ ਨਵੇਂ ਉਦਯੋਗਿਕ ਨਿਵੇਸ਼ ਨੂੰ ਉਤਸ਼ਾਹਿਤ ਕਰਨ ਨਾਲ ਪੇਂਡੂ ਭਾਰਤ ਵਿਚ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਖੇਤੀ ਇਕ ਮੌਸਮੀ ਪ੍ਰਸੰਗ ਹੈ, ਪਾਰਟ-ਟਾਈਮ ਮੌਸਮੀ ਖੇਤੀ ਤੋਂ ਇਲਾਵਾ ਵੀ ਇਕ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਕੋਲ ਕੰਮ ਕਰਨ ਲਈ ਵਾਧੂ ਸਮਾਂ ਹੁੰਦਾ ਹੈ, ਉਹ ਕਿਸੇ ਨੇੜੇ ਤੇੜੇ ਦੀ ਉਦਯੋਗਿਕ ਇਕਾਈ ਵਿਚ 8 ਘੰਟੇ ਕੰਮ ਕਰਕੇ ਆਰਾਮ ਨਾਲ 12,000 ਰੁਪਏ ਤੋਂ 15,000 ਰੁਪਏ ਮਹੀਨੇ ਦਾ ਜੁਗਾੜ ਕਰ ਸਕਦਾ ਹੈ। ਇਸ ਨਾਲ ਖੇਤੀਬਾੜੀ ਆਧਾਰਤ ਆਮਦਨੀ 'ਤੇ ਨਿਰਭਰਤਾ ਨੂੰ ਘਟਾ ਕੇ ਵਾਧੂ ਆਮਦਨੀ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਪੇਂਡੂ ਉਦਯੋਗੀਕਰਨ ਨੂੰ ਛੋਟੇ ਤੇ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਨਾਲ ਜੋੜਨ ਦੇ ਇਸ ਨਮੂਨੇ ਨੂੰ ਪੂਰੇ ਭਾਰਤ ਵਿਚ ਫੈਲਾਇਆ ਜਾ ਸਕਦਾ ਹੈ। ਇਹੋ ਕੰਮ ਪਿੰਡਾਂ ਵਿਚ ਵਸਦੀ ਦੇਸ਼ ਦੀ 70 ਫ਼ੀਸਦੀ ਤੋਂ ਵੱਧ ਅਬਾਦੀ ਨੂੰ 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਅਸਲੀ ਅਹਿਸਾਸ ਕਰਵਾਏਗਾ।

ਦੇਸ਼ ਵਿਚ ਆਰਥਿਕ ਉਦਾਰੀਕਰਨ ਤੋਂ ਪਹਿਲਾਂ 1991 ਵਿਚ, ਕੇਂਦਰ ਸਰਕਾਰ ਨੇ ਪੇਂਡੂ ਅਤੇ ਪਛੜੇ ਖੇਤਰਾਂ ਵਿਚ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਆਪਣੀਆਂ ਹੀ ਸ਼ਰਤਾਂ 'ਤੇ ਲਾਇਸੈਂਸ ਅਤੇ ਪ੍ਰੋਤਸਾਹਨ ਜਾਰੀ ਕਰਨ ਨੂੰ ਤਰਜੀਹ ਦਿੱਤੀ। ਤੇ ਉਦਾਰੀਕਰਨ ਤੋਂ ਬਾਅਦ, ਉਦਯੋਗਾਂ ਦੇ ਲਾਇਸੈਂਸ ਰੱਦ ਕਰਨ ਵੇਲੇ, ਸਰਕਾਰ ਨੇ ਪੇਂਡੂ ਜਾਂ ਸੰਕਟ ਵਿਚ ਫਸੇ ਪਛੜੇ ਖੇਤਰਾਂ ਦੇ ਵਿਕਾਸ ਲਈ ਉਦਯੋਗਾਂ ਦਾ ਪਤਾ ਲਾਉਣ ਦੇ ਇਕ ਮਹੱਤਵਪੂਰਨ ਸਰੂਪ/ਮੌਕੇ ਨੂੰ ਵੀ ਗੁਆ ਦਿੱਤਾ। ਪਿਛਲੇ ਤਿੰਨ ਦਹਾਕਿਆਂ ਵਿਚ, ਉਦਯੋਗਿਕ ਵਿਕਾਸ, ਪੇਂਡੂ ਅਤੇ ਪਛੜੇ ਖੇਤਰਾਂ ਤੋਂ, ਵਿਕਸਿਤ ਸ਼ਹਿਰਾਂ ਦੇ ਭੀੜ ਭਰੇ ਉਦਯੋਗਿਕ ਕੇਂਦਰਾਂ ਵਿਚ ਬਦਲ ਗਿਆ ਹੈ। ਉਦਯੋਗਿਕ ਗਲਿਆਰਿਆਂ ਅਤੇ ਸਮੂਹਾਂ ਦੇ ਵਿਕਾਸ ਲਈ ਵਿਸ਼ੇਸ਼ ਸਹੂਲਤਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਪਰ ਇਸ ਮਾਡਲ ਨੂੰ ਪੇਂਡੂ ਅਤੇ ਪਛੜੇ ਖੇਤਰਾਂ ਵਿਚ ਦੁਹਰਾਉਣ ਦੀ ਲੋੜ ਹੈ ਤਾਂ ਜੋ ਨੇੜਲੇ, ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਨਾਲ-ਨਾਲ ਖੇਤ ਮਜ਼ਦੂਰਾਂ ਨੂੰ ਵੀ ਰੁਜ਼ਗਾਰ ਦੇ ਮੌਕੇ ਪ੍ਰਾਪਤ ਹੋ ਸਕਣ।

**ਅੱਗੇ ਦਾ ਰਾਹ**

ਪੇਂਡੂ ਅਰਥ-ਵਿਵਸਥਾ ਦੇਸ਼ ਲਈ 'ਉਮੀਦ ਦੀ ਇਕ ਕਿਰਨ' ਵਾਲੀ ਕਹਾਵਤ ਵਾਂਗ ਹੈ ਤੇ ਹੁਣ ਮੌਕਾ ਹੈ ਅਮਲ ਕਰਨ ਦਾ। ਖੇਤੀਬਾੜੀ 'ਤੇ ਨਿਰਭਰ ਲੋਕਾਂ ਨੂੰ ਉਸ ਸਮੇਂ ਲਈ ਨੌਕਰੀ ਦੇ ਬਦਲ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ ਜਦੋਂ ਉਨਾਂ ਕੋਲ ਕਮਾਈ ਕਰਨ ਲਈ ਕੰਮ ਨਹੀਂ ਹੁੰਦਾ। ਰੁਜ਼ਗਾਰ ਪੈਦਾ ਕਰਨ ਦੇ ਰਵਾਇਤੀ ਮਾਡਲਾਂ ਦਾ ਦੁਬਾਰਾ ਮੁਲਾਂਕਣ ਕਰਨਾ ਪਵੇਗਾ। ਇਕ ਸੂਖਮ-ਪੱਧਰ ਦੀ ਉਹ ਫੈਕਟਰੀ ਜੋ ਸੂਖਮ-ਉੱਦਮ ਪੈਦਾ ਕਰ ਸਕਦੀ ਹੈ, ਨੂੰ ਪੇਂਡੂ ਖੇਤਰ ਵਿਚ ਸਥਾਪਤ ਕਰਕੇ ਉਸ ਨੂੰ ਸਮਰਥਨ ਵੀ ਦੇਣਾ ਚਾਹੀਦੈ। ਉਦਾਹਰਨ ਲਈ, ਸ਼ਹਿਰੀ ਖੇਤਰਾਂ ਵਿਚ ਵੇਚਣ ਲਈ ਸਬਜ਼ੀਆਂ ਅਤੇ ਫ਼ਲਾਂ ਦੀ ਪ੍ਰੋਸੈਸਿੰਗ ਅਤੇ ਪੈਕਿੰਗ ਕਰਨਾ ਵੀ ਇਕ ਸੂਖਮ ਉੱਦਮ ਹੈ, ਇਸ ਦੇ ਲਈ ਜ਼ਿਆਦਾ ਪੂੰਜੀ ਨਿਵੇਸ਼ ਦੀ ਵੀ ਜ਼ਰੂਰਤ ਨਹੀਂ ਹੈ, ਇਸ ਉੱਦਮ ਨੂੰ ਪੇਂਡੂ ਖੇਤਰਾਂ ਵਿਚ ਬਲਾਕ ਪੱਧਰ 'ਤੇ ਕਿਰਤਸ਼ੀਲ ਕੀਤਾ ਜਾ ਸਕਦੈ।

ਸਰਕਾਰ ਨੂੰ ਲੰਮੇ ਸਮੇਂ ਦੇ ਹੱਲ ਵਜੋਂ, ਪੇਂਡੂ ਖੇਤਰਾਂ ਵਿਚ ਕੁਟੀਰ ਉਦਯੋਗਾਂ ਨੂੰ ਵੱਡੇ ਪੱਧਰ 'ਤੇ ਮੁੜ ਸੁਰਜੀਤ ਕਰਨਾ ਹੋਵੇਗਾ। ਇਸ ਮਾਮਲੇ ਵਿਚ ਸਹਿਕਾਰੀ ਸਭਾਵਾਂ, ਕਿਸਾਨ ਉਤਪਾਦਨ ਸੰਗਠਨ (ਐਫ.ਪੀ.ਓਜ਼.) ਅਤੇ ਸਵੈ-ਸਹਾਇਤਾ ਸਮੂਹ (ਐਸ.ਐਚ.ਜੀ.) ਬਹੁਤ ਉਪਯੋਗੀ ਸਿੱਧ ਹੋ ਸਕਦੇ ਹਨ ਬਸ਼ਰਤੇ ਕਿ ਹਕੀਕਤ ਦੇ ਅਨੁਰੂਪ, ਵਧੀਆ-ਰੂਪ ਰੇਖਾ ਉਲੀਕ ਕੇ ਉਸ ਦਾ ਪਾਲਣ ਕੀਤਾ ਜਾਵੇ। ਨਵਾਂ ਕੇਂਦਰੀ ਸਹਿਕਾਰਤਾ ਮੰਤਰਾਲਾ, ਪੇਂਡੂ ਖ਼ੁਸ਼ਹਾਲੀ ਨੂੰ ਅੱਗੇ ਵਧਾਉਣ ਲਈ ਮੁੱਖ ਸਰੋਤ ਵਜੋਂ ਕੰਮ ਕਰ ਸਕਦੈ। ਪੇਂਡੂ ਪਰਿਵਾਰਾਂ ਨੂੰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ (ਮਨਰੇਗਾ) ਦੇ ਦਾਇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ ਤਾਂ ਜੋ ਜਦੋਂ ਉਹ ਆਪਣੇ ਖੇਤਾਂ ਵਿਚ ਫ਼ਸਲ ਦੀ ਬਿਜਾਈ ਜਾਂ ਕਟਾਈ ਕਰ ਰਹੇ ਹੋਣ, ਖੇਤਾਂ ਨੂੰ ਸਮਤਲ ਕਰਨ ਜਾਂ ਬਾਗਬਾਨੀ, ਡੇਅਰੀ ਫਾਰਮਿੰਗ ਵਰਗੀਆਂ ਹੋਰ ਸਹਾਇਕ ਸਰਗਰਮੀਆਂ ਵਿਚ ਰੁੱਝੇ ਹੋਣ ਤਾਂ ਉਸ ਦੌਰਾਨ ਉਨਾਂ ਨੂੰ ਭੁਗਤਾਨ ਕੀਤਾ ਜਾ ਸਕੇ।

ਸੰਸਾਰ ਦੇ ਸਭ ਤੋਂ ਵੱਧ ਪੇਂਡੂ ਲੋਕ ਭਾਰਤ ਵਿਚ ਰਹਿੰਦੇ ਹਨ, ਇਸ ਲਈ ਸਾਨੂੰ ਆਉਣ ਵਾਲੀਆਂ ਪੀੜੀਆਂ ਨੂੰ ਸੰਭਾਲਣ ਦੀ ਲੋੜ ਹੈ। ਮਹਾਤਮਾ ਗਾਂਧੀ ਵਲੋਂ ਸਵੈ-ਨਿਰਭਰ ਅਤੇ ਆਤਮ-ਨਿਰਭਰ ਪੇਂਡੂ ਭਾਰਤ ਲਈ ਵੇਖੇ ਗਏ ਸੁਪਨੇ ਨੂੰ ਛੋਟੇ, ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਉਨਾਂ ਦੇ ਜੱਦੀ ਪਿੰਡਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਕੇ ਹੀ ਪੂਰਾ ਕੀਤਾ ਜਾ ਸਕੇਗਾ। ਸਮਾਂ ਆ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਆਤਮ-ਨਿਰਭਰ ਅਤੇ ਸਰਬਪੱਖੀ ਵਿਕਾਸ' ਦੇ ਫ਼ਲਸਫ਼ੇ ਨੂੰ ਉਤਸ਼ਾਹਿਤ ਕਰਨ ਲਈ ਪੇਂਡੂ ਅਤੇ ਪਛੜੇ ਖੇਤਰਾਂ ਵਿਚ ਉਦਯੋਗਿਕ ਨਿਵੇਸ਼ ਨੂੰ ਵਿਸ਼ੇਸ਼ ਉਤਸ਼ਾਹ ਦੇਣ ਦੀ ਨੀਤੀ 'ਤੇ ਕੰਮ ਕੀਤਾ ਜਾਵੇ ਤਾਂ ਜੋ ਪੇਂਡੂ ਪੀੜੀ ਲਈ ਰੁਜ਼ਗਾਰ ਅਤੇ ਆਮਦਨੀ ਦੇ ਵਾਧੂ ਮੌਕੇ ਪੈਦਾ ਕੀਤੇ ਜਾ ਸਕਣ।

## 2022 ਦੀਆਂ ਚੋਣਾਂ

# ਕਿਸਾਨੀ ਸੰਘਰਸ਼ ਅਤੇ ਤੀਸਰਾ ਬਦਲ

ਜਗਰੂਪ ਸਿੰਘ ਸੇਖੋਂ

2022 ਦੇ ਸ਼ੁਰੂ ਵਿਚ ਉੱਤਰੀ ਭਾਰਤ ਦੇ ਤਿੰਨ ਰਾਜਾਂ ਪੰਜਾਬ, ਉੱਤਰ ਪ੍ਰਦੇਸ਼ ਤੇ ਉਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਨਾਂ ਚੋਣਾਂ ਦੇ ਨਤੀਜਿਆਂ ਦਾ ਸਿੱਧਾ ਅਸਰ ਕੇਂਦਰ ਵਿਚ ਰਾਜ ਕਰ ਰਹੀ ਪਾਰਟੀ ਅਤੇ ਸਰਕਾਰ 'ਤੇ ਪਵੇਗਾ। ਹੁਣ ਤੱਕ ਲੱਗਦਾ ਹੈ ਕਿ ਇਨਾਂ ਚੋਣਾਂ ਵਿਚ ਮੁੱਦਿਆ ਦੇ ਤੌਰ 'ਤੇ ਕਿਸਾਨੀ ਸੰਘਰਸ਼ ਅਤੇ ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਲੋਕਾਂ ਦੇ ਧਿਆਨ ਵਿਚ ਰਹਿਣਗੀਆਂ। ਸਰਕਾਰ ਦੀਆਂ ਇਨਾਂ ਨੀਤੀਆਂ ਕਾਰਨ ਫੈਲੀ ਭਿਆਨਕ ਬੇਰੁਜ਼ਗਾਰੀ ਤੇ ਦਿਨੋ-ਦਿਨ ਲੋਕਾਂ ਦੀ ਪਤਲੀ ਹੁੰਦੀ ਜਾ ਰਹੀ ਆਰਥਿਕ ਹਾਲਤ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਿਲ ਕਰ ਦਿੱਤਾ ਹੈ। ਸਭ ਤੋਂ ਵੱਧ ਮਾਰ ਕੇਂਦਰੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੀ ਖੇਤੀ ਨਾਲ ਜੁੜੇ ਵੱਡੀ ਗਿਣਤੀ ਵਿਚ ਲੋਕ ਤੇ ਹੇਠਲੇ ਤਬਕੇ ਦੇ ਲੋਕਾਂ 'ਤੇ ਪੈ ਰਹੀ ਹੈ। ਇਸੇ ਕਰਕੇ ਇਸ ਕਿਸਾਨੀ ਅੰਦੋਲਨ ਵਿਚ ਭਾਰੀ ਗਿਣਤੀ ਵਿਚ ਕਿਸਾਨਾਂ ਦੇ ਨਾਲ ਨਾਲ ਅਵਾਮ ਦੀ ਸ਼ਮੂਲੀਅਤ ਵਧ ਗਈ ਹੈ। ਹੁਣ ਇਸ ਨੇ ਲੋਕ ਅੰਦੋਲਨ ਦਾ ਰੂਪ ਧਾਰ ਲਿਆ ਹੈ। ਇਸ ਅੰਦਲੋਨ ਦੀ ਸਭ ਤੋਂ ਵੱਡੀ ਪ੍ਰਾਪਤੀ ਆਮ ਲੋਕਾਂ ਨੂੰ ਸਿਆਸੀ ਤੌਰ 'ਤੇ ਜਾਗਰੂਕ ਕਰਨ ਅਤੇ ਉਨਾਂ ਵਿਚੋਂ ਵੱਡੀ ਗਿਣਤੀ ਨੂੰ ਇਸ ਦਾ ਹਿੱਸਾ ਬਣਾਉਣਾ ਹੈ। ਹੁਣੇ ਹੋਈਆਂ ਦੋ ਵੱਡੀਆਂ ਕਿਸਾਨ ਰੈਲੀਆਂ (ਮੁਜੱਫ਼ਰਨਗਰ ਤੇ ਕਰਨਾਲ) ਅਤੇ ਇਸ ਤੋਂ ਬਾਅਦ ਕਰਨਾਲ ਵਿਚ ਕਿਸਾਨਾਂ ਦੀ ਜਿੱਤ ਨੇ ਇਹ ਜੱਗ ਜ਼ਾਹਿਰ ਕੀਤਾ ਹੈ ਕਿ ਕਿਸਾਨ ਹੁਣ ਆਪਣਾ ਏਜੰਡਾ ਤੈਅ ਕਰਕੇ ਸਰਕਾਰ ਕੋਲੋਂ ਮੰਨਵਾ ਸਕਦੇ ਹਨ। ਪਿੰਡ ਤੋਂ ਲੈ ਕੇ ਉੱਪਰ ਤੱਕ ਪੈਦਾ ਹੋਈ ਨਵੀਂ ਕਿਸਾਨ ਲੀਡਰਸ਼ਿਪ ਹੁਣ ਸਿਆਸੀ ਪਾਰਟੀਆਂ ਲਈ ਸਵਾਲ ਬਣੀ ਹੋਈ ਹੈ।

ਪੰਜਾਬ ਵਿਚ ਤਕਰੀਬਨ ਦੋ ਤਿਹਾਈ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜਿਸ ਦਾ ਸਿੱਧਾ ਸਬੰਧ ਕਿਸਾਨੀ ਨਾਲ ਹੈ। ਸੂਬੇ ਦੀ ਸਿਆਸਤ ਵਿਚ ਪੇਂਡੂ ਲੀਡਰਸ਼ਿਪ ਦਾ ਹੀ ਦਬਦਬਾ ਹੈ। ਦੋਵੇਂ ਰਵਾਇਤੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਤੋਂ ਇਲਾਵਾ ਆਮ ਆਦਮੀ ਪਾਰਟੀ, ਖੱਬੀਆਂ ਧਿਰਾਂ ਤੇ ਹੋਰਨਾਂ ਦਲਾਂ (ਬੀਜੇਪੀ ਨੂੰ ਛੱਡ) ਕੇ ਸਭ ਦਾ ਵੱਡਾ ਸਿਆਸੀ ਆਧਾਰ ਦਿਹਾਤੀ ਖੇਤਰਾਂ ਵਿਚ ਹੈ। ਇਸੇ ਕਰਕੇ ਆਉਣ ਵਾਲੀਆਂ ਚੋਣਾਂ ਦੇ ਨਤੀਜੇ ਪੇਂਡੂ ਲੋਕਾਂ ਦੀ ਪਸੰਦ ਵਾਲੀ ਧਿਰ ਵੱਲ ਜਾ ਸਕਦੇ ਹਨ।

ਵਿਧਾਨ ਸਭਾ ਚੋਣਾਂ ਵਿਚ ਵੱਡਾ ਮੁਕਾਬਲਾ ਤਿੰਨ ਵੱਡੀਆਂ ਧਿਰਾਂ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ-ਬਸਪਾ ਗੱਠਜੋੜ ਵਿਚਕਾਰ ਹੋਣਾ ਹੈ। ਬੀਜੇਪੀ ਇਸ ਸਮੇਂ ਕਿਸਾਨਾਂ ਦੇ ਵਿਰੋਧ ਕਾਰਨ ਹਾਸ਼ੀਏ 'ਤੇ ਹੈ ਪਰ ਬਹੁਧਿਰੀ ਚੋਣ ਮੁਕਾਬਲੇ ਵਿਚ ਕਈ ਵਾਰੀ ਨਤੀਜੇ ਵੱਖਰੇ ਹੋ ਜਾਂਦੇ ਹਨ। ਹੁਣੇ ਹੋਏ ਚੋਣ ਸਰਵੇ (ਸੀ-ਵੋਟਰ) ਨੇ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਚੜਤ ਦਿਖਾਈ ਹੈ, ਕਾਂਗਰਸ ਨੂੰ ਦੂਜੇ ਅਤੇ ਅਕਾਲੀ ਦਲ-ਬਸਪਾ ਗੱਠਜੋੜ ਨੂੰ ਤੀਜੇ ਪਾਏਦਾਨ 'ਤੇ ਰੱਖਿਆ ਹੈ। ਜੇ ਚੋਣ ਨਤੀਜੇ ਇਸ ਸਰਵੇਖਣ ਮੁਤਾਬਿਕ ਆਉਂਦੇ ਹਨ ਤਾਂ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਵੱਡੀ ਤਬਦੀਲੀ ਆਵੇਗੀ ਜਿਸ ਨੂੰ ਆਮ ਲੋਕ ਬੜੀ ਤਾਂਘ ਨਾਲ ਲੰਮੇ ਸਮੇਂ ਤੋਂ ਉਡੀਕ ਰਹੇ ਹਨ।

**ਖਾਸ ਟਿੱਪਣੀ**

1947 ਤੋਂ 1967 ਤੱਕ ਪੰਜਾਬ ਦੀ ਸਿਆਸਤ 'ਤੇ ਕਾਂਗਰਸ ਪਾਰਟੀ ਦਾ ਪੂਰੀ ਤਰਾਂ ਦਬਦਬਾ ਰਿਹਾ। ਅਕਾਲੀ ਦਲ, ਖੱਬੀਆਂ ਧਿਰਾਂ ਤੇ ਹੋਰ ਬਹੁਤ ਸਾਰੇ ਸਿਆਸੀ ਦਲਾਂ ਦੇ ਸਿਆਸੀ ਮਹੱਤਵ ਨੂੰ ਭਾਵੇਂ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਪਰ ਤਾਕਤ ਦਾ ਕੇਂਦਰ ਬਿੰਦੂ ਕਾਂਗਰਸ ਪਾਰਟੀ ਹੀ ਰਹੀ। ਪੰਜਾਬ ਵਿਚ ਖੱਬੀਆਂ ਧਿਰਾਂ ਦਾ ਪੰਜਾਬ ਦੀ ਸਿਆਸਤ ਵਿਚ ਆਜਾਦੀ ਤੋਂ ਬਾਅਦ ਲੋਕਾਂ ਦੇ ਹੱਕ ਵਿਚ ਡਟ ਕੇ ਖੜੇ ਰਹਿਣ ਦਾ ਸੁਨਹਿਰੀ ਇਤਿਹਾਸ ਹੈ ਪਰ 80ਵੇਂ ਦਹਾਕੇ ਤੋਂ ਬਾਅਦ ਇਸ ਦਾ ਸਿਆਸੀ ਦਬਦਬਾ ਹੌਲੀ ਹੌਲੀ ਘਟ ਗਿਆ। 1967 ਤੋਂ ਬਾਅਦ ਪੰਜਾਬ ਦੀ ਸਿਆਸਤ ਦੋ ਧਿਰਾਂ ਵਿਚ ਹੀ ਘੁੰਮਦੀ ਰਹੀ ਹੈ ਤੇ ਕੋਈ ਵੀ ਤੀਸਰਾ ਬਦਲ ਜਾਂ ਧਿਰ ਇਸੇ ਨੂੰ ਵੱਡੀ ਟੱਕਰ ਨਹੀਂ ਦੇ ਸਕਿਆ। 1992 ਵਿਚ ਬਹੁਜਨ ਸਮਾਜ ਪਾਰਟੀ ਬਹੁਤ ਮੁਸ਼ਕਿਲ ਸਿਆਸੀ ਹਾਲਾਤ ਵਿਚ ਤੀਜੀ ਧਿਰ ਵਜੋਂ ਉੱਭਰੀ ਸੀ ਪਰ ਸਮੇਂ ਦੇ ਨਾਲ ਇਹ ਪਾਰਟੀ ਵੀ ਹਾਸ਼ੀਏ 'ਤੇ ਚਲੀ ਗਈ।

ਇਸ ਤੋਂ ਬਾਅਦ 2012 ਵਿਚ ਪੰਜਾਬ ਦੇ ਮੌਜੂਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਤੀਸਰੀ ਧਿਰ ਉਸਾਰਨ ਦੀ ਕੋਸ਼ਿਸ਼ ਵੀ ਨਾਕਾਮ ਰਹੀ। 2012 ਦੀਆਂ ਚੋਣਾਂ ਤੋਂ ਪਹਿਲਾਂ ਇਸ ਦੀ ਨਵੀਂ ਬਣੀ ਪਾਰਟੀ (ਪੀਪੀਪੀ) ਨੂੰ ਆਮ ਲੋਕਾਂ ਵੱਲੋਂ ਬਹੁਤ ਵੱਡਾ ਹੁੰਗਾਰਾ ਮਿਲਿਆ ਤੇ ਲੱਗਦਾ ਸੀ ਕਿ ਇਹ ਪਾਰਟੀ ਆਉਣ ਵਾਲੀਆਂ ਚੋਣਾਂ ਵਿਚ ਕੋਈ ਨਵੀਂ ਰੰਗਤ ਲੈ ਕੇ ਆਵੇਗੀ ਪਰ ਹੋਇਆ ਇਸ ਦੇ ਬਿਲਕੁੱਲ ਉਲਟ। ਇਹ ਪਾਰਟੀ ਇਕ ਵੀ ਸੀਟ ਨਾ ਜਿੱਤ ਸਕੀ। ਉਸ ਸਮੇਂ ਦੇ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਦੋ ਹਲਕਿਆਂ, ਭਾਵ ਗਿੱਦੜਬਾਹਾ ਤੇ ਮੌੜ ਤੋਂ ਚੋਣ ਲੜੀ ਪਰ ਦੋਵੇਂ ਜਗਾ ਤੋਂ ਬੁਰੀ ਤਰਾਂ ਹਾਰ ਗਏ। ਇਸ ਪਾਰਟੀ ਦੇ ਕੇਵਲ 9 ਉਮੀਦਵਾਰ ਹੀ ਆਪਣੀਆਂ ਜ਼ਮਾਨਤਾਂ ਬਚਾ ਸਕੇ। ਇਨਾਂ ਚੋਣਾਂ ਵਿਚ ਕਾਂਗਰਸ ਇਸ ਭੁਲੇਖੇ ਵਿਚ ਰਹੀ ਕਿ ਪੀਪੀਪੀ ਅਕਾਲੀ-ਬੀਜੇਪੀ ਸਰਕਾਰ ਨੂੰ ਹਰਾਉਣ ਦਾ ਕੰਮ ਕਰੇਗੀ। ਇਨਾਂ ਚੋਣਾਂ ਵਿਚ ਭਾਵੇਂ ਇਸ ਪਾਰਟੀ ਨੇ ਅਕਾਲੀਆਂ ਦਾ ਕਾਂਗਰਸ ਨਾਲੋਂ ਵੱਧ ਨੁਕਸਾਨ ਕੀਤਾ ਪਰ ਇਹ ਕਾਂਗਰਸ ਨੂੰ ਜਿੱਤ ਦਿਵਾਉਣ ਵਾਸਤੇ ਕਾਫ਼ੀ ਨਹੀਂ ਸੀ। ਮਿਸਾਲ ਦੇ ਤੌਰ 'ਤੇ ਲੋਕਨੀਤੀ ਦੁਆਰਾ ਚੋਣਾਂ ਤੋਂ ਬਾਅਦ ਕੀਤੇ ਸਰਵੇਖਣ ਮੁਤਾਬਿਕ ਪੀਪੀਪੀ ਨੂੰ ਕੁੱਲ ਪਈਆਂ ਵੋਟਾਂ ਦਾ ਤਕਰੀਬਨ ਪੰਜ ਫ਼ੀਸਦੀ ਮਿਲੀਆਂ। 2007 ਵਿਚ ਇਨਾਂ ਪੰਜ ਫ਼ੀਸਦੀ ਵੋਟਾਂ ਵਿਚੋਂ 68% ਵੋਟਾਂ ਅਕਾਲੀ-ਦਲ ਬੀਜੇਪੀ ਵੱਲੋਂ ਤੇ 24% ਕਾਂਗਰਸ ਵੱਲੋਂ ਆਈਆਂ ਸਨ। ਇਸ ਤੋਂ ਇਲਾਵਾ ਇਸ ਪਾਰਟੀ ਨੂੰ ਪੇਂਡੂ ਭਾਈਚਾਰੇ ਭਾਵ ਜੱਟਾਂ ਦੀਆਂ ਕੁੱਲ ਪਈਆਂ ਵੋਟਾਂ ਵਿਚੋਂ ਕੇਵਲ 9 ਫ਼ੀਸਦੀ ਹੀ ਮਿਲੀਆਂ ਸਨ ਜਿਨਾਂ ਵਿਚ 52% ਅਕਾਲੀ ਦਲ ਤੇ ਬੀਜੇਪੀ ਵਾਲੇ ਪਾਸੇ ਤੋਂ ਅਤੇ ਕੇਵਲ 31% ਹੀ ਕਾਂਗਰਸ ਵਾਲੇ ਪਾਸੇ ਤੋਂ ਆਈਆਂ ਸਨ। ਇਸ ਪਾਰਟੀ ਦੇ ਤੀਸਰੇ ਬਦਲ ਵਜੋਂ ਨਾ ਉੱਭਰਨ ਪਿੱਛੇ ਜਥੇਬੰਦਕ ਅਣਹੋਂਦ, ਆਰਥਿਕ ਵਸੀਲਿਆਂ ਦੀ ਘਾਟ, ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸਿਆਸੀ ਪਛਾਣ ਨਾ ਹੋਣਾ ਆਦਿ ਬਹੁਤ ਸਾਰੇ ਕਾਰਨ ਸਨ। ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਨੇ ਇਸ ਪਾਰਟੀ 'ਤੇ ਕਾਂਗਰਸ ਦੀ 'ਬੀ' ਟੀਮ ਹੋਣ ਦੇ ਦੋਸ਼ ਲਾਏ ਸਨ ਜੋ ਬਾਅਦ ਵਿਚ ਇਕ ਤਰਾਂ ਸੱਚ ਵੀ ਸਾਬਿਤ ਹੋ ਗਏ। ਪਾਰਟੀ ਪ੍ਰਧਾਨ ਨੇ ਕਾਂਗਰਸ ਦੀ ਟਿਕਟ ਉੱਤੇ ਬਠਿੰਡੇ ਤੋਂ 2014 ਦੀ ਪਾਰਲੀਮੈਂਟ ਦੀ ਚੋਣ ਲੜੀ ਤੇ ਹਾਰ ਗਏ ਅਤੇ ਬਾਅਦ ਵਿਚ ਪਾਰਟੀ ਸਮੇਤ ਕਾਂਗਰਸ ਵਿਚ ਸ਼ਾਮਿਲ ਹੋ ਗਏ। ਇਸ ਦੇ ਨਾਲ ਹੀ ਇਸ ਉੱਭਰਦੇ ਹੋਏ ਤੀਜੇ ਬਦਲ ਦਾ ਅੰਤ ਹੋ ਗਿਆ।

**ਬਾਕੀ ਸਫ਼ਾ 30 'ਤੇ**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

01 ਅਕਤੂਬਰ 2021 ਤੋਂ 07 ਅਕਤੂਬਰ 2021

## ਇਤਿਹਾਸ ਤੋਂ ਵਰਤਮਾਨ ਤੱਕ, ਪੰਜਾਬ ਦੀ ਸਿਆਸਤ ਉੱਤੇ ਦਿੱਲੀ ਦਾ ਪਰਛਾਵਾਂ

ਜਿਸ ਮੌਕੇ, ਸਿੱਖ ਲਹਿਰ ਤੋਂ ਬਾਅਦ, ਪੰਜਾਬ ਵਿੱਚ ਕਾਂਗਰਸ ਦੇ ਮੁੜ ਤੋਂ ਪੈਰ ਲਵਾਉਣ ਲਈ ਜਾਣੇ ਜਾਂਦੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਭਾਰਤੀ ਸੱਤਾ ’ਤੇ ਕਾਬਜ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨਾਲ ਜਨਤਕ ਮੁਲਾਕਾਤ ਕਰਕੇ ਪੰਜਾਬ ਬਾਰੇ ਅਣਸੁਖਾਵੀਆਂ ਭਵਿੱਖਬਾਣੀਆਂ ਕਰ ਰਹੇ ਹਨ, ਉਸ ਵੇਲੇ ਬੀ.ਡੀ ਪਾਂਡੇ ਦੀਆਂ ਯਾਦਾਂ ’ਤੇ ਆਧਾਰਤ ਕਿਤਾਬ ਦਾ ਛਪ ਕੇ ਲੋਕਾਂ ਸਾਹਮਣੇ ਆਉਣਾ ਇੱਕ ਕਿਸਮ ਦਾ ਸੰਜੋਗ ਹੀ ਹੈ। ਭੈਰਬ ਦੱਤ ਪਾਂਡੇ ਅਕਤੂਬਰ 1983 ਤੋਂ ਲੈ ਕੇ ਜੁਲਾਈ 1984 ਤੱਕ ਪੰਜਾਬ ਦੇ ਗਵਰਨਰ ਦੇ ਅਹੁਦੇ ’ਤੇ ਰਿਹਾ। ਪਾਂਡੇ ਨੇ ਜੂਨ ਚੁਰਾਸੀ ਵਿਚ ਵਾਪਰੇ ਤੀਜੇ ਘੱਲੂਘਾਰੇ ਤੋਂ ਬਿਲਕੁਲ ਪਹਿਲਾਂ ਅਤੇ ਬਾਅਦ ’ਚ ਵਾਪਰੀਆਂ ਵੱਡੀਆਂ ਘਟਨਾਵਾਂ ਨੂੰ ਨੇੜਿਉਂ ਵੇਖਿਆ ਹੈ। ਭੈਰਬ ਦੱਤ ਪਾਂਡੇ 1938 ਦੇ ਬੈਚ ਵਿਚ ਅੰਗਰੇਜੀ ਸਰਕਾਰ ਮੌਕੇ ‘ਆਈਸੀਐਸ’ ਭਰਤੀ ਹੋਇਆ ਅਤੇ ਵੰਡ ਤੋਂ ਮਗਰੋਂ ਪ੍ਰਮੁੱਖ ਸਰਕਾਰੀ ਅਹੁਦਿਆਂ ’ਤੇ ਰਿਹਾ। ਅਫਸਰ ਵਜੋਂ ਉਸਦੀ ਆਖਰੀ ਨਿਯੁਕਤੀ ਭਾਰਤ ਦੇ ਕੈਬਨਿਟ ਸੈਕਰਟਰੀ (1972-77) ਵਜੋਂ ਸੀ। ਰਿਟਾਇਰ ਹੋਣ ਤੋਂ ਪਹਿਲਾਂ ਉਹ ਉਸ ਵੇਲੇ ਪੱਛਮੀ ਬੰਗਾਲ ’ਚ ਗਵਰਨਰੀ ਦੇ ਅਹੁਦੇ ’ਤੇ ਸੀ ਜਦੋਂ ਅਕਤੂਬਰ 1983 ਵਿੱਚ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਏਪੀ ਸ਼ਰਮਾ ਨੂੰ ਹਟਾ ਕੇ ਬੀ.ਡੀ ਪਾਂਡੇ ਨੂੰ ਪੰਜਾਬ ਗਵਰਨਰ ਨਿਯੁਕਤ ਕੀਤਾ ਗਿਆ ਸੀ। ਸ੍ਰੀ ਅਮ੍ਰਿਤਸਰ ਵਿਖੇ ਤੀਜਾ ਘੱਲੂਘਾਰਾ ਪਾਂਡੇ ਦੀ ਗਵਰਨਰੀ ਹੇਠ ਹੀ ਵਾਪਰਿਆ, ਪਾਂਡੇ ਨੇ ਹੀ ਇੰਦਰਾ ਦੇ ਇਸ਼ਾਰੇ ’ਤੇ ਫੌਜ ਨੂੰ ਮਦਦ ਲਈ ਹੁਕਮ ਦਿੱਤੇ। ਜੁਲਾਈ 1984 ’ਚ ਅਸਤੀਫਾ ਦੇਣ ਮਗਰੋਂ ਬੀ.ਡੀ ਪਾਂਡੇ ਆਪਣੇ ਜੱਦੀ ਘਰ ਕੁਮਾਉਂ ਰਹਿਣ ਚਲਾ ਗਿਆ। ਇਥੇ ਰਹਿੰਦਿਆਂ ਬੀ.ਡੀ ਪਾਂਡੇ ਨੇ ਆਪਣੀ ਜਿੰਦਗੀ ਦੀਆਂ ਯਾਦਾਂ ਨੂੰ ਕਲਮਬੰਦ ਕੀਤਾ ਅਤੇ ਆਪਣੇ ਪਰਿਵਾਰ ਨੂੰ ਹਦਾਇਤ ਕੀਤੀ ਕਿ ਉਹਦੇ ਮਰਨ ਤੋਂ ਬਾਅਦ ਹੀ ਇਨਾਂ ਡਾਇਰੀਆਂ ਨੂੰ ਖੋਲਿਆ ਜਾਵੇ। 2009 ਵਿੱਚ ਪਾਂਡੇ ਦੀ ਮੌਤ ਹੋ ਗਈ ਅਤੇ ਹਾਲ ਹੀ ਵਿੱਚ ਪਾਂਡੇ ਦੀ ਧੀ ਨੇ ਇਨਾਂ ਯਾਦਾਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਛਪਵਾਇਆ ਹੈ। ਇਸ ਕਿਤਾਬ ਵਿੱਚ ਬੀ.ਡੀ ਪਾਂਡੇ ਦੀ ਨਿੱਜੀ ਜਿੰਦਗੀ, ਨੌਕਰੀ ਦੇ ਨਾਲ-ਨਾਲ ਪੰਜਾਬ ਵਿੱਚ ਜੂਨ 1984 ਮੌਕੇ ਆਪਣੇ ਤਜਰਬੇ ਵੀ ਲਿਖੇ ਗਏ ਹਨ। ਕਿਤਾਬ ਦੇ 14 ਸਿਰਲੇਖਾਂ ਵਿੱਚੋਂ 5 ਸਿਰਲੇਖ ਪੰਜਾਬ ਵਿਚਲੇ ਤਜਰਬੇ ਬਾਰੇ ਹਨ। ਇਸ ਕਿਤਾਬ ਨੂੰ ਪੜਕੇ ਪੱਤਰਕਾਰੀ ਅਤੇ ਰਾਜਨੀਤਕ ਪਿੜ ਵਿਚ ਨਵੇਂ ਦਾਖਲ ਹੋਏ ਬੰਦਿਆਂ ਨੂੰ ਪੰਜਾਬ ’ਚ ਚਲ ਰਹੀ ਸਿਆਸੀ ਘੁੰਮਣਘੇਰੀ ਦੀ ਥਾਹ ਪਾਉਣ ਵਿਚ ਸੌਖ ਹੋਵੇਗੀ। ਇਸ ਕਿਤਾਬ ਵਿਚਲੀਆਂ ਬਹੁਤੀਆਂ ਗੱਲਾਂ ਭਾਵੇਂ ਪਹਿਲਾਂ ਹੀ ਜਾਣਕਾਰੀ ਦੇ ਤੌਰ ’ਤੇ ਮੌਜੂਦ ਹਨ ਪਰ ਇਸਦਾ ਇਹਨਾਂ ਘਟਨਾਵਾਂ ਦੇ ਵਿੱਚ ਸ਼ਮੂਲੀਅਤ ਕਰ ਰਹੇ ਕਿਸੇ ਜਿੰਮੇਵਾਰ ਬੰਦੇ ਦੇ ਮੂੰਹੋਂ ਆਉਣਾ ਵੱਡੇ ਮਾਇਨੇ ਰੱਖਦਾ ਹੈ। ਇਸ ਕਿਤਾਬ ਵਿੱਚ ਕੁਮਾਉਂ ਦੇ ਬ੍ਰਾਹਮਣ ਭਾਈਚਾਰੇ ਨਾਲ ਸਬੰਧ ਰੱਖਦਾ ਸਾਬਕਾ ਅਫਸਰ ਆਪਣੇ ਨਿੱਜੀ ਨਜ਼ਰੀਏ ਦੇ ਨਾਲ-ਨਾਲ ਪੰਜਾਬ ਮਸਲੇ ਦੇ ਦੁਆਲੇ ਘੁੰਮਦੇ ਕਈਂ ਪੱਖਾਂ ਬਾਰੇ ਆਪਣੇ ਵਿਚਾਰ/ਤਜਰਬੇ ਲਿਖਦਾ ਹੈ। ਇਸ ਕਿਤਾਬ ਤੋਂ ਇਹ ਤੱਥ ਹੋਰ ਸਪਸ਼ਟ ਹੁੰਦਾ ਹੈ ਕਿ ਇੰਦਰਾ ਗਾਂਧੀ ਅਤੇ ਕਾਂਗਰਸ ਕਦੇ ਵੀ ਸਿੱਖਾਂ ਨਾਲ ਕੋਈ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ। ਅਕਾਲੀ ਦਲ ਅਤੇ ਹੋਰ ਪਾਰਟੀਆਂ ਨਾਲ ਬੈਠਕਾਂ ਵਿਚ ਵਿਚਾਰੇ ਜਾਂਦੇ ਹਰ ਇਕ ਸਮਝੌਤੇ ਨੂੰ ਜਾਣ-ਬੁੱਝ ਕਿ ਕਿਸੇ ਕਿਨਾਰੇ ਨਹੀਂ ਸੀ ਲੱਗਣ ਦਿੱਤਾ ਜਾਂਦਾ। ਕਿਤਾਬ ਵਿੱਚ ਤਕਰੀਬਨ ਦੋ ਵਾਰ ਇਸ ਗੱਲ ਦਾ ਜ਼ਿਕਰ ਆਉਂਦਾ ਹੈ ਕਿ ਜਦੋਂ ਇੰਦਰਾ ਗਾਂਧੀ ਨੇ ਅਕਾਲੀਆਂ (ਸਿੱਖਾਂ) ਨਾਲ ਕਿਸੇ ਰਾਜਨੀਤਕ ਸਮਝੌਤੇ ਦੀ ਥਾਂਵੇਂ ਹਥਿਆਰਬੰਦ ਕਾਰਵਾਈ ਦੀ ਚਾਹ ਜ਼ਾਹਰ ਕੀਤੀ। ਕਿਤਾਬ ਵਿੱਚੋਂ ਇਹ ਵੀ ਜਾਹਰ ਹੁੰਦਾ ਹੈ ਕਿ ਪੰਜਾਬ ਵਿੱਚ ਅਫਸਰਾਂ ਦੀ ਚੋਣ, ਹਿੰਦੀ ਭਾਸ਼ਾ ਅਖਬਾਰਾਂ ਅਤੇ ਅੰਗਰੇਜੀ ਅਖਬਾਰਾਂ ਰਾਹੀਂ ਮਾਹੌਲ ਨੂੰ ਨਾਸਾਜ਼ ਰੰਗਤ ਦੇਣ ਲਈ ਬੇਹੱਦ ਘਟੀਆ ਹੀਲੇ ਵਰਤੇ ਗਏ। ਇਸ ਕਿਤਾਬ ਵਿਚ ਲੇਖਕ ਵੱਲੋਂ ਉਭਾਰਿਆ ਗਿਆ ਇੱਕ ਪੱਖ ਇਹ ਵੀ ਹੈ ਕਿ ਪੰਜਾਬ ਵਿੱਚ ਹਿੰਦੂ ਕੱਟੜਵਾਦੀ ਸੰਗਠਨਾਂ ਨੇ ਪੰਜਾਬ ਦੀਆਂ ਫਿਜ਼ਾਵਾਂ ਵਿੱਚ ਨਫਰਤੀ ਜ਼ਹਿਰ ਘੋਲਣ ’ਚ ਵੱਡਾ ਰੋਲ ਅਦਾ ਕੀਤਾ। ਬਹੁਗਿਣਤੀ ਅਤੇ ਕੁਝ ਕੁ ਮਲੂਕ ਜਿੰਦ ਸਿੱਖਾਂ, ਜਿਹੜੇ ਸਰਕਾਰ ਦੀ ਥਾਂ ਸਿੱਖਾਂ ਨੂੰ ਹਮਲੇ ਲਈ ਜਿੰਮੇਵਾਰ ਸਮਝਦੇ ਹਨ, ਲਈ ਪੰਜਾਬ ਦੇ ਸਾਬਕਾ ਗਵਰਨਰ ਦੇ ਲਿਖੇ ਇਹ ਤੱਥ ਬਹੁਤ ਔਖਿਆਈ ਭਰੇ ਹੋਣਗੇ ਕਿ ਇਸ ਰਾਜਨੀਤਕ ਸੰਕਟ ਦੌਰਾਨ ਵੀ ਪੰਜਾਬ ਵਿੱਚ ਅਪਰਾਧ ਦਰ ਭਾਰਤ ਦੀਆਂ ਹੋਰ ਸਟੇਟਾਂ ਨਾਲੋਂ ਕਿਤੇ ਘੱਟ ਸੀ, ਭਾਈਚਾਰਿਆਂ ਵਿਚਲਾ ਮੇਲ-ਜੋਲ ਸਾਧਾਰਨ ਵਾਂਗ ਹੋਣ ਦੇ ਨਾਲ-ਨਾਲ ਹਰ ਇਕ ਕਿਸਮ ਦਾ ਵਪਾਰ ਅਤੇ ਖੇਤੀ ਲਾਹੇਵੰਦ ਸੀ। ਪੰਜਾਬ ਵਿੱਚ ਫੌਜੀ ਕਾਰਵਾਈ ਬਾਰੇ ਇੰਟੈਲੀਜੈਂਸ ਬਿਊਰੋ ਤੱਕ ਨੂੰ ਨਾ ਪਤਾ ਹੋਣਾ ਅਤੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦਾ ਵਾਰ-ਵਾਰ ਗਵਰਨਰ ਨੂੰ ਫੋਨ ਕਰਕੇ ਫੌਜੀ ਕਾਰਵਾਈ ਨੂੰ ਤੇਜ਼ ਕਰਨ ਲਈ ਕਹਿਣਾ ਅਤੇ ਹੋਰ ਬਹੁਤ ਅਜਿਹੇ ਨਵੇਂ ਖੁਲਾਸੇ ਹਨ ਜਿਹੜੇ ਇਹ ਇਸ਼ਾਰਾ ਕਰਦੇ ਹਨ ਕਿ ਹਾਲੇ ਬਹੁਤ ਕੁਝ ਪਰਦੇ ਉਹਲੇ ਪਿਆ ਹੈ, ਜਿਸ ਨੂੰ ਜਾਣੇ ਬਗੈਰ ਚੁਰਾਸੀ ਦਾ ਵਰਤਾਰਾ ਸਮੁੱਚ ਵਿਚ ਨਹੀਂ ਸਮਝਿਆ ਜਾ ਸਕਦਾ। ‘ਸਰਹੱਦੀ ਸੂਬੇ-ਸਰਹੱਦੀ ਸੂਬੇ’ ਦੇ ਰਾਗ ਅਲਾਪ ਰਹੀ ਅਜੋਕੀ ਰਾਜਨੀਤਕ ਜਮਾਤ ਲਈ ਇਹ ਸ਼ਰਮਿੰਦਗੀ ਦੀ ਗੱਲ ਹੈ ਕਿ ਪੰਜਾਬ ਵਿਚ ਸਭ ਤੋਂ ਵੱਡੀ ਸਰਕਾਰੀ ਜਿੰਮੇਵਾਰੀ ’ਤੇ ਰਹੇ ਬੰਦੇ ਨੂੰ ਵੀ ਇੱਕ ਵੀ ਤੱਥ ਅਜਿਹਾ ਨਹੀਂ ਲੱਭਾ ਜਿਹੜਾ ਗੁਆਂਢੀ ਮੁਲਕ ਦੀ ਕਿਸੇ ਸ਼ਮੂਲੀਅਤ ਨੂੰ ਸਾਬਤ ਕਰ ਸਕੇ। ਦਿੱਲੀ-ਪੰਜਾਬ-ਦਿੱਲੀ ਸਫਰ ਵਿਚ ਰੁੱਝੇ ਪੰਜਾਬ ਦੇ ਸਿਆਸਤਦਾਨ ਇਸ ਦੀ ਪੁਸ਼ਟੀ ਕਰਦੇ ਹਨ ਕਿ ਜਿਸ ਕਾਲੇ ਪਰਛਾਵੇਂ ਦੀ ਬਾਤ ਪਾਂਡੇ ਦੀ ਕਿਤਾਬ ਪਾਉਂਦੀ ਹੈ ਉਹ ਦਿਨੋਂ-ਦਿਨ ਹੋਰ ਗੂੜਾ ਹੁੰਦਾ ਜਾ ਰਿਹਾ ਹੈ।

# ਕੈਪਟਨ ਅਮਰਿੰਦਰ ਸਿੰਘ ਦਾ ਅਸਤੀਫਾ ਅਤੇ ਇਸ ਦੇ ਸਿਆਸੀ ਅਰਥ



ਰਣਜੀਤ ਸਿੰਘ ਕੁਕੀ

ਪੰਜਾਬ ਦੀ ਸੱਤਾਧਾਰੀ ਪਾਰਟੀ ਕਾਂਗਰਸ ਵਿਚ ਚੱਲੇ ਲੰਮੇ ਕਾਟੋ-ਕਲੇਸ਼ ਤੋਂ ਬਾਅਦ 18 ਸਤੰਬਰ ਨੂੰ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ।ਪਿਛਲ਼ੇ ਚੌਵੀ ਵਰਿਆਂ ਵਿਚ ਕੈਪਟਨ ਅਮਰਿੰਦਰ ਸਿੰਘ ਇਕੋ ਇਕ ਅਜਿਹਾ ਮੁੱਖ ਮੰਤਰੀ ਬਣ ਗਿਆ ਹੈ ਜਿਸ ਨੂੰ ਆਪਣੀ ਪੰਜ ਵਰਿਆਂ ਦੀ ਮਿਆਦ ਪੂਰੀ ਕਰਨ ਤੋਂ ਪਹਿਲਾਂ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਅਸਤੀਫਾ ਦੇਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕੈਪਟਨ ਨੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਉਸ ਨੂੰ ਪਾਰਟੀ ਦੁਆਰਾ ਜ਼ਲੀਲ ਕੀਤਾ ਗਿਆ ਹੈ। ਉਸ ਨੇ ਇਹ ਸਪੱਸ਼ਟ ਕੀਤਾ ਕਿ ਇਸ ਨਾਲ ਉਸ ਦਾ ਰਾਜਨੀਤਿਕ ਕੈਰੀਅਰ ਸਮਾਪਤ ਨਹੀਂ ਹੋ ਜਾਂਦਾ ਬਲਕਿ ਉੱਚਿਤ ਸਮੇਂ ’ਤੇ ਉਹ ਆਪਣੇ ਲਈ ਸਹੀ ਰਾਜਨੀਤਿਕ ਵਿਕਲਪਾਂ ਦੀ ਚੋਣ ਕਰ ਸਕਦੇ ਹਨ ਅਤੇ ਆਪਣੇ ਸਲਾਹਕਾਰਾਂ ਅਤੇ ਸ਼ੁਭਚਿੰਤਕਾਂ ਦੀ ਸਲਾਹ ਨਾਲ ਹੀ ਕੋਈ ਅਗਲਾ ਕਦਮ ਉਠਾਉਣਗੇ।

ਆਪਣੀ ਵਧਦੀ ਉਮਰ ਅਤੇ ਇਸ ਜ਼ਲਾਲਤ ਤੋਂ ਬਾਅਦ ਉਸਦੇ ਰਾਜਨੀਤਿਕ ਕੈਰੀਅਰ ਨੂੰ ਮੁੜ ਜੀਵਿਤ ਕਰਨ ਦੀਆਂ ਸੰਭਾਵਨਾਵਾਂ ਬਹੁਤ ਹੀ ਮੱਧਮ ਹੋ ਜਾਂਦੀਆਂ ਹਨ। ਅਗਰ ਉਹ ਕਾਂਗਰਸ ਪਾਰਟੀ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ, ਉਸ ਕੋਲ ਜਿਆਦਾ ਵਿਕਲਪ ਨਹੀਂ ਬਚਦੇ ਹਨ ਅਤੇ ਨਾ ਹੀ ਹੋਰ ਰਾਜਨੀਤਿਕ ਪਾਰਟੀਆਂ ਉਸ ਨੂੰ ਲੀਡਰ ਦਾ ਅਹੁਦਾ ਦੇਣਾ ਪ੍ਰਵਾਨ ਕਰਨਗੀਆਂ। ਨਵੀਂ ਪਾਰਟੀ ਦਾ ਗਠਨ ਕਰਨਾ ਵੀ ਕੋਈ ਅਸਾਨ ਕੰਮ ਨਹੀਂ ਹੋਵੇਗਾ।ਉਸ ਕੋਲ ਇਕੋ ਇਕ ਬਦਲ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਿਲ ਹੋਣ ਦਾ ਬਚਦਾ ਹੈ ਕਿਉਂ ਜੋ ਕੈਪਟਨ ਦਾ ਮਜਬੂਤ ਰਾਸ਼ਟਰਵਾਦੀ ਹਿੰਦੂਤਵ ਵੱਲ ਕਾਫੀ ਝੁਕਾਅ ਹੈ ਜੋ ਕਿ ਹਿੰਦੂ ਵੋਟਰਾਂ ਨੂੰ ਵੀ ਪ੍ਰਵਾਨਿਤ ਹੋਵੇਗਾ। ਨਵੀਂ ਪਾਰਟੀ ਦਾ ਗਠਨ ਕਰਨਾ ਕੈਪਟਨ ਦੀ ਆਪਣੀ ਰਾਜਨੀਤੀ ਨੂੰ ਕੋਈ ਹੁਲਾਰਾ ਨਹੀਂ ਦੇਵੇਗਾ। ਹਾਲਾਂਕਿ, ਇਹ ਕਾਂਗਰਸ ਨੂੰ ਚੋਣਾਵੀ ਪੱਧਰ ਉੱਪਰ ਨੁਕਸਾਨ ਪਹੁੰਚਾ ਸਕਦਾ ਹੈ ਕਿਉਂ ਉਸ ਵਿਚ ਪਹਿਲਾਂ ਹੀ ਫੁਟ ਪਈ ਹੋਈ ਹੈ ਅਤੇ ਉਹ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰ ਰਹੀ ਹੈ।

ਦਸ ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ 2107 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਦੋ-ਤਿਹਾਈ ਬਹੁਮਤ ਪ੍ਰਾਪਤ ਕਰਕੇ ਮੁੜ ਸੱਤਾ ਵਿਚ ਆਈ। ਆਪਣੀ ਪਾਰਟੀ ਦੇ ਅੰਦਰੋਂ ਹੀ ਵਿਦਰੋਹ ਦਾ ਸਾਹਮਣਾ ਕਰਨ ਤੋਂ ਪਹਿਲਾਂ ਪਿਛਲੇ ਸਾਢੇ ਚਾਰ ਸਾਲਾਂ ਵਿਚ ਕੈਪਟਨ ਦਾ ਸਰਕਾਰ ਉੱਪਰ ਪੂਰਾ ਨਿਯੰਤ੍ਰਣ ਸੀ, ਪਰ ਅੰਤ ਉਸ ਦਾ ਨਿਯੰਤ੍ਰਣ ਆਪਣੀ ਸਰਕਾਰ ਅਤੇ ਪਾਰਟੀ ਤੋਂ ਖਤਮ ਹੋ ਗਿਆ। ਕੈਪਟਨ ਦੀ ਮੁੱਖ ਮੰਤਰੀ ਵਜੋਂ ਦੂਜੀ ਪਾਰੀ ਨੂੰ ਉਸ ਦੀ ਅਸਫਲ਼ਤਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਕਾਰਜ-ਕਾਲ ਦੌਰਾਨ ਉਸ ਦੀ ਫੈਸਲਾ ਲੈਣ ਦੀ ਸਮਰੱਥਾ ਪੂਰੀ ਤਰਾਂ ਗਾਇਬ ਸੀ। ਉਹ ਸਿਵਲ ਸਕੱਤਰੇਤ ਵਿਚਲੇ ਆਪਣੇ ਦਫਤਰ ਵਿਚੋਂ ਗਾਇਬ ਰਿਹਾ ਅਤੇ ਉਸ ਨੇ ਚੰਡੀਗੜ ਦੇ ਬਾਹਰਵਾਰ ਸਥਿਤ ਆਪਣੇ ਫਾਰਮ ਹਾਊਸ ਨੂੰ ਹੀ ਆਪਣਾ ਹੈੱਡਕੁਆਟਰ ਬਣਾ ਲਿਆ ਜਿਸ ਨੇ ਉਸ ਨੂੰ ਆਪਣੀ ਹੀ ਪਾਰਟੀ ਅਤੇ ਲੋਕਾਂ ਤੋਂ ਅਲੱਗ ਕਰ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੈਪਟਨ ਨੇ ਅਕਾਲੀ ਦਲ ਨੂੰ ਹਰਾ ਕੇ ਅਤੇ ਆਮ ਆਦਮੀ ਪਾਰਟੀ ਦੀਆਂ ਉਮੀਦਾਂ ਉੱਪਰ ਪਾਣੀ ਫੇਰ ਕੇ ਆਪਣੀ ਪਾਰਟੀ ਲਈ ਇਕ ਸਥਾਨ ਬਣਾਇਆ। ਪਰ ਇਸ ਕਾਰਜ ਕਾਲ ਵਿਚ ਉਸ ਦਾ ਕੋਈ ਕੰਮ ਨਾ ਕਰਨਾ, ਆਪਣੇ ਹੰਕਾਰ ਅਤੇ ਰਾਜਨੀਤਿਕ ਨੇਤਾਵਾਂ ਦੀ ਬਜਾਏ ਨੌਕਰਸ਼ਾਹੀ ਉੱਪਰ ਪੂਰਨ ਭਰੋਸੇ ਨੇ ਉਸ ਨੂੰ ਕੋਈ ਠੋਸ ਫੈਸਲਾ ਨਹੀਂ ਲੈਣ ਦਿੱਤਾ।ਬਹੁਤ ਸਾਰੇ ਮਹੱਤਵਪੂਰਨ ਮੁੱਦਿਆਂ ਵਿਚ ਉਸ ਨੂੰ ਜ਼ਲਾਲਤ ਦਾ ਸਾਹਮਣਾ ਕਰਨਾ ਪਿਆ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਨਸ਼ਿਆਂ ਨੂੰ ਠੱਲ ਪਾਉਣ ਅਤੇ 2014 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੁੱਖ ਦੋਸ਼ੀਆਂ ਨੂੰ ਸਜ਼ਾ ਦੁਆਉਣ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਸੀ। ਸਾਢੇ ਚਾਰ ਸਾਲ ਬਾਅਦ ਵੀ ਨਸ਼ਿਆਂ ਦਾ ਜਾਲ ਹੋਰ ਜਿਆਦਾ ਫੈਲ ਗਿਆ ਹੈ ਅਤੇ ਬੇਅਦਬੀ ਦਾ ਮੁੱਦਾ ਵੀ ਜਿਉਂ ਦਾ ਤਿਉਂ ਬਰਕਰਾਰ ਹੈ। ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਕੈਪਟਨ ਦੁਆਰਾ ਗਠਿਤ ਕੀਤਾ ਗਿਆ ਰਣਜੀਤ ਸਿੰਘ ਕਮਿਸ਼ਨ ਵੀ ਸਹੀ ਜਾਂਚ ਕਰਨ ਵਿਚ ਅਸਫਲ ਰਿਹਾ ਹੈ। ਕੈਪਟਨ ਵਿਰੁਧ ਬਾਦਲਾਂ ਦਾ ਸਾਥ ਦੇਣ ਦੀ ਪੱਕੀ ਧਾਰਨਾ ਕਰਕੇ ਵੀ ਲੋਕਾਂ ਵਿਚ ਉਸ ਪ੍ਰਤੀ ਗੁੱਸੇ ਦੀ ਭਾਵਨਾ ਹੈ। ਕੈਪਟਨ ਲਈ ਜ਼ਲਾਲਤ ਦਾ ਇਕ ਹੋਰ ਮੁੱਦਾ ਉੱਚ ਅਦਾਲਤ ਵਿਚ ਬੇਅਦਬੀ ਨਾਲ ਸਬੰਧਤ ਕੇਸ ਹਾਰਨਾ ਹੈ। ਇਸ ਕਰਕੇ ਬਹੁਤ ਸਾਰੇ ਕਾਂਗਰਸੀ ਨੇਤਾਵਾਂ ਨੇ ਵੀ ਕੈਪਟਨ ਨੂੰ ਸੁਆਲਾਂ ਦੇ ਘੇਰੇ ਵਿਚ ਲੈ ਕੇ ਆਂਦਾ। ਨਸ਼ਿਆਂ ਦੇ ਮਸਲੇ ਵਿਚ ਵੀ ਤਿੰਨ ਸਾਲ ਪਹਿਲਾਂ ਸਪੈਸ਼ਲ ਟਾਸਕ ਫੋਰਸ ਦੁਆਰਾ ਉੱਚ ਅਦਾਲਤ ਸਾਹਮਣੇ ਪੇਸ਼ ਕੀਤੀ ਰਿਪੋਰਟ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਪੂਰੇ ਪੰਜਾਬ ਵਿਚ ਕਾਂਗਰਸੀ ਵਿਧਾਇਕਾਂ ਨੇ ਸਰਕਾਰ ਨੌਕਰਸ਼ਾਹੀ ਦੁਆਰਾ ਚਲਾਏ ਜਾਣ ਦਾ ਦੋਸ਼ ਲਗਾਇਆ।ਪੰਜਾਬ ਦੀ ਰਾਜਨੀਤੀ ਨੇ ਬਹੁਤ ਹੀ ਘਟਨਾਵਾਂ ਨਾਲ ਭਰਪੂਰ ਰਾਜਨੀਤਿਕ ਕੈਰੀਅਰ ਦਾ ਅੰਤ ਹੁੰਦਾ ਦੇਖਿਆ ਜੋ 1980ਵਿਆਂ ਦਾ ਸਿੱਖ ਸੰਘਰਸ਼ ਅਤੇ ਉਸ ਤੋਂ ਬਾਅਦ ਵਾਲੇ ਦੁਖਦਾਈ ਵਰਿਆਂ ਦੀ ਗਵਾਹੀ ਭਰਦਾ ਹੈ। ਪੰਜਾਬ ਕਾਂਗਰਸ ਕੈਪਟਨ ਦੀ ਬਹੁਤ ਦੇਣਦਾਰ ਹੈ। ਦਰਬਾਰ ਸਾਹਿਬ ਉੱਪਰ 1984 ਵਿਚ ਫੌਜੀ ਹਮਲੇ ਤੋਂ ਬਾਅਦ ਉਸ ਦੇ ਅਸਤੀਫੇ ਨੇ ਕੈਪਟਨ ਨੂੰ ਸਿੱਖਾਂ ਵਿਚ ਖਾਸ ਜਗਾ ਦੁਆਈ। ਹਾਲਾਂਕਿ ਕੁਝ ਸਾਲਾਂ ਉਪਰੰਤ ਉਹ ਕਾਂਗਰਸ ਵਿਚ ਮੁੜ ਪਰਤ ਗਿਆ, ਪਰ ਉਸ ਉੱਪਰ 1980ਵਿਆਂ ਅਤੇ 90ਵਿਆਂ ਦੇ ਸਮੇਂ ਦਾ ਕੋਈ ਦਾਗ ਨਹੀ ਹੈ ਜਿਸ ਨੇ ਕੁਝ ਵਰਿਆਂ ਤੱਕ ਪੰਜਾਬ ਦੇ ਸਿੱਖਾਂ ਵਿਚ ਕਾਂਗਰਸ ਦੇ ਪੈਰ ਨਹੀਂ ਲੱਗਣ ਦਿੱਤੇ।

1984 ਤੋਂ ਬਾਅਦ ਪੰਜਾਬ ਵਿਚ ਕਾਂਗਰਸ ਨੇ ਤਿੰਨ ਵਾਰ ਸਰਕਾਰ ਬਣਾਈ ਹੈ ਜੋ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਸਫਲਤਾ ਅਤੇ ਸਿੱਖਾਂ ਦੀ ਸਿੱਖ ਰਾਜਨੀਤੀ ਅਤੇ ਪੰਥਕ ਰਾਜਨੀਤਿਕ ਪਾਰਟੀਆਂ ਪ੍ਰਤੀ ਨਿਰਾਸ਼ਾ ਨੂੰ ਜ਼ਾਹਿਰ ਕਰਦਾ ਹੈ। 2002 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਮੁੜ ਸੱਤਾ ਵਿਚ ਆਈ ਅਤੇ 2017 ਵਿਚ ਤਾਂ ਪਾਰਟੀ ਨੂੰ ਭਾਰੀ ਬਹੁਮਤ ਪ੍ਰਾਪਤ ਹੋਇਆ।ਆਪਣੇ ਮੌਜੂਦਾ ਕਾਰਜਕਾਲ ਦੇ ਦੋ ਸਾਲਾਂ ਬਾਅਦ ਕੈਪਟਨ ਦੀ ਛਵੀ ਵਿਚ ਗਿਰਾਵਟ ਆਉਣੀ ਸ਼ੁਰੂ ਹੋਈ। ਸੀ ਵੋਟਰ ਟਰੈਕਰ ਦੇ ਅਨੁਸਾਰ 2019 ਦੀ ਸ਼ੁਰੂਆਤ ਵਿਚ ਉਸ ਦੀ ਪ੍ਰਵਾਨਗੀ ਰੇਟਿੰਗ 19 ਪ੍ਰਤੀਸ਼ਤ ਸੀ ਜੋ ਕਿ2021 ਵਿਚ 9.8 ਪ੍ਰਤੀਸ਼ਤ ਉੱਪਰ ਆ ਗਈ। ਹਾਲੀਆ ਟਰੈਕਰ ਦੇ ਅਨੁਸਾਰ ਉਸ ਦੀ ਪ੍ਰਵਾਨਗੀ ਦਰ ਨਾਕਾਰਤਮਕ ਹੋ ਚੁੱਕੀ ਹੈ। ਗੈਰ-ਭ੍ਰਿਸ਼ਟਾਚਾਰ ਸਰਕਾਰ ਦੇਣ, ਨਸ਼ਾ, ਰੇਤ ਅਤੇ ਕੇਬਲ ਮਾਫੀਆ, ਜੋ ਕਿ ਅਸਲ ਵਿਚ ਅਕਾਲੀ ਭਾਜਪਾ ਸਰਕਾਰ ਦੀ ਵਿਸ਼ੇਸ਼ਤਾ ਸੀ, ਉੱਪਰ ਨਕੇਲ ਕਸਣ ਵਿਚ ਸਰਕਾਰ ਬੁਰੀ ਤਰਾਂ ਅਸਫਲ ਰਹੀ ਹੈ। ਇਹ ਮਾਫੀਆ ਕਾਂਗਰਸ ਦੇ ਰਾਜ ਵਿਚ ਜਿਉਂ ਦੇ ਤਿਉਂ ਬਰਕਰਾਰ ਰਹੇ। ਇਹ 2017 ਵਿਚ ਕੈਪਟਨ ਦੁਆਰਾ ਗੁਟਕਾ ਸਾਹਿਬ ਫੜ ਕੇ ਜਨਤਕ ਰੂਪ ਵਿਚ ਸਹੁੰ ਚੁੱਕਣ ਦੇ ਬਾਵਜੂਦ ਵਾਪਰਿਆ। ਇਸ ਤੋਂ ਇਲਾਵਾ ਕੈਪਟਨ ਨੇ ਆਪਣੇ ਹੋਰ ਚੋਣਾਵੀ ਵਾਅਦਿਆਂ ਨੂੰ ਵੀ ਪੂਰਾ ਨਹੀਂ ਕੀਤਾ। ਹਾਲ ਹੀ ਵਿਚ ਕੈਪਟਨ ਦੁਆਰਾ ਅੰਦੋਲਨਕਾਰੀ ਕਿਸਾਨਾਂ ਉੱਪਰ ਸੂਬੇ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਉਣਾ ਵੀ ਉਸ ਦਾ ਜ਼ਮੀਨੀ ਹਕੀਕਤ ਤੋਂ ਦੂਰ ਹੋਣ ਦੀ ਗਵਾਹੀ ਭਰਦਾ ਹੈ। ਕੈਪਟਨ ਦੇ ਰਾਸ਼ਟਰਵਾਦੀ ਝੁਕਾਅ, ਸਿੱਖ ਨੌਜਵਾਨਾਂ ਉੱਪਰ ਰਾਸ਼ਟਰ-ਵਿਰੋਧੀ ਗਤੀਵਿਧੀਆਂ ਦਾ ਦੋਸ਼ ਮੜ ਕੇ ਉਨਾਂ ਨੂੰ ਜੇਲ ਵਿਚ ਸੁੱਟਣ ਕਰਕੇ ਅਤੇ ਬਿਨਾਂ ਵਜਾ ਡਰ ਦਾ ਮਾਹੌਲ ਪੈਦਾ ਕਰਨ ਕਰਕੇ ਉਸ ਦੇ ਸਮਰਥਕ ਕੁਝ ਕੁ ਹਿੰਦੂ ਵੋਟਰ ਹਨ।

2017 ਵਿਚ ਮਹਾਰਾਜੇ ਦੀ ਭਾਰੀ ਜਿੱਤ ਨੇ ਇਸ ਪਾਰਟੀ ਦੇ ਪੁਰਾਣੇ ਜਲੌਅ ਦੇ ਮੁੜ ਸੁਰਜੀਤ ਹੋਣ ਦੀ ਉਮੀਦ ਪੈਦਾ ਕੀਤੀ ਸੀ। ਕੈਪਟਨ ਉਨਾਂ ਕੁਝ ਕੁ ਰਾਜਨੇਤਾਵਾਂ ਵਿਚੋਂ ਆਉਂਦਾ ਹੈ ਜਿਨਾਂ ਨੇ ਭਾਰਤੀ ਫੌਜ ਵਿਚ ਆਪਣੀ ਜ਼ਿੰਮੇਵਾਰੀ ਨਿਭਾਈ। ਕੈਪਟਨ ਨੇ ਆਪਣੇ ਰਾਜਨੀਤਿਕ ਕੈਰੀਅਰ ਦੀ ਸ਼ੁਰੂਆਤ 1970 ਵਿਚ ਕੀਤੀ ਸੀ ਜਦੋਂ ਉਹ ਕਾਂਗਰਸ ਪਾਰਟੀ ਰਾਹੀ ਸੰਸਦ ਦਾ ਮੈਂਬਰ ਬਣਿਆ ਸੀ, 1984 ਵਿਚ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦੇ ਰੋਸ ਵਜੋਂ ਉਸ ਨੇ ਸੰਸਦ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਕਾਂਗਰਸ ਛੱਡ ਦਿੱਤੀ। ਕੁਝ ਸਮਾਂ ਅਕਾਲੀ ਦਲ ਵਿਚ ਰਹਿਣ ਤੋਂ ਬਾਅਦ ਉਹ ਮੁੜ ਕਾਂਗਰਸ ਵਿਚ ਸ਼ਾਮਿਲ ਹੋ ਗਿਆ ਅਤੇ 2002 ਵਿਚ ਸਰਕਾਰ ਬਣਾਈ। 1980ਵਿਆਂ ਵਿਚ ਆਪਣੇ ਰਾਜਨੀਤਿਕ ਕੈਰੀਅਰ ਦੀ ਸ਼ੁਰੂਆਤ ਸਮੇਂ 1982 ਵਿਚ ਕਾਂਗਰਸ ਦਾ ਮੈਂਬਰ ਪਾਰਲੀਮੈਂਟ ਹੋਣ ਦੇ ਨਾਤੇ ਉਹ ਸਤਲੁਜ-ਯਮੁਨਾ ਲਿੰਕ ਨਹਿਰ ਦੀ ਖੁਦਾਈ ਵੇਲੇ ਉਸਦੀ ਸ਼ਮੂਲੀਅਤ ਰਹੀ।

ਕੈਪਟਨ ਅਮਰਿੰਦਰ ਸਿੰਘ ਪਟਿਆਲੇ ਦੇ ਸ਼ਾਹੀ ਘਰਾਣੇ ਨਾਲ ਸਬੰਧਤ ਹੈ। ਉਸ ਦਾ ਦਾਦਾ ਭੁਪਿੰਦਰ ਸਿੰਘ ਹੋਰ ਰਾਜਿਆਂ ਦੀ ਤਰਾਂ ਬਸਤੀਵਾਦੀ ਹਕੂਮਤ ਦਾ ਸਮਰਥਕ ਰਿਹਾ 1919 ਵਿਚ ਜਲਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਵੀ ਉਸ ਨੇ ਅੰਗਰੇਜ਼ਾਂ ਦੀ ਹਮਾਇਤ ਕੀਤੀ। ਲੈਫਟੀਨੈਂਟ ਗਵਰਨਰ ਓਡਾਇਰ ਨੇ ਆਪਣੀ ਆਤਮਕਥਾ ਵਿਚ ਇੰਕਸ਼ਾਫ ਕੀਤਾ ਹੈ ਕਿ ਮਹਾਰਾਜਾ ਭੁਪਿੰਦਰ ਸਿੰਘ ਨੇ ਬ੍ਰਿਟਿਸ਼ ਰਾਜ ਦਾ ਸਾਥ ਦਿੱਤਾ। ਇਸ ਤਰਾਂ ਦੀ ਗੁਲਾਮ ਮਾਨਸਿਕਤਾ ਉਸ ਸਮੇਂ ਰਾਜਸ਼ਾਹੀ ਪ੍ਰਬੰਧ ਦਾ ਹਿੱਸਾ ਸੀ, ਜਿਨਾਂ ਦੀਆਂ ਪੁਸ਼ਤਾਂ ਹੁਣ ਵੀ ਸੱਤਾਧਾਰੀ ਧਿਰ ਵਿਚ ਸ਼ਾਮਿਲ ਹਨ।ਹੁਣ ਜਦੋਂ ਭਾਰਤੀ ਲੋਕ ਅਤੇ ਸਰਕਾਰ ਬ੍ਰਿਟਿਸ਼ ਹਕੂਮਤ ਤੋਂ ਜਲਿਆਂਵਾਲੇ ਬਾਗ ਦੇ ਸਾਕੇ ਲਈ ਮਾਫੀ ਦੀ ਮੰਗ ਕਰ ਰਹੇ ਹਨ ਤਾਂ ਲੋਕਾਂ ਨੂੰ ਇਹ ਨਹੀਂ ਭੁੱਲ ਜਾਣਾ ਚਾਹੀਦਾ ਕਿ ਪੰਜਾਬ ਦੇ ਮਹਾਰਾਜਿਆਂ ਅਤੇ ਕੁਲੀਨਾਂ, ਜੋ ਅਜੇ ਵੀ ਮੌਜੂਦ ਹਨ, ਨੇ ਬ੍ਰਿਟਿਸ਼ ਰਾਜ ਦਾ ਸਾਥ ਦਿੱਤਾ। ਅਮਰਿੰਦਰ ਸਿੰਘ ਦੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ ਨੇ 1947 ਦੀ ਵੰਡ ਸਮੇਂ ਪੂਰਬੀ ਪੰਜਾਬ ਵਿਚੋਂ ਮੁਸਲਮਾਨਾਂ ਦਾ ਸਫਾਇਆ ਕਰਨ ਵਿਚ ਸ਼ਮੂਲੀਅਤ ਰਹੀ ਸੀ। 2017 ਦੇ ਰਾਜਨੀਤਿਕ ਅਭਿਆਨ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਅਕਸਰ ਹੀ ਵਿਦਿਆਰਥੀਆਂ, ਆਮ ਲੋਕਾਂ ਅਤੇ ਕਿਸਾਨਾਂ ਨਾਲ ਗੱਲ-ਬਾਤ ਕਰਦੇ ਦੇਖਿਆ ਜਾ ਸਕਦਾ ਸੀ, ਪਰ ਹੌਲੀ-ਹੌਲ਼ੀ ਉਹ ਆਮ ਲੋਕਾਂ ਹੀ ਨਹੀਂ ਬਲਕਿ ਆਪਣੀ ਪਾਰਟੀ ਦੇ ਵਿਧਾਇਕਾਂ ਦੀ ਪਹੁੰਚ ਤੋਂ ਵੀ ਬਾਹਰ ਹੋ ਗਿਆ। ਕੈਪਟਨ ਦੀ ਰਾਜਨੀਤਿਕ ਪੂੰਜੀ ਹੌਲੀ-ਹੌਲੀ ਘਟਣੀ ਸ਼ੁਰੂ ਹੋ ਗਈ ਅਤੇ ਇਸ ਦੇ ਨਾਲ ਹੀ ਧਾਰਮਿਕ ਮੁੱਦਿਆਂ ਅਤੇ ਨਸ਼ਿਆਂ ਦੇ ਜੰਜਾਲ ਨੂੰ ਲੈ ਕੇ ਉਸ ਦੀ ਦ੍ਰਿਸ਼ਟੀ ਵਿਚ ਵੀ ਬਦਲਾਅ ਆ ਗਿਆ। ਪਰ ਉਸ ਦੇ ਕਾਰਜਕਾਲ ਵਿਚ ਅਨਾਜ ਦੀ ਸਰਕਾਰੀ ਖਰੀਦ ਦੇ ਸਹੀ ਪ੍ਰਬੰਧਨ ਤੇ ਕਿਸਾਨ ਅੰਦੋਲਨ ਨੂੰ ਅਸਿੱਧੇ ਰੂਪ ਵਿਚ ਦਿੱਤੇ ਸਮਰਥਨ ਨੇ ਉਸ ਲਈ ਸਾਕਾਰਤਮਕ ਰਵੱਈਆ ਬਣਾਇਆ ਤੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਉਸ ਨੂੰ ਬਾਦਲ ਪਰਿਵਾਰ ਤੋਂ ਬਿਹਤਰ ਸਿੱਖ ਨੇਤਾ ਮੰਨਿਆ ਗਿਆ। 2022 ਦੀਆਂ ਅਸੈਂਬਲ਼ੀ ਚੋਣਾਂ ਦੀ ਤਿਆਰੀ ਕਰ ਰਹੀ ਕਾਂਗਰਸ ਪਾਰਟੀ ਲਈ ਕੈਪਟਨ ਗੈਰ-ਜ਼ਰੂਰੀ ਹੋ ਗਿਆ।

# ਭਾਰਤੀ ਲੋਕਤੰਤਰ 'ਚੋਂ ਕਿਉਂ ਅਲੋਪ ਹੋ ਰਹੀ ਏ ਲੋਕ ਰਾਏ ?

**ਨਵਤੇਜ ਸਿੰਘ**

ਸਿਧਾਂਤਕ ਤੌਰ 'ਤੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦੀ 74 ਸਾਲ ਪਹਿਲਾਂ ਮਿਲ ਗਈ ਸੀ ਪਰ ਲੋਕਾਂ ਦੀ ਸਮਾਜਿਕ, ਧਾਰਮਿਕ, ਆਰਥਿਕ ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਹਾਲੇ ਵੀ ਸੀਮਤ ਹੈ। ਲੋਕਤੰਤਰ ਦਾ ਅਰਥ ਭਾਵੇਂ ਲੋਕਾਂ ਦਾ ਰਾਜ ਹੈ, ਪਰ ਇਹ ਉਦੋਂ ਹੋਰ ਵੀ ਦੁਖਾਂਤ ਬਣ ਜਾਂਦਾ ਹੈ, ਜਦ ਇਸ 'ਚੋਂ ਲੋਕਾਂ ਦੀ ਰਾਏ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਕੀ ਭਾਰਤੀ ਲੋਕਤੰਤਰ ਵਿਚ ਲੋਕ ਅਜ਼ਾਦ ਹਨ। ਅੱਜ ਇਹ ਸਵਾਲ ਜਨਤਾ ਦੀ ਜ਼ਬਾਨ 'ਤੇ ਹੈ, ਜਿਸ ਦਾ ਜਵਾਬ ਦੇਣ ਤੋਂ ਹਾਕਮ ਪਾਸਾ ਵੱਟ ਰਹੇ ਹਨ। ਨਾਗਰਿਕਾਂ ਨੂੰ ਵਧੇਰੇ ਸਹੂਲਤਾਂ ਦੇਣ, ਕਲਿਆਣਕਾਰੀ ਯੋਜਨਾਵਾਂ ਬਣਾਉਣ ਅਤੇ ਉਨਾਂ ਨੂੰ ਚੰਗਾ ਜੀਵਨ ਪੱਧਰ ਦੇਣ ਦੇ ਅਸਲ ਮੁੱਦਿਆਂ ਨੂੰ ਲਾਂਭੇ ਕਰਕੇ ਸਮਾਜ ਵਿਚ ਜਾਤ ਤੇ ਧਰਮ ਆਧਾਰਤ ਵੰਡੀਆਂ ਪਾ ਕੇ ਸੱਤਾ ਦੀਆਂ ਪੌੜੀਆਂ ਚੜੀਆਂ ਜਾਂਦੀਆਂ ਹਨ।

139 ਕਰੋੜ ਦੀ ਆਬਾਦੀ ਵਾਲੇ ਵੱਡੇ ਦੇਸ਼ 'ਤੇ ਮਹਾਂਮਾਰੀ ਨੇ ਬਹੁਤ ਨਾਂਹ-ਪੱਖੀ ਪ੍ਰਭਾਵ ਪਾਇਆ ਹੈ। ਪਿਛਲੇ ਸਾਲ ਕਰੀਬ 2.27 ਕਰੋੜ ਲੋਕਾਂ ਦੀਆਂ ਨੌਕਰੀਆਂ ਖ਼ਤਮ ਹੋ ਗਈਆਂ। ਬੇਰੁਜ਼ਗਾਰੀ ਦਰ 10.07 ਫ਼ੀਸਦੀ ਹੈ। ਲੋਕਾਂ ਦੇ ਆਰਥਿਕ ਜੀਵਨ ਨੂੰ ਮੁੜ ਲੀਹਾਂ 'ਤੇ ਲੈ ਕੇ ਆਉਣਾ ਸਰਕਾਰ ਦੀ ਸੋਚ ਦਾ ਮੁੱਖ ਵਿਸ਼ਾ ਹੋਣਾ ਚਾਹੀਦਾ ਹੈ ਪਰ ਅਫ਼ਸੋਸਜਨਕ ਹੈ ਕਿ ਸਰਕਾਰ ਦੀਆਂ ਨੀਤੀਆਂ, ਕੰਮਾਂ ਤੇ ਯੋਜਨਾਵਾਂ 'ਚੋਂ ਲੋਕ ਹਿਤ ਗਾਇਬ ਹਨ। ਲੋਕਤੰਤਰ ਵੀ ਲੋਕਾਂ ਦੇ ਜੀਅ ਦਾ ਜੰਜਾਲ ਬਣ ਗਿਆ ਹੈ। ਉਹ ਮਹਿਸੂਸ ਕਰਨ ਲੱਗੇ ਹਨ ਕਿ ਵੋਟਾਂ ਪਾ ਕੇ ਸਰਕਾਰਾਂ ਦੀ ਚੋਣ ਸਾਵਾਂ ਪੱਧਰਾ ਸ਼ਾਸਨ ਪ੍ਰਬੰਧ ਚਲਾਉਣ ਦੀ ਥਾਂ ਆਪਣੇ ਉੱਪਰ ਨਿੱਤ ਨਵੇਂ ਟੈਕਸ ਲਵਾਉਣ ਲਈ ਕਰਦੇ ਹਨ। ਪੈਟਰੋਲ, ਡੀਜ਼ਲ, ਖਾਧ ਪਦਾਰਥ, ਰਸੋਈ ਗੈਸ ਦੀਆਂ ਕੀਮਤਾਂ ਨਿੱਤ ਵਧਾਈਆਂ ਜਾ ਰਹੀਆਂ ਹਨ, ਜੋ ਕਿ ਲੋਕਾਂ ਦੀਆਂ ਮੁਢਲੀਆਂ ਲੋੜਾਂ ਹਨ। ਪਰ ਸਰਕਾਰ ਦਾ ਦੋ ਟੁੱਕ ਜਵਾਬ ਹੈ ਕਿ ਉਹ ਕੀਮਤਾਂ ਕੰਟਰੋਲ ਨਹੀਂ ਕਰ ਸਕਦੇ। ਖਾਧ ਪਦਾਰਥਾਂ ਦੀਆਂ ਕੀਮਤਾਂ ਲੋਕਾਂ ਦੇ ਵਿੱਤ ਮੁਤਾਬਿਕ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਆਮ ਲੋਕ ਰੋਟੀ ਤੋਂ ਵਿਰਵੇ ਨਾ ਰਹਿਣ। ਦੇਸ਼ ਭਰ ਵਿਚ ਪੈਟਰੋਲ 100 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ 90 ਰੁਪਏ ਪ੍ਰਤੀ ਲੀਟਰ ਦਾ ਅੰਕੜਾ ਪਾਰ ਕਰ ਗਿਆ ਹੈ। ਹੱਦਾਂ ਬੰਨੇ ਟੱਪ ਰਹੀ ਮਹਿੰਗਾਈ ਨੂੰ ਲੈ ਕੇ ਲੋਕ ਸੜਕਾਂ 'ਤੇ ਧਰਨੇ ਪ੍ਰਦਰਸ਼ਨ ਕਰ ਰਹੇ ਹਨ ਪਰ ਹਾਕਮ ਇਨਾਂ ਮਸਲਿਆਂ 'ਤੇ ਇਕ ਵੀ ਸ਼ਬਦ ਬੋਲਣਾ ਜ਼ਰੂਰੀ ਨਹੀਂ ਸਮਝਦੇ। ਉਨਾਂ ਦਾ ਧਿਆਨ ਚੋਣਾਂ ਜਿੱਤਣ ਵੱਲ ਹੀ ਰਹਿੰਦਾ ਹੈ। ਉਹ ਲੋਕਾਂ ਨੂੰ ਜਾਤ ਤੇ ਧਰਮ ਦੇ ਆਧਾਰ 'ਤੇ ਵੰਡ ਕੇ ਵੋਟਾਂ ਕਿਵੇਂ ਹਾਸਲ ਕਰਨੀਆਂ ਹਨ, ਬਾਰੇ ਹੀ ਜੋੜ-ਤੋੜ ਕਰਦੇ ਰਹਿੰਦੇ ਹਨ। ਲੋਕਾਂ ਦੇ ਮੁੱਦੇ ਹਾਕਮਾਂ ਲਈ ਗ਼ੈਰ-ਜ਼ਰੂਰੀ ਹਨ। ਰਾਸ਼ਟਰੀ ਮੰਚਾਂ 'ਤੇ ਮਹਿੰਗਾਈ ਜਾਂ ਲੋਕਾਂ ਦੀਆਂ ਲੋੜਾਂ ਥੁੜਾਂ 'ਤੇ ਬਹਿਸ ਨਹੀਂ ਹੋ ਰਹੀ, ਸਗੋਂ ਜਾਤ-ਧਰਮ ਦੇ ਮੁੱਦੇ ਹਰ ਵੇਲੇ ਭਾਰੂ ਰਹਿੰਦੇ ਹਨ। ਲੋਕਾਂ ਦੀ ਇੱਛਾ ਜਾਣੇ ਬਿਨਾਂ ਚੋਰ ਦਰਵਾਜ਼ੇ ਰਾਹੀਂ ਬਿੱਲ ਲਿਆਂਦੇ ਜਾਂਦੇ ਹਨ, ਫਿਰ ਬਿਨਾਂ ਬਹਿਸ ਕਾਨੂੰਨ ਬਣਾ ਦਿੱਤੇ ਜਾਂਦੇ ਹਨ। ਜੇਕਰ ਇਹ ਕਾਨੂੰਨ ਲੋਕਾਂ ਦਾ ਦਮਨ ਵੀ ਕਰਦੇ ਹੋਣ ਤਾਂ ਵੀ ਸਰਕਾਰ ਚੀਕ-ਚੀਕ ਕੇ ਇਨਾਂ ਨੂੰ ਲੋਕ-ਹਿਤੈਸ਼ੀ ਦੱਸਦੀ ਰਹਿੰਦੀ ਹੈ। ਇਨਾਂ ਖਿਲਾਫ਼ ਆਵਾਜ਼ ਉਠਾਉਣ ਵਾਲਿਆਂ 'ਤੇ ਦੇਸ਼ਧ੍ਰੋਹ ਦੇ ਮੁਕੱਦਮੇ ਚਲਾ ਕੇ ਜੇਲੀਂ ਡੱਕਿਆ ਜਾਂਦਾ ਹੈ। ਲੋਕਤੰਤਰ ਵਿਚ ਵਿਰੋਧ ਦਾ ਅਧਿਕਾਰ ਸੰਵਿਧਾਨਕ ਹੈ। ਪਰ ਕੇਂਦਰੀ ਸਰਕਾਰ ਨੂੰ ਉਸ ਦੇ ਕੰਮਾਂ 'ਤੇ ਕਿੰਤੂ-ਪ੍ਰੰਤੂ ਕਰਨ ਵਾਲੇ ਦੇਸ਼ ਧ੍ਰੋਹੀ ਜਾਪਦੇ ਹਨ। ਹੁਣ ਤਾਂ ਸੁਪਰੀਮ ਕੋਰਟ ਦੇ ਜੱਜ ਨੇ ਵੀ ਕਿਹਾ ਹੈ ਕਿ ਭਾਰਤ ਵਿਚ ਦੇਸ਼ ਧ੍ਰੋਹ ਵਿਰੋਧੀ ਕਾਨੂੰਨ ਦੀ ਦੁਰਵਰਤੋਂ ਵੱਡੇ ਪੱਧਰ 'ਤੇ ਹੈ। ਦੇਸ਼ ਧ੍ਰੋਹ ਦਾ ਕਾਨੂੰਨ ਅੰਗਰੇਜ਼ਾਂ ਨੇ ਲਿਆਂਦਾ ਸੀ, ਜੋ ਭਾਰਤੀ ਅਜ਼ਾਦੀ ਸੰਘਰਸ਼ 'ਚ ਸੱਤਿਆਗ੍ਰਹਿ ਕਰਨ ਵਾਲਿਆਂ 'ਤੇ ਲਗਾਇਆ ਜਾਂਦਾ ਸੀ ਪਰ ਅਜ਼ਾਦ ਭਾਰਤ ਵਿਚ ਹੱਕਾਂ-ਹਿਤਾਂ ਦੀ ਮੰਗ ਕਰਨ ਵਾਲੇ ਤੇ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਲੋਕਾਂ 'ਤੇ ਦੇਸ਼ ਧ੍ਰੋਹ ਦੇ ਮੁਕੱਦਮੇ ਚਲਾਏ ਜਾਂਦੇ ਹਨ। ਕਈ ਲੋਕ ਸਾਲਾਂ ਤੱਕ ਜੇਲਾਂ 'ਚ ਸੜਦੇ ਰਹਿੰਦੇ ਹਨ। ਇਨਾਂ ਮੁਕੱਦਮਿਆਂ ਵਿਚ ਕਈ ਵਾਰ ਦੋਸ਼ੀਆਂ ਨੂੰ ਜ਼ਮਾਨਤਾਂ ਦੇਣ ਸਮੇਂ ਕਈ ਵਾਰ ਅਦਾਲਤਾਂ ਪੁਲਿਸ ਨੂੰ ਝੂਠੇ ਮੁਕੱਦਮੇ ਦਰਜ ਕਰਨ 'ਤੇ ਫਿਟਕਾਰ ਵੀ ਪਾਉਂਦੀਆਂ ਹਨ।

ਸਿਆਸੀ ਮੰਚ




ਲੋਕ ਚੋਣਾਂ ਵਿਚ ਕਿਸੇ ਸਿਆਸੀ ਪਾਰਟੀ 'ਤੇ ਭਰੋਸਾ ਇਸ ਲਈ ਪ੍ਰਗਟਾਉਂਦੇ ਹਨ ਕਿ ਸਰਕਾਰ ਉਨਾਂ ਨੂੰ ਚੰਗਾ ਜੀਵਨ ਪੱਧਰ ਦੇਵੇ। ਉਨਾਂ ਨੂੰ ਚੰਗੀ ਸਿੱਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਆਰਥਿਕ-ਸਮਾਜਿਕ ਬਰਾਬਰੀ 'ਤੇ ਢੁਕਵਾਂ ਨਿਆਂ ਪ੍ਰਬੰਧ ਮੁਹੱਈਆ ਕਰਵਾਏ। ਪ੍ਰੰਤੂ ਅੱਜ ਸਰਕਾਰਾਂ ਲੋਕਾਂ ਦੀਆਂ ਉਪਰੋਕਤ ਲੋੜਾਂ 'ਤੇ ਬਿਲਕੁਲ ਧਿਆਨ ਨਹੀਂ ਦੇ ਰਹੀਆਂ। ਸਮੱਸਿਆਵਾਂ ਨਾਲ ਘਿਰੇ ਲੋਕਾਂ ਨੂੰ ਸਰਕਾਰ ਤੋਂ ਰਾਹਤ ਦੀ ਕੋਈ ਉਮੀਦ ਨਹੀਂ। ਲੋਕ ਆਰਥਿਕ ਤੰਗੀ ਦਾ ਜੀਵਨ ਜੀਅ ਰਹੇ ਹਨ, ਪਛੜ ਰਹੇ ਹਨ, ਪਰ ਹਾਕਮਾਂ ਨੂੰ ਹਾਲੇ ਵੀ ਲਗਦਾ ਹੈ ਕਿ ਦੇਸ਼ ਤਰੱਕੀ ਕਰ ਰਿਹਾ ਹੈ।

ਅਮਰੀਕਾ ਦੀ ਇਕ 'ਫਰੀਡਮ ਹਾਊਸ' ਨਾਂ ਦੀ ਐਨ.ਜੀ.ਓ. ਨੇ ਵੱਖ-ਵੱਖ ਦੇਸ਼ਾਂ ਵਿਚ ਲੋਕਾਂ ਦੀ ਅਜ਼ਾਦੀ, ਮੀਡੀਆ ਦੀ ਅਜ਼ਾਦੀ, ਵੋਟ ਦੀ ਅਜ਼ਾਦੀ, ਸਮਾਜਿਕ, ਧਾਰਮਿਕ ਤੇ ਆਰਥਿਕ ਅਜ਼ਾਦੀ ਦਾ ਸਰਵੇ ਕੀਤਾ ਹੈ, ਜਿਸ ਵਿਚ ਭਾਰਤ ਨੂੰ 100 'ਚੋਂ 67 ਅੰਕ ਦੇ ਕੇ ਕਿਹਾ ਹੈ ਕਿ ਭਾਰਤ ਹੁਣ ਅਜ਼ਾਦ ਦੇਸ਼ ਨਹੀਂ ਰਿਹਾ। ਇਥੇ ਲੋਕਾਂ ਨਾਲ ਜਾਤ, ਧਰਮ, ਰੰਗ, ਨਸਲ ਆਧਾਰਤ ਵਿਤਕਰਾ ਕੀਤਾ ਜਾਂਦਾ ਹੈ। ਸੰਪਰਦਾਇਕ ਦੰਗੇ ਹੁੰਦੇ ਹਨ ਤੇ ਲੋਕਾਂ ਨੂੰ ਨਿਆਂ ਵੀ ਨਹੀਂ ਮਿਲਦਾ। ਦੂਜੇ ਪਾਸੇ ਨਾਰਵੇ, ਸਵੀਡਨ, ਫਿਨਲੈਂਡ ਵਰਗੇ ਦੇਸ਼ਾਂ ਨੂੰ ਲੋਕਾਂ ਦੀ ਅਜ਼ਾਦੀ ਦੇ ਪੱਖੋਂ 100 ਵਿਚੋਂ 100 ਅੰਕ ਮਿਲੇ। ਭਾਰਤ ਵਿਚ ਅਸਲ ਲੋਕਤੰਤਰ ਉਦੋਂ ਬਹਾਲ ਹੋਵੇਗਾ, ਜਦੋਂ ਸਰਕਾਰਾਂ ਲੋਕਾਂ ਦੇ ਮਸਲਿਆਂ 'ਤੇ ਧਿਆਨ ਦੇਣਗੀਆਂ। ਜੇਕਰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਪ੍ਰਤੀ ਆਪਣੀ ਜ਼ਿੰਮੇਵਾਰੀ ਤੇ ਜਵਾਬਦੇਹੀ ਤੋਂ ਇੰਜ ਹੀ ਪਾਸਾ ਵੱਟਿਆ ਜਾਂਦਾ ਰਿਹਾ ਤਾਂ ਲੋਕਤੰਤਰ ਤੇ ਤਾਨਾਸ਼ਾਹੀ ਵਿਚ ਕੋਈ ਫ਼ਰਕ ਨਜ਼ਰ ਨਹੀਂ ਆਏਗਾ।

# ਸਿੱਧੂ ਦਾ ਅਸਤੀਫ਼ਾ ਕਾਂਗਰਸ ਲਈ ਮਹਾਂ-ਸੰਕਟ

**ਰਜਿੰਦਰ ਸਿੰਘ ਪੁਰੇਵਾਲ**

ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਸੂਬੇ ਦੀ ਸਿਆਸਤ ਵਿਚ ਫਿਰ ਅਸਥਿਰਤਾ ਦਾ ਮਾਹੌਲ ਪੈਦਾ ਹੋ ਗਿਆ ਹੈ। ਲਗਭਗ 10 ਹਫ਼ਤੇ ਪਹਿਲਾਂ ਸਿੱਧੂ ਦੇ ਪ੍ਰਧਾਨ ਬਣਨ ਨਾਲ ਕਾਂਗਰਸ ਵਿਚ ਤਬਦੀਲੀ ਦਾ ਮਾਹੌਲ ਦੇਖਿਆ ਜਾ ਰਿਹਾ ਸੀ। ਚੰਨੀ ਨੂੰ ਮੁੱਖ ਮੰਤਰੀ ਬਣਾਉਣ ਨਾਲ ਸੂਬੇ ਦੀ ਸਿਆਸਤ ਵਿਚ ਉਹ ਪਸਾਰ ਉੱਭਰੇ ਜਿਨਾਂ ਬਾਰੇ ਸਿਆਸੀ ਆਗੂਆਂ ਨੇ ਪਹਿਲਾਂ ਨਹੀਂ ਸੀ ਸੋਚਿਆ। ਕੁਝ ਹੀ ਦਿਨਾਂ ਵਿਚ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਚੰਨੀ ਦਾ ਮੁੱਖ ਮੰਤਰੀ ਬਣਨਾ ਇਕ ਇਤਿਹਾਸਕ ਤਬਦੀਲੀ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਚੰਨੀ ਨੂੰ ਹੀ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨਾ ਪਵੇਗਾ। ਅਸਲ ਵਿਚ ਕਾਂਗਰਸ ਹਾਈਕਮਾਨ ਕੋਲ ਪੰਜਾਬ ਤੇ ਸਿੱਖ ਮੁੱਦਿਆਂ ਬਾਰੇ ਸਮਝ ਦੀ ਘਾਟ ਹੈ ਜਿਸ ਕਰਕੇ ਇਹ ਸੰਕਟ ਉਭਰ ਰਹੇ ਹਨ। ਪੰਜਾਬ ਦੀ ਸਿਆਸਤ ਬਾਰੇ ਜੇ ਕਿਸੇ ਨੂੰ ਗੰਭੀਰ ਸਮਝ ਸੀ, ਉਹ ਬਹੁਜਨ ਸੁਪਰੀਮੋ ਕਾਂਸ਼ੀ ਰਾਮ ਨੂੰ ਸੀ। ਉਹ ਸਮਝ ਕਾਂਗਰਸ ਕੋਲ ਨਹੀਂ ਹੈ, ਨਾ ਭਾਜਪਾ ਕੋਲ ਹੈ। ਕਾਂਸ਼ੀ ਰਾਮ ਜਾਣਦੇ ਸਨ ਪੰਜਾਬ ਦੀ ਭੂਗੋਲਿਕ, ਸਿਆਸੀ ਤੇ ਸਮਾਜਿਕ ਸਥਿਤੀ ਨੂੰ। ਉਹ ਸਚਮੁਚ ਸੋਸ਼ਲ ਸਿਆਸੀ ਇੰਜੀਨੀਅਰ ਸਨ। ਉਨਾਂ ਨੇ ਆਪਣੀ ਸਿਆਸਤ ਵਿਚ ਸਿੱਖ ਧਰਮ ਤੇ ਸਿੱਖ ਭਾਈਚਾਰਾ ਕਦੇ ਖਾਰਜ ਨਹੀਂ ਕੀਤਾ। ਕਾਂਗਰਸ ਭਾਜਪਾ ਵਾਂਗ ਪੰਜਾਬ ਦਲਿਤ ਹਿੰਦੂ ਸਿਆਸਤ ਖੇਡਣਾ ਚਾਹੁੰਦੀ ਸੀ। ਬਾਬਾ ਕਾਂਸ਼ੀ ਰਾਮ ਦਲਿਤ ਸਿੱਖ ਸਿਆਸਤ ਕਰਨਾ ਚਾਹੁੰਦੇ ਸਨ। ਇਸੇ ਕਰਕੇ ਉਨਾਂ ਬਹੁਜਨ ਨਾਮ ਦਿਤਾ। ਹਿੰਦੂ ਮੂਲ ਨਿਵਾਸੀ ਗਠਜੋੜ ਇਕ ਤਰਾਂ ਮਨੂਵਾਦੀ ਸਿਆਸਤ ਹੈ ਤਾਂ ਜੋ ਪੰਜਾਬੀ ਤੇ ਪੰਥਕ ਮੁੱਦਿਆਂ ਨੂੰ ਵਿਸਾਰਿਆ ਜਾ ਸਕੇ। ਜਦਕਿ ਦਲਿਤ ਪੰਥ ਗਠਜੋੜ ਸੰਗਤੀ ਤੇ ਸਰਬੱਤ ਦੇ ਭਲੇ ਦੀ ਸਿਆਸਤ ਹੈ। ਕਾਂਸ਼ੀ ਰਾਮ ਇਸ ਗਠਜੋੜ ਵਿਚ ਕਾਮਯਾਬ ਸਨ। ਯੂ.ਪੀ. ਤੱਕ ਉਨਾਂ ਮਨੂਵਾਦ ਉਪਰ ਆਪਣਾ ਗਲਬਾ ਰਖਿਆ। ਵਿਰੋਧੀਆਂ ਨੂੰ ਗੋਡੇ ਭਾਰ ਕੀਤਾ। ਬਾਦਲਕਿਆਂ ਦੀ ਗਲਤ ਸਿਆਸੀ ਨੀਤੀ ਕਾਰਨ ਅਕਾਲੀ ਦਲ ਨੂੰ ਕਾਂਸ਼ੀ ਰਾਮ ਫਿਨੋਨਮੇ ਦੀ ਸਮਝ ਨਹੀਂ ਪਈ। ਹੁਣ ਵੀ ਕਾਂਸ਼ੀ ਰਾਮ ਦੀ ਸਿਆਸਤ ਕਾਮਯਾਬ ਹੋ ਸਕਦੀ ਹੈ। ਦੁਖਾਂਤ ਇਹ ਹੈ ਕਿ ਕਾਂਸ਼ੀ ਰਾਮ ਸਿਆਸਤ ਦੇ ਵਾਰਸ ਇਧਰ ਉਧਰ ਗਵਾਚੇ ਹਨ। ਜੇਕਰ ਅਕਾਲੀ ਦਲ ਪੰਥਕ ਹਿਤਾਂ ਲਈ ਤਬਦੀਲੀ ਲਿਆਵੇ ਤਾਂ ਪੰਜਾਬ ਦਾ ਉਭਾਰ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉਪਰ ਜਿਵੇਂ ਅਕਾਲੀ ਰੁਲੇ ਉਂਝ ਕਾਂਗਰਸ ਵੀ ਰੁਲੇਗੀ। ਕਾਂਗਰਸ ਦੀ ਪਹੁੰਚ ਇਸ ਬਾਰੇ ਲੰਗੜੀ ਹੈ। ਗਾਂਧੀਵਾਦੀ ਸਿਆਸਤ ਇਹੀ ਹੈ ਕਿ ਸਿੱਖਾਂ ਨਾਲ ਨਿਆਂ ਕਰਨ ਉਪਰ ਤੁਸੀਂ ਚੁਪ ਕਰ ਜਾਵੋ। ਸਿੱਖਾਂ ਨਾਲ ਬੇਇਨਸਾਫੀ ਕਰਨ ਵਾਲਿਆਂ ਦੇ ਗਲ ਵਿਚ ਹਾਰ ਪਾਵੋ, ਸਿਆਸੀ ਅਹੁਦੇ ਦੇਵੋ। ਇੰਦਰਾ ਦੀ ਨੀਤੀ ਤੋਂ ਕਾਂਗਰਸ ਟਸ ਮਸ ਨਹੀਂ ਹੋਈ। ਇਸੇ ਕਰਕੇ ਉਹ ਮੋਦੀ ਸਿਆਸਤ ਦਾ ਬਦਲ ਨਹੀਂ ਬਣ ਸਕੀ। ਜੇ ਕਾਂਗਰਸ ਕੋਲੋਂ ਪੰਜਾਬ ਗਵਾਚਿਆ ਤੇ ਸਿੱਖਾਂ ਦਾ ਵਿਰੋਧ ਹੋਇਆ ਤਾਂ ਕਾਂਗਰਸ ਨੂੰ ਸਿਆਸੀ ਤੌਰ ਉਪਰ ਰਾਸ ਨਹੀਂ ਆਵੇਗਾ। ਸਿੱਖਾਂ ਵਿਚ ਗੁਰੂ ਮਾਡਲ ਸਰਬੱਤ ਦਾ ਭਲਾ ਹੈ ਜੋ ਉਸ ਨੂੰ ਭਾਰਤ ਦੀ ਅਗਵਾਈ ਕਰਨ ਦੀ ਸਮਰੱਥਾ ਦੇ ਰਿਹਾ। ਸਿੱਖ ਲੀਡਰਸ਼ਿਪ ਥੋਥੀ ਹੋਵੇ ਪਰ ਗੁਰੂ ਦੀ ਸੰਗਤ ਪੂਰੀ ਤਰਾਂ ਸੁਚੇਤ ਹੈ ਆਪਣੇ ਪੰਜਾਬ, ਆਪਣੀ ਹਸਤੀ ਤੇ ਪੰਜਾਬੀ ਭਾਈਚਾਰੇ ਪ੍ਰਤੀ। ਐਵੇਂ ਨਹੀਂ ਹਿੰਦੂ ਸਿੱਖ ਤਣਾਅ ਖਤਮ ਹੋਇਆ।ਪਠਾਨਕੋਟ ਜਲੰਧਰ ਬੈਲਟ ਉਪਰ ਹਿੰਦੂ ਭਾਈਚਾਰਾ ਭਾਰੂ ਹੈ। ਇਥੇ ਕਿਸਾਨ ਮੋਰਚੇ ਦਾ ਸਮਰਥਨ ਕਰਕੇ ਸਿੱਖ ਪੰਥ ਨਾਲ ਸਾਂਝ ਪਾਈ ਹੈ। ਪਹਿਲਕਦਮੀ ਗੁਰੂ ਪੰਥ ਦੀ ਹੈ। ਇਹ ਸਮਝਣ ਵਾਲਾ ਨੁਕਤਾ ਹੈ ਕਿ ਜੇ ਪੰਜਾਬ ਵਿਚ 32 ਪ੍ਰਤੀਸ਼ਤ ਦਲਿਤ ਹਨ ਤਾਂ ਉਨਾਂ ਵਿਚੋਂ ਵੀਹ ਪ੍ਰਤੀਸ਼ਤ ਸਿੱਖ ਧਰਮ ਵਾਲੇ ਹਨ।ਜਦੋਂ ਇਹ ਨਰੇਟਿਵ ਕੋਈ ਰਾਜਨੀਤਕ ਪਾਰਟੀ ਸਮਝੇਗੀ ਉਹੀ ਕਾਮਯਾਬ ਹੋਵੇਗੀ। ਗੁਰੂ ਗ੍ਰੰਥ ਸਾਹਿਬ ਦੇ ਕਾਂਡ ਬਾਰੇ ਅਨਿਆਂ ਕਰਨ ਵਾਲੀ ਪਾਰਟੀਆਂ ਦਾ ਪੰਜਾਬ ਵਿਚ ਭਵਿੱਖ ਨਹੀਂ।




ਇਹ ਵੱਖਰੀ ਗੱਲ ਹੈ ਕਿ ਸਿੱਧੂ ਇਸ ਸਟੈਂਡ ਉਪਰ ਟਿਕੇ ਜਾਂ ਨਾ।ਪਰ ਕਾਂਗਰਸ ਆਪਣਾ ਵਾਜੂਦ ਗੁਆ ਚੁੱਕੀ ਹੈ।ਕੋਈ ਵੀ ਚਮਤਕਾਰ ਉਸਨੂੰ ਬਚਾ ਸਕੇਗਾ। ਨਵਜੋਤ ਸਿੱਧੂ ਦੀ ਸਿਆਸੀ ਔਖ ਦਾ ਮੁੱਢ ਮੁੱਖ ਮੰਤਰੀ ਚੰਨੀ ਵੱਲੋਂ ਸਿੱਧੂ ਦੀ ਸਲਾਹ ਤੋਂ ਬਿਨਾਂ ਡੀਜੀਪੀ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਕਰਨ ਤੋਂ ਹੀ ਬੱਝ ਗਿਆ ਸੀ। ਸਿੱਧੂ ਦਾ ਤਰਕ ਹੈ ਕਿ ਅਜਿਹੇ ਸ਼ਖ਼ਸ ਨੂੰ ਡੀਜੀਪੀ ਲਾਇਆ ਗਿਆ ਹੈ ਜਿਸ ਦੀ ਅਗਵਾਈ ਵਿਚ ਬਰਗਾੜੀ ਕਾਂਡ ਵਿਚ ਪਹਿਲੀ 'ਸਿਟ' ਬਣੀ ਸੀ ਅਤੇ ਦੋ ਨੌਜਵਾਨਾਂ ਨੂੰ ਨਿਹੱਥੇ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਤਰਾਂ ਸਿੱਧੂ ਅੰਦਰੋਂ ਇਸ ਗੱਲੋਂ ਵੀ ਔਖੇ ਸਨ ਕਿ ਪੰਜਾਬ ਦਾ ਐਡਵੋਕੇਟ ਜਨਰਲ ਸਾਬਕਾ ਡੀਜੀਪੀ ਸੁਮੇਧ ਸੈਣੀ ਦੇ ਵਕੀਲ ਨੂੰ ਬਣਾਇਆ ਗਿਆ ਹੈ। ਨਵਜੋਤ ਸਿੱਧੂ ਆਪਣੀ ਪਸੰਦ ਦਾ ਐਡਵੋਕੇਟ ਜਨਰਲ ਨਿਯੁਕਤ ਕਰਾਉਣਾ ਚਾਹੁੰਦੇ ਸਨ, ਪਰ ਕਾਂਗਰਸ ਹਾਈਕਮਾਨ ਨੇ ਉਨਾਂ ਦੀ ਬਾਂਹ ਨਹੀਂ ਫੜੀ। ਜੇਕਰ ਰਾਜਨੀਤੀ ਕੈਪਟਨ ਵਾਲੀ ਕਰਨੀ ਸੀ ਤਾਂ ਅਜਿਹੇ ਖਿਲਾਰੇ ਪਾਉਣ ਦੀ ਕੀ ਲੋੜ ਸੀ।

ਕਾਂਗਰਸ ਹਾਈਕਮਾਨ ਸਾਹਮਣੇ ਵੱਡੀ ਚੁਣੌਤੀ ਹੈ ਕਿ ਉਹ ਇਸ ਵਿਵਾਦ ਨੂੰ ਕਿਵੇਂ ਸਮੇਟੇ। ਕੀ ਉਹ ਸਿੱਧੂ ਤੋਂ ਅਸਤੀਫ਼ਾ ਵਾਪਸ ਦਿਵਾ ਕੇ ਪੰਜਾਬ ਦੇ ਕਾਂਗਰਸੀ ਆਗੂਆਂ ਵਿਚ ਆਪਸੀ ਸੁਲਾ-ਸਫ਼ਾਈ ਕਰਵਾ ਲਵੇਗੀ ਜਾਂ ਫਿਰ ਕਿਸੇ ਨਵੇਂ ਆਗੂ ਨੂੰ ਸੂਬਾ ਪ੍ਰਧਾਨ ਬਣਾਇਆ ਜਾਵੇਗਾ। ਇਸ ਕਦਮ ਨਾਲ ਸਿੱਧੂ ਦਾ ਸਿਆਸੀ ਜੀਵਨ ਦਾਅ 'ਤੇ ਲੱਗ ਗਿਆ ਹੈ ਅਤੇ ਉਸ ਦੇ ਵਿਰੋਧੀ ਕਹਿ ਰਹੇ ਹਨ ਕਿ ਉਹ ਅਸਥਿਰ ਸੁਭਾਅ ਦਾ ਵਿਅਕਤੀ ਹੈ। ਸਿੱਧੂ ਦੇ ਅਸਤੀਫ਼ੇ ਕਾਰਨ ਲੋਕਾਂ ਵਿਚ ਇਹ ਪ੍ਰਭਾਵ ਵੀ ਜਾ ਰਿਹਾ ਹੈ ਕਿ ਕਾਂਗਰਸ ਹਾਈਕਮਾਨ, ਜਿਸ ਦੀ ਅਗਵਾਈ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਕਰ ਰਹੇ ਹਨ, ਕੋਲ ਸਿਆਸੀ ਵਿਅਕਤੀਆਂ ਦੀਆਂ ਸ਼ਖ਼ਸੀਅਤਾਂ ਨੂੰ ਸਮਝਣ ਅਤੇ ਮਾਮਲਿਆਂ ਨੂੰ ਸੁਲਝਾਉਣ ਦੀ ਸਮਰੱਥਾ ਨਹੀਂ ਹੈ। ਪੰਜਾਬ ਕਾਂਗਰਸ ਕੋਲ ਸਮਾਂ ਬਹੁਤ ਘੱਟ ਹੈ ਅਤੇ ਸਮੱਸਿਆਵਾਂ ਦੇ ਵਧਣ ਨਾਲ ਸਰਕਾਰ ਦੀ ਕੰਮ ਕਰਨ ਦੀ ਸਮਰੱਥਾ 'ਤੇ ਵੀ ਅਸਰ ਪਵੇਗਾ।

# ਗੁਰੂਘਰਾਂ ਅੰਦਰ ਬੇਅਦਬੀਆਂ ਰੋਕਣ ਲਈ ਪਹਿਰੇਦਾਰੀ ਮਜਬੂਤ ਕਰੋ



### ਤਲਵਿੰਦਰ ਸਿੰਘ ਬੁੱਟਰ

ਕੁਝ ਸਾਲ ਪਹਿਲਾਂ ਲਹਿੰਦੇ ਪੰਜਾਬ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਗਏ ਇਕ ਸਿੱਖ ਵਿਦਵਾਨ ਨੇ ਉੱਥੇ ਇਕ ਬਜ਼ੁਰਗ ਨੂੰ ਪੁੱਛਿਆ ਕਿ ਇੱਥੇ ਗੁਰਦੁਆਰਿਆਂ ਦੇ ਨਾਂ ਹਜ਼ਾਰਾਂ ਏਕੜ ਜ਼ਮੀਨਾਂ ਹੋਣ ਦੇ ਬਾਵਜੂਦ ਗੁਰਦੁਆਰੇ ਬਹੁਤ ਛੋਟੇ-ਛੋਟੇ ਕਿਉਂ ਹਨ? ਤਾਂ ਅੱਗੋਂ ਬਜ਼ੁਰਗ ਕਹਿਣ ਲੱਗਾ, ਗੁਰਦੁਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਕਰਨ ਲਈ ਬਣਵਾਏ ਸਨ ਅਤੇ ਸੰਗਤ ਲਈ ਤਾਂ ਏਨੀ ਕੁ ਜਗਾ ਹੀ ਕਾਫ਼ੀ ਹੁੰਦੀ ਹੈ।

ਗੁਰਦੁਆਰੇ ਦਾ ਅਰਥ ਹੈ ਗੁਰੂ ਦੇ ਜ਼ਰੀਏ, ਗੁਰੂ ਦੀ ਮਾਰਫ਼ਤ। ਗੁਰਦੁਆਰਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ 'ਧਰਮਸਾਲ' ਕਿਹਾ ਜਾਂਦਾ ਰਿਹਾ ਹੈ। ਇਹ ਅਸਥਾਨ ਦਸ ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਲਈ ਬਣਾਏ ਸਨ। ਇਨ੍ਹਾਂ ਨੂੰ 'ਸਿੱਖਾਂ ਦੀ ਇਬਾਦਤਗਾਹ' ਕਿਹਾ ਜਾ ਸਕਦਾ ਹੈ। ਪਰ ਪਿਛਲੇ ਅਰਸੇ ਦੌਰਾਨ ਸਿੱਖਾਂ ਦੇ 'ਮੱਕੇ' ਸ੍ਰੀ ਹਰਿਮੰਦਰ ਸਾਹਿਬ ਤੋਂ ਲੈ ਕੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਵਿਚ ਸੁੰਦਰੀਕਰਨ ਦੇ ਨਾਂ 'ਤੇ ਅਜਿਹੀਆਂ ਬੁਨਿਆਦੀ ਤਬਦੀਲੀਆਂ ਕਰ ਦਿੱਤੀਆਂ ਗਈਆਂ, ਜੋ ਇਨ੍ਹਾਂ ਅਸਥਾਨਾਂ ਦੀ ਰੂਹਾਨੀ ਮਹੱਤਤਾ ਨੂੰ ਘਟਾ ਰਹੀਆਂ ਹਨ।

ਪੰਜਾਬ 'ਚ ਤਕਰੀਬਨ ਸਾਢੇ 12 ਹਜ਼ਾਰ ਪਿੰਡ ਹਨ ਜਦੋਂ ਕਿ ਗੁਰਦੁਆਰਿਆਂ ਦੀ ਗਿਣਤੀ 37 ਹਜ਼ਾਰ ਤੋਂ ਵੀ ਵੱਧ ਹੈ। ਹਰ ਪਿੰਡ ਵਿਚ ਔਸਤਨ ਤਿੰਨ ਗੁਰਦੁਆਰੇ ਹਨ। ਪਿੱਛੇ ਜਿਹੇ 'ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼' ਵਲੋਂ ਪੰਜਾਬ ਅੰਦਰ ਗੁਰਦੁਆਰਿਆਂ ਸਬੰਧੀ ਕੀਤੀ ਖੋਜ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅੰਦਰ ਲੋਕਾਂ ਨੇ ਜਾਤ-ਪਾਤ ਤੋਂ ਇਲਾਵਾ ਆਪਣੇ ਨਿੱਜੀ ਗੁਰਦੁਆਰੇ ਵੀ ਉਸਾਰ ਲਏ ਹਨ। ਹੁਣ ਇਹੋ ਜਿਹੇ ਹਾਲਾਤ ਵਿਚ ਗੁਰਦੁਆਰਾ ਸੰਸਥਾ ਨੂੰ ਉਸ ਮੂਲ ਮਨੋਰਥ ਦੇ ਮੁਖਾਤਿਬ ਕਿੰਝ ਕੀਤਾ ਜਾ ਸਕਦਾ ਹੈ, ਜਿਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸਾਨੂੰ ਸੰਗਤ ਕਰਨ ਲਈ ਗੁਰਦੁਆਰੇ ਬਖ਼ਸ਼ੇ ਸਨ? ਗੁਰਮਤਿ ਦਾ ਮੂਲ ਸਿਧਾਂਤ ਹੀ ਜਾਤ-ਪਾਤ, ਰੰਗ-ਨਸਲ ਅਤੇ ਭਿੰਨ-ਭੇਦ ਨੂੰ ਦੂਰ ਕਰਨਾ ਸੀ ਪਰ ਇਨ੍ਹਾਂ ਵਿਤਕਰਿਆਂ ਦੇ ਆਧਾਰ 'ਤੇ ਹੀ ਅਸੀਂ ਅੱਜ ਗੁਰਦੁਆਰੇ ਉਸਾਰ ਕੇ ਬੈਠ ਗਏ ਹਾਂ। ਪਿੰਡਾਂ ਵਿਚ ਜਾਤਾਂ ਜਾਂ ਧੜੇਬੰਦੀਆਂ 'ਤੇ ਆਧਾਰਿਤ ਧੜਾਧੜ ਗੁਰਦੁਆਰਿਆਂ ਦੀ ਉਸਾਰੀ ਹੀ ਅੱਜ ਬੇਅਦਬੀਆਂ ਵਰਗੇ ਬੇਰੋਕ ਹਿਰਦੇਵੇਦਕ ਵਰਤਾਰੇ ਦਾ ਕਾਰਨ ਬਣ ਰਹੀ ਹੈ।

ਪਿਛਲੇ ਤਕਰੀਬਨ 7-8 ਸਾਲਾਂ ਅੰਦਰ ਹੀ 450 ਤੋਂ ਵੱਧ ਬੇਅਦਬੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਹਰ ਦੂਜੇ-ਤੀਜੇ ਦਿਨ ਕਿਸੇ ਪਿੰਡ ਦੇ ਗੁਰਦੁਆਰੇ ਅੰਦਰ ਬੇਅਦਬੀ ਦੀ ਘਟਨਾ ਵਾਪਰ ਰਹੀ ਹੈ। ਹੁਣ ਤਾਂ ਇਹ ਵਰਤਾਰਾ ਵੱਡੇ ਗੁਰਦੁਆਰਿਆਂ ਤੱਕ ਪਹੁੰਚਣ ਲੱਗ ਪਿਆ ਹੈ। 'ਸਤਿਕਾਰ ਕਮੇਟੀ ਯੂ.ਕੇ.' ਵਲੋਂ ਸਾਲ 2018-19 ਵਿਚ ਲਗਭਗ ਦੋ ਸਾਲ ਲਗਾ ਕੇ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ਵਿਚ ਗੁਰਦੁਆਰਿਆਂ ਦਾ ਸਰਵੇਖਣ ਕੀਤਾ ਗਿਆ ਸੀ, ਜਿਸ ਅਨੁਸਾਰ ਜ਼ਿਲ੍ਹੇ ਦੇ 1401 ਪਿੰਡਾਂ ਦੇ ਮੁਕਾਬਲੇ ਗੁਰਦੁਆਰਿਆਂ ਦੀ ਗਿਣਤੀ 2140 ਪਾਈ ਗਈ। ਇੱਥੇ ਹੀ ਬੱਸ ਨਹੀਂ, 800 ਦੇ ਕਰੀਬ ਗੁਰਦੁਆਰੇ ਬਿਨਾਂ ਗ੍ਰੰਥੀ ਸਿੰਘਾਂ ਤੋਂ ਪਾਏ ਗਏ। ਇਸ ਸਰਵੇਖਣ ਅਨੁਸਾਰ 1322 ਗੁਰਦੁਆਰਿਆਂ ਦੀ ਪ੍ਰਬੰਧਕੀ ਕਮੇਟੀ ਦਾ ਇਕ ਵੀ ਮੈਂਬਰ ਅੰਮ੍ਰਿਤਧਾਰੀ ਨਹੀਂ ਸੀ। ਜਦੋਂ ਹਾਲਾਤ ਇਹ ਹਨ ਤਾਂ ਅਸੀਂ ਬੇਅਦਬੀਆਂ ਕਿੰਝ ਰੋਕ ਲਵਾਂਗੇ?

ਬਹੁਤ ਸਾਰੇ ਪਿੰਡਾਂ ਦੇ ਗੁਰਦੁਆਰੇ ਬਾਹਰਵਾਰ ਜਾਂ ਸੁੰਨਸਾਨ ਥਾਵਾਂ 'ਤੇ ਹੁੰਦੇ ਹਨ। ਬਹੁਤੇ ਗੁਰੂਘਰਾਂ ਦੇ ਗ੍ਰੰਥੀ ਸਿੰਘਾਂ ਨੂੰ ਸੇਵਾ ਫਲ ਬਹੁਤ ਘੱਟ ਮਿਲਦਾ ਹੋਣ ਕਾਰਨ ਉਹ ਸਵੇਰੇ-ਸ਼ਾਮ ਨਿੱਤਨੇਮ ਕਰਨ ਤੋਂ ਬਾਅਦ ਜਿੰਦਰਾ ਲਾ ਕੇ, ਹੋਰ ਕੰਮਾਂ-ਕਾਰਾਂ ਲਈ ਚਲੇ ਜਾਂਦੇ ਹਨ। ਮਗਰੋਂ ਗੁਰੂਘਰ ਦੀ ਕੋਈ ਪਹਿਰੇਦਾਰੀ ਨਹੀਂ ਰਹਿ ਜਾਂਦੀ। ਅਜਿਹੇ ਵਿਚ ਸ਼ਰਾਰਤੀ ਅਨਸਰ ਜਿੰਦਰਾ ਭੰਨ ਕੇ ਗੁਰਦੁਆਰਿਆਂ ਦੀ ਬੇਅਦਬੀ ਕਰ ਜਾਂਦੇ ਹਨ। ਮਗਰੋਂ ਜੋ ਵੀ ਹੁੰਦਾ ਰਹੇ, ਪਰ ਅੱਜ ਤੱਕ ਬੇਅਦਬੀਆਂ ਦੇ ਅਸਲ ਕਾਰਨਾਂ ਨੂੰ ਮੁਖਾਤਿਬ ਹੋਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਕਿਸੇ ਘਰ ਵਿਚ ਵਾਰ-ਵਾਰ ਚੋਰੀ ਹੋਈ ਜਾਵੇ ਤਾਂ ਲੋਕ ਚੋਰ ਨੂੰ ਨਹੀਂ, ਘਰ ਦੇ ਮਾਲਕ ਨੂੰ ਦੋਸ਼ ਦੇਣ ਲੱਗ ਜਾਂਦੇ ਹਨ। ਪਰ ਸਾਡੇ ਗੁਰਦੁਆਰਿਆਂ ਅੰਦਰ ਹਰ ਤੀਜੇ ਦਿਨ ਬੇਅਦਬੀਆਂ ਦੀਆਂ ਘਟਨਾਵਾਂ ਹੋਣ ਦੇ ਬਾਵਜੂਦ ਅਸੀਂ ਗੁਰਦੁਆਰਿਆਂ ਦੀ ਮਰਯਾਦਾ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ ਚੇਤੰਨ ਨਹੀਂ ਹੋ ਰਹੇ।

ਪੁਰਾਤਨ ਸਮਿਆਂ ਵਿਚ ਸਿੱਖ ਸੰਪਰਦਾਵਾਂ ਦੀ ਇਕ ਮਰਯਾਦਾ ਹੁੰਦੀ ਸੀ ਕਿ ਕਿਤੇ ਵੀ ਸ੍ਰੀ ਅਖੰਡ ਪਾਠ ਸਾਹਿਬ ਰੱਖਣ ਲਈ ਘੱਟੋ-ਘੱਟ 25 ਸਿੰਘਾਂ ਦੀ ਮੌਜੂਦਗੀ ਹੋਵੇ। ਤਰਤੀਬਵਾਰ ਹਰ ਵੇਲੇ ਘੱਟੋ-ਘੱਟ ਪੰਜ ਸਿੰਘ ਹਾਜ਼ਰ ਰਹਿਣੇ ਲਾਜ਼ਮੀ ਹੁੰਦੇ ਸਨ। ਪਰ ਅੱਜ ਅਖੰਡ ਪਾਠ ਸਾਹਿਬ ਤਾਂ ਛੱਡੋ, ਗੁਰਦੁਆਰਿਆਂ ਵਿਚ ਅਸੀਂ ਹਰ ਵੇਲੇ ਘੱਟੋ-ਘੱਟ ਇਕ ਪਹਿਰੇਦਾਰ ਦੀ ਹਾਜ਼ਰੀ ਵੀ ਯਕੀਨੀ ਨਹੀਂ ਬਣਾ ਸਕਦੇ। ਬੇਅਦਬੀਆਂ ਦਾ ਵੱਡਾ ਕਾਰਨ ਅਜਿਹਾ ਅਵੇਸਲਾਪਨ ਹੀ ਹੈ। ਇਤਿਹਾਸਕ ਗੁਰਦੁਆਰਿਆਂ ਵਿਚ ਵੀ ਲੋੜ ਤੋਂ ਵੱਧ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ ਦਿੱਤੇ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਣੇ ਵਸਨੀਕ ਦੱਸਦੇ ਹਨ ਕਿ ਇੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲਾ ਅਨੰਦਗੜ੍ਹ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਇਲਾਵਾ ਹੋਰ ਕਿਸੇ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ ਸੀ। ਹੁਣ ਹਰ ਗੁਰਦੁਆਰੇ ਅੰਦਰ ਕਈ-ਕਈ ਥਾਵਾਂ 'ਤੇ ਪ੍ਰਕਾਸ਼ ਹੈ ਪਰ ਸੇਵਾ-ਸੰਭਾਲ ਲਈ ਸੇਵਾਦਾਰ ਨਹੀਂ ਹਨ। ਪਹਿਲੇ ਸਮਿਆਂ ਵਿਚ ਬਹੁਤੇ ਇਤਿਹਾਸਕ ਅਸਥਾਨਾਂ 'ਤੇ ਜੇਕਰ ਸੇਵਾ-ਸੰਭਾਲ ਲਈ ਯੋਗ ਪ੍ਰਬੰਧ ਨਹੀਂ ਹੋ ਸਕਦੇ ਸਨ ਤਾਂ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਬਜਾਏ ਕੇਵਲ ਥੜਾ ਸਾਹਿਬ ਹੀ ਹੁੰਦੇ ਸਨ। ਕੁਝ ਇਤਿਹਾਸਕ ਗੁਰਦੁਆਰਿਆਂ ਵਿਚ ਕਈ ਵਾਰ ਵੇਖਣ ਵਿਚ ਮਿਲਦਾ ਹੈ ਕਿ ਇਕ-ਇਕ ਗ੍ਰੰਥੀ ਸਿੰਘ ਹੀ ਵਾਰੀ-ਵਾਰੀ ਤਿੰਨ-ਤਿੰਨ ਥਾਵਾਂ 'ਤੇ ਪ੍ਰਕਾਸ਼ ਅਤੇ ਸੁਖਆਸਨ ਕਰਦਾ ਹੈ। ਅਜਿਹੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਅਤੇ ਸੁਰੱਖਿਆ ਨੂੰ ਬਹਾਲ ਰੱਖਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ? ਗੁਰਦੁਆਰਾ ਸਾਹਿਬ ਦੀ ਮੂਲ ਪਰਿਭਾਸ਼ਾ ਨੂੰ ਮੁਖਾਤਿਬ ਹੁੰਦਿਆਂ ਅੱਜ ਸਭ ਤੋਂ ਵੱਡੀ ਲੋੜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਘੋਰ ਬੇਅਦਬੀਆਂ ਰੋਕਣ ਲਈ ਪੰਥ ਵਲੋਂ ਵੱਡੇ ਫ਼ੈਸਲੇ ਲਏ ਜਾਣ। ਦੁਸ਼ਮਣ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣੇ ਘਰ ਦੀ ਪਹਿਰੇਦਾਰੀ ਮਜ਼ਬੂਤ ਕੀਤੀ ਜਾਵੇ। ਹਰ ਪਿੰਡ ਵਿਚ ਇਕ ਹੀ ਗੁਰਦੁਆਰਾ ਸਾਹਿਬ ਹੋਵੇ ਅਤੇ ਉਹ ਵੀ ਸਹੀ ਰੂਪ ਵਿਚ ਆਪਣੇ ਮੂਲ ਉਦੇਸ਼ਾਂ ਵੱਲ ਸੇਧਿਤ ਹੋਵੇ। ਗੁਰਦੁਆਰਿਆਂ ਦੇ ਵੱਡੇ-ਵੱਡੇ ਦਰਬਾਰ ਹਾਲ ਉਸਾਰਨ ਦੀ ਥਾਂ 'ਸੰਗਤ' ਦੀ ਉਸ ਪਰੰਪਰਾ ਨੂੰ ਪ੍ਰਫੁੱਲਿਤ ਕੀਤਾ ਜਾਵੇ, ਜਿਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਲੈ ਕੇ 'ਸਤਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ॥'
ਦੇ ਉਦੇਸ਼ ਲਈ ਖੜੀ ਕੀਤੀ ਸੀ।

# ਕਿਸਾਨਾਂ ਦੇ ਮਾਤਮ 'ਤੇ ਅਜ਼ਾਦੀ ਦੇ ਜਸ਼ਨ

### ਬਿੱਟੂ ਅਰਪਿੰਦਰ ਸਿੰਘ

ਪੌਣੀ ਸਦੀ ਹੋ ਚੱਲੀ ਅਖੌਤੀ ਅਜ਼ਾਦੀ ਆਈ ਨੂੰ, ਕਿੱਥੇ ਆਈ ਸਿਰਨਾਵਾਂ ਕਿਸੇ ਕੋਲ ਨਹੀਂ। ਪਝੱਤਰਵੀਂ ਵਰੇਗੰਢ ਮਨਾਉਣ ਵਾਲੇ ਬੇਸ਼ਰਮਾਂ ਨੂੰ ਕੋਈ ਦੱਸਣ ਵਾਲਾ ਨਹੀਂ ਕਿ ਆਏ ਦਿਨ ਇਕ 'ਅੰਨ ਦਾਤੇ ਦੀ ਲਾਸ਼' ਰਾਜਧਾਨੀ ਤੋਂ ਘਰਾਂ ਨੂੰ ਜਾ ਰਹੀ ਹੈ। ਲੋਕ ਮਹਿੰਗਾਈ ਨਾਲ ਤ੍ਰਾਹ ਤ੍ਰਾਹ ਕਰ ਰਹੇ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ ਤੇ ਸੱਚ ਬੋਲਣ ਤੇ ਲੱਗੀ ਪਾਬੰਦੀ ਅਣਐਲਾਨੀ ਐਮਰਜੈਂਸੀ ਦਾ ਭੁਲੇਖਾ ਪਾਉਂਦੀ ਹੈ। ਗੱਲ ਕੀ ਮੁਲਕ ਦੇ ਹਲਾਤ ਫਰਾਂਸ ਇਨਕਲਾਬ ਤੋਂ ਪਹਿਲਾਂ ਵਾਲੇ ਬਣੇ ਹੋਏ ਹਨ। ਮੁਲਕ ਲੱਟ ਲੱਟ ਬਲ ਰਿਹਾ ਹੈ ਤੇ ਨੀਰੋ ਅਮਰੀਕਾ ਵਿਚ, ਇਕ ਬੀਬੀ ਤੋਂ ਲੋਕ-ਤੰਤਰ ਦਾ ਪਾਠ ਸਰਵਣ ਕਰ ਰਿਹਾ ਹੈ। ਸਾਰੇ ਹਿੰਦੁਸਤਾਨ ਵਿਚ ਹੀ ਨਹੀਂ ਏਸ਼ੀਆ ਦਾ ਢਿੱਡ ਭਰਨ ਵਾਲਾ ਮਿੱਟੀ ਦਾ ਜਾਇਆ ਦਿੱਲੀ ਦੀਆਂ ਬਰੂਹਾਂ 'ਤੇ ਸਹਿਕ ਸਹਿਕ ਮਰ ਰਿਹਾ ਹੈ। ਅਖੌਤੀ ਅਜ਼ਾਦੀ ਦਾ ਜਸ਼ਨ ਮਨਾਉਣ ਵਾਲੇ ਜਰਵਾਣੇ 600 ਤੋਂ ਵੱਧ ਜਾਨਾਂ ਗਵਾ ਚੁੱਕੇ ਧਰਤੀ ਦੇ ਪੁੱਤਾਂ ਲਈ ਦੋ ਮਿੰਟ ਦਾ ਮੋਨ ਨਹੀਂ ਰੱਖ ਸਕੇ। ਇਸ ਗੱਲ ਤੋਂ ਸਾਬਤ ਹੁੰਦਾ ਕਿ ਤੁਹਾਡੇ ਚੁਣੇ ਸਰਬਰਾਹ ਤੁਹਾਡੀ ਕਿੰਨੀ ਕੁ ਪ੍ਰਵਾਹ ਕਰਦੇ ਹਨ। ਇਹ ਗੱਲ ਕਿਰਤੀ ਤੇ ਕਿਸਾਨ ਜਦੋਂ ਤੱਕ ਪੱਲੇ ਨਹੀਂ ਬੰਨਦੇ, ਯਕੀਨ ਕਰਿਓ ਸਦੀਆਂ ਤੱਕ ਜ਼ਲੀਲ ਹੁੰਦੇ ਰਹੋਗੇ।

ਬੀਤੇ ਸਾਢੇ ਸੱਤਾਂ ਦਹਾਕਿਆਂ ਵਿਚ, ਰਾਜ ਨੇਤਾਵਾਂ ਨੇ ਮੁਲਕ ਵਿਚ ਸਦਾ ਅਫ਼ਰਾ ਦਫ਼ਰੀ ਵਰਗਾ ਮਹੌਲ ਸਿਰਜ ਕੇ ਰੱਖਿਆ। ਪੋਟਾ, ਟਾਡਾ ਤੇ ਯੁਆਪਾ ਵਰਗੇ ਕਾਲੇ ਕਾਨੂੰਨਾਂ ਦੀ ਆੜ ਹੇਠ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲਾ ਹਿੰਦੁਸਤਾਨ ਦੁਨੀਆ ਦਾ ਪਹਿਲਾ ਵੱਡਾ ਲੋਕ-ਤੰਤਰ ਹੈ। ਦੁਨੀਆ ਤਾਲਿਬਾਨਾਂ ਨੂੰ ਰੋਂਦੀ ਹੈ, ਹਾਲਤ ਭਾਰਤ ਦੇ ਵੀ ਅਫ਼ਗਾਨਿਸਤਾਨ ਤੋਂ ਬੇਹਤਰ ਨਹੀਂ। ਉਪਰੋਕਤ ਕਾਲੇ ਕਾਨੂੰਨਾਂ ਦੀ ਆੜ ਹੇਠ ਹਰ ਬੋਲਣ ਵਾਲੇ ਨੂੰ ਦੇਸ਼ਧ੍ਰੋਹੀ ਆਖ ਜਿਹੜੇ ਕਾਲੇ ਕਿਸਾਨੀ ਬਿੱਲ ਪਾਸ ਕੀਤੇ ਹਨ ਉਹ ਬੇਹਯਾਈ ਦੀ ਇੰਤਹਾ ਹੈ। ਦੁਨੀਆਂ ਦਾ ਮਿੱਟੀ ਨਾਲ ਮੋਹ ਕਰਨ ਵਾਲਾ ਹਰ ਸ਼ਖ਼ਸ ਇਨ੍ਹਾਂ ਕਾਲੇ ਕਿਰਤੀ ਕਿਸਾਨ ਵਿਰੋਧੀ ਬਿੱਲਾਂ ਦੀ ਨਿੰਦਾ ਕਰ ਚੁੱਕਾ ਏ। ਹਿੰਦੁਸਤਾਨ ਦੇ ਅਰਥ ਸ਼ਾਸਤਰੀਆਂ ਨੇ ਇਨ੍ਹਾਂ ਬਿੱਲਾਂ ਦੀ ਵਿਆਖਿਆ ਮੁਲਕ ਦਾ ਬੇੜਾ ਗਰਕ ਕਰਨ ਨਾਲ ਕੀਤੀ ਹੈ ਪਰ ਹੁਕਮਰਾਨ ਹਨ ਕਿ ਪੂੰਜੀਪਤੀਆਂ ਨੂੰ ਹੀ ਦੇਸ਼ ਦੇ ਅਸਲ ਬਸ਼ਿੰਦੇ ਸਮਝੀ ਬੈਠੇ ਹਨ। ਇਹ ਦੁਰਯੋਧਨ ਵਾਲਾ ਹੱਠ ਇਕ ਨਵੇਂ ਮਹਾਂ ਭਾਰਤ ਦੀ ਤਿਆਰੀ ਹੈ। ਜੇ ਹੁਕਮਰਾਨਾਂ ਦਾ ਇਹੋ ਰਵੱਈਆ ਰਿਹਾ ਤਾਂ ਲਗਦਾ ਨਹੀਂ ਮੁਲਕ ਅਜ਼ਾਦੀ ਦੀ ਸ਼ਤਾਬਦੀ ਮਨਾਵੇ। ਦੁਨੀਆ ਦੇ ਇਨਕਲਾਬ ਇਸ ਗੱਲ ਦੇ ਗਵਾਹ ਹਨ ਕਿ ਲੋਕਾਂ ਦੀ ਸੁਨਾਮੀ ਪੂੰਜੀਪਤੀਆਂ ਨੂੰ ਵੀ ਤੇ ਹੁਕਮਰਾਨਾਂ ਨੂੰ ਵਹਾ ਕੇ ਲੈ ਜਾਂਦੀ ਹੈ।




ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਰਤੀ ਕਿਸਾਨਾਂ ਲਈ ਦੁਨੀਆ ਦਾ ਹਰ ਨੇਕ ਦਿਲ ਇਨਸਾਨ ਹਾਅ ਦਾ ਨਾਅਰਾ ਮਾਰ ਰਿਹਾ ਹੈ। ਬੀਤੇ ਕੱਲ ਹਿੰਦੁਸਤਾਨ ਬੰਦ ਸੀ, ਲੋਕ ਹਕੂਮਤ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਨ, ਇਸੇ ਰੋਸ ਵਿੱਚ ਜਰਮਨ ਦੀਆਂ ਪੰਥਕ ਜਥੇਬੰਦੀਆਂ ਨੇ ਵੀ ਇਕ ਰੋਸ ਮੁਜ਼ਾਹਰਾ ਭਾਰਤੀ ਸਫ਼ਾਰਤਖ਼ਾਨੇ ਸਾਹਮਣੇ ਕੀਤਾ। ਪੰਜਾਬ ਦੀ ਮਿੱਟੀ ਨਾਲ ਮੋਹ ਕਰਨ ਵਾਲੇ ਤੇ ਕਿਸਾਨੀ ਸੰਘਰਸ਼ ਦੇ ਹਮਾਇਤੀ ਦੂਸਰੇ ਸ਼ਹਿਰਾਂ ਤੋਂ ਰੋਸ ਪ੍ਰਗਟ ਕਰਨ ਪਹੁੰਚੇ। ਜੋਸ਼ੀਲੀਆਂ ਤਕਰੀਰਾਂ ਤੇ ਕਿਸਾਨ-ਪੱਖੀ ਨਾਅਰਿਆਂ ਜੈਕਾਰਿਆਂ ਅਸਮਾਨ ਗੂੰਜਣ ਲਾ ਦਿੱਤਾ। ਧੰਨਵਾਦ, ਉਨ੍ਹਾਂ ਵੀਰਾਂ ਦਾ ਜਿਨ੍ਹਾਂ ਇਹ ਅਯੋਜਨ ਕੀਤਾ ਤੇ ਆਪਣਾ ਫਰਜ਼ ਪਛਾਣਿਆ। ਚਾਹੀਦਾ ਤੇ ਇਹ ਹੈ ਕਿ ਹਰ ਬੰਦਾ ਉਸ ਚਿੜੀ ਵਾਂਗ ਆਪਣਾ ਫਰਜ਼ ਸਮਝਕੇ ਸੁਰਖ਼ਰੂ ਹੋਵੇ ਜੋ ਚੁੰਝਾਂ ਭਰ ਭਰ ਜੰਗਲ਼ ਦੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੀ ਏ। ਹਾਥੀਆਂ ਵਾਂਗ ਸੁੱਤੇ ਰਹਿਣਾ ਤੇ ਸਮੇਂ ਸਿਰ ਉਦਮ ਨਾ ਕਰਨਾ ਮਿੱਟੀ ਨਾਲ ਗ਼ਦਾਰੀ ਹੈ। ਇਹੋ ਜਿਹੇ ਪ੍ਰੋਗਰਾਮ ਵਿਚ, ਸ਼ਿਰਕਤ ਕਰਨੀ ਹਰ ਅੰਨ ਦਾਨਾ ਖਾਣ ਵਾਲੇ ਪ੍ਰਾਣੀ ਦਾ ਫਰਜ਼ ਬਣ ਜਾਂਦਾ ਹੈ। ਇਸ ਲਈ ਹਰ ਵਖਰੇਵੇਂ ਨੂੰ ਲਾਂਭੇ ਰੱਖ ਕੇ ਇਹੋ ਜਿਹੇ ਪ੍ਰੋਗਰਾਮ ਵਿਚ ਆਉਣਾ ਆਪਣਾ ਧਰਮ ਸਮਝਿਆ ਕਰੋ। ਜਿਹੜੇ ਫਰਜ਼ ਸਮਝਦੇ ਉਹ ਵੀਰ ਜਤਿੰਦਰਬੀਰ ਸਿੰਘ, ਭਾਈ ਸਤਨਾਮ ਸਿੰਘ ਬੱਬਰ, ਹੈਪੀ ਘੁੰਮਣ ਤੇ ਹੋਰਨਾਂ ਕਈ ਸਿੰਘਾਂ ਵਾਂਗੂ ਸੌਆਂ ਮੀਲਾਂ ਦਾ ਸਫ਼ਰ ਕਰਕੇ ਵੀ ਆ ਜਾਂਦੇ ਹਨ। ਏਦਾਂ ਕੱਲਿਆਂ ਕੱਲਿਆਂ ਮੋਰਚੇ ਫ਼ਤਿਹ ਨਹੀਂ ਹੋਣੇ, ਏਕਾ ਹੀ ਹੱਲ ਹੈ। ਜਰਮਨ ਦੀਆਂ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ ਨੂੰ ਵੀ ਚਾਹੀਦਾ ਜਿੱਥੇ ਹੋਰ ਖ਼ਰਚੇ ਕਰਦੇ ਜੇ ਇਹੋ ਜਿਹੇ ਨੇਕ ਕੰਮਾਂ ਵਾਸਤੇ ਵੀ ਸੰਗਤਾਂ ਦੀਆਂ ਬੱਸਾਂ ਭੇਜਿਆ ਕਰੋ। ਧੰਨਵਾਦ ਸਮੂਹ ਸੰਗਤਾਂ, ਪੰਥਕ ਜਥੇਬੰਦੀਆਂ, ਕਿਸਾਨ ਹਿਤੈਸ਼ੀ ਲੋਕਾਂ ਤੇ ਮੀਡੀਏ ਦਾ ਜਿਨ੍ਹਾਂ ਕਿਰਤੀਆਂ-ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ।

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com





# ਸਿਹਤ ਸੰਭਾਲ






# ਘੱਟ ਲੂਣ ਖਾਣਾ ਵੀ ਸਿਹਤ ਲਈ ਹਾਨੀਕਾਰਕ

## ਅਮੈਰਿਕਨ ਜਰਨਲ ਆਫ ਹਾਈਪਰਟੈਂਸ਼ਨ ਵਿਚ ਪ੍ਰਕਾਸ਼ਿਤ ਇਕ ਰਿਸਰਚ ਪੇਪਰ ’ਚ ਪੇਸ਼ ਕੀਤੀ ਖੋਜ

ਜ਼ਿਆਦਾ ਲੂਣ ਖਾਣਾ ਹੀ ਨਹੀਂ, ਘੱਟ ਲੂਣ ਖਾਣਾ ਵੀ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਕਈ ਵਾਰ ਤੁਸੀਂ ਜ਼ਿਆਦਾ ਲੂਣ ਖਾਣ ਤੋਂ ਬਚਣ ਲਈ ਜ਼ਰੂਰਤ ਤੋਂ ਘੱਟ ਲੂਣ ਖਾਣ ਲਗਦੇ ਹੋ। ਲੂਣ ਆਇਓਡੀਨ ਦਾ ਮੁੱਖ ਸੋਰਸ ਹੈ ਤੇ ਜਦੋਂ ਤੁਹਾਡੇ ਸਰੀਰ ਨੂੰ ਲੋੜੀਂਦੀ ਮਾਤਰਾ ਵਿਚ ਆਇਓਡੀਨ ਨਹੀਂ ਮਿਲਦਾ, ਤਾਂ ਇਸ ਨਾਲ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਲੂਣ ਸੋਡੀਅਮ ਕਲੋਰਾਈਡ ਦਾ ਵੀ ਸੋਰਸ ਹੈ ਤੇ ਇਹ ਇਲੈਕਟ੍ਰੋਲਾਈਟ ਨੂੰ ਬੈਲੈਂਸ ਰੱਖਦਾ ਹੈ।

ਅਮੈਰਿਕਨ ਜਰਨਲ ਆਫ ਹਾਈਪਰਟੈਂਸ਼ਨ ਵਿਚ ਪ੍ਰਕਾਸ਼ਿਤ ਇਕ ਰਿਸਰਚ ਪੇਪਰ ਮੁਤਾਬਕ, ਘੱਟ ਲੂਣ ਖਾਣ ਵਾਲੇ ਲੋਕਾਂ ’ਚ ਰੇਨਿਨ, ਕੋਲੈਸਟ੍ਰਾਲ ਤੇ ਟ੍ਰਾਈਗਲਿਸਰਾਈਡ ਦਾ ਪੱਧਰ ਜ਼ਿਆਦਾ ਪਾਇਆ ਜਾਂਦਾ ਹੈ। ਲੋਅ ਸੋਡੀਅਮ ਵਾਲੀ ਡਾਈਟ ਕਾਰਨ ਬੈਡ ਕੋਲੈਸਟ੍ਰਾਲ 4.6% ਤੇ ਟ੍ਰਾਈਗਲਿਸਰਾਈਡਜ਼ ਦਾ ਪੱਧਰ 5.9% ਤੱਕ ਵਧ ਜਾਂਦਾ ਹੈ।

ਦਿਮਾਗ਼ ਵਿਚ ਸੋਜ਼ਿਸ਼

ਘੱਟ ਲੂਣ ਖਾਣ ਨਾਲ ਤੁਹਾਨੂੰ ਲੋਅ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੋ ਸਕਦਾ ਹੈ। ਬਲੱਡ ਵਿਚ ਸੋਡੀਅਮ ਦਾ ਲੈਵਲ ਘਟਣ ਨਾਲ ਹਾਈਪੋਨੈਟ੍ਰੇਮੀਆ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਇਸ ਦੇ ਲੱਛਣ ਡੀ-ਹਾਈਡ੍ਰੇਸ਼ਨ ਦੀ ਤਰਾਂ ਹੋ ਸਕਦੇ ਹਨ। ਇਹ ਸਮੱਸਿਆ ਜ਼ਿਆਦਾ ਗੰਭੀਰ ਹੋਣ ’ਤੇ ਦਿਮਾਗ਼ ਵਿਚ ਸੋਜ਼ਿਸ਼, ਸਿਰ ਦਰਦ ਤੇ ਸੀਜ਼ਰਜ਼ ਦਾ ਵੀ ਖ਼ਤਰਾ ਰਹਿੰਦਾ ਹੈ।

ਹਾਰਵਰਡ ਯੂਨੀਵਰਸਿਟੀ ’ਚ ਸਾਲ 2010 ਵਿਚ ਹੋਈ ਰਿਸਰਚ ਅਨੁਸਾਰ ਲੂਣ ਦੀ ਕਮੀ ਦਾ ਸਿੱਧਾ ਅਸਰ ਇੰਸੁਲਿਨ ਦੀ ਸੰਵੇਦਨਸ਼ੀਲਤਾ ’ਤੇ ਪੈਂਦਾ ਹੈ। ਰਿਸਰਚ ਵਿਚ ਸਾਹਮਣੇ ਆਇਆ ਕਿ ਟਾਈਪ-1 ਤੇ ਟਾਈਪ-2 ਡਾਇਬਟੀਜ਼ ਨਾਲ ਪੀੜਤ ਲੋਕਾਂ ਵਿਚ ਲੋਅ ਸੋਡੀਅਮ ਡਾਈਟ ਨਾਲ ਮੌਤ ਦਾ ਖ਼ਤਰਾ ਵਧ ਸਕਦਾ ਹੈ। ਲੂਣ ਘੱਟ ਖਾਣ ਨਾਲ ਤੁਸੀਂ ਸੋਡੀਅਮ ਦੀ ਲੋੜੀਂਦੀ ਮਾਤਰਾ ਨਹੀਂ ਲੈਂਦੇ ਤੇ ਇਸ ਕਾਰਨ ਟਾਈਪ-2 ਡਾਇਬਟੀਜ਼ ਦਾ ਸ਼ਿਕਾਰ ਹੋ ਸਕਦੇ ਹੋ। ਨਿਊਟ੍ਰਿਸ਼ਨਿਟਸ ਮੁਤਾਬਕ ਜੇਕਰ ਤੁਸੀਂ ਬਹੁਤ ਘੱਟ ਲੂਣ ਖਾਂਦੇ ਹੋ ਤਾਂ ਇਸ ਨਾਲ ਸਰੀਰ ਵਿਚ ਇੰਸੁਲਿਨ ਦੀ ਸਮਰੱਥਾ ਵਧ ਜਾਂਦੀ ਹੈ। ਕੋਸ਼ਿਕਾਵਾਂ ਇੰਸੁਲਿਨ ਹਾਰਮੋਨ ਦੇ ਸੰਕੇਤਾਂ ’ਤੇ ਠੀਕ ਪ੍ਰਤਿਕਿਰਿਆ ਨਹੀਂ ਦਿੰਦੀਆਂ। ਇਸ ਨਾਲ ਬਲੱਡ ਸ਼ੂਗਰ ਲੈਵਲ ਵਧ ਜਾਂਦਾ ਹੈ।

ਆਇਓਡੀਨ ਦੀ ਘਾਟ ਨਾਲ ਥਾਇਰਾਈਡ ਗ੍ਰੰਥੀ ਠੀਕ ਢੰਗ ਨਾਲ ਕੰਮ ਨਹੀਂ ਕਰਦੀ। ਜੇਕਰ ਤੁਸੀਂ ਬਹੁਤ ਘੱਟ ਲੂਣ ਖਾਂਦੇ ਹੋ ਤਾਂ ਤੁਹਾਨੂੰ ਹਾਈਪੋਥਾਇਰਾਇਡਿਜ਼ਮ ਦੀ ਸਮੱਸਿਆ ਵੀ ਹੋ ਸਕਦੀ ਹੈ। ਆਇਓਡੀਨ ਲੂਣ ਸਰੀਰ ਵਿਚ ਗੁੱਡ ਕੋਲੈਸਟ੍ਰੋਲ ਨੂੰ ਵੀ ਵਧਾਉਂਦਾ ਹੈ।

ਰੋਜ਼ਾਨਾ ਕਿੰਨਾ ਲੂਣ ਖਾਣਾ ਚਾਹੀਦੈ ?

ਲੂਣ ਦਾ ਇਸਤੇਮਾਲ ਨਿਸ਼ਚਤ ਮਾਤਰਾ ਵਿਚ ਕਰਨਾ ਹੀ ਸਿਹਤ ਲਈ ਚੰਗਾ ਹੁੰਦਾ ਹੈ। ਇਸ ਨੂੰ ਬਹੁਤ ਘੱਟ ਜਾਂ ਬਹੁਤ ਜ਼ਿਆਦਾ ਨਹੀਂ ਖਾਣਾ ਚਾਹੀਦਾ। ਜ਼ਿਆਦਾ ਮਾਤਰਾ ਵਿਚ ਲੂਣ ਖਾਣ ਯਾਨੀ ਸੋਡੀਅਮ ਦੀ ਜ਼ਿਆਦਾ ਮਾਤਰਾ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੋ ਜਾਂਦੀ ਹੈ। ਨੈਸ਼ਨਲ ਅਕੈਡਮੀ ਆਫ ਮੈਡੀਸਿਨ ਮੁਤਾਬਕ ਹਰ ਰੋਜ਼ 2,300 ਮਿਲੀਗ੍ਰਾਮ ਤੋਂ ਘੱਟ ਲੂਣ ਖਾਓ।

# ਰੋਜ਼ਾਨਾ ਕਸਰਤ ਕਰੋ-ਚਿੰਤਾ ਦਾ ਖ਼ਤਰਾ ਘਟਾਓ

ਦੁਨੀਆ ’ਚ ਸਭ ਤੋਂ ਆਮ ਬਿਮਾਰੀ ਲੋਕਾਂ ਵਿਚ ਘਬਰਾਹਟ, ਚਿੰਤਾ ਜਾਂ ਬੇਚੈਨੀ ਹੈ। ਜਿਸ ਨੂੰ ਐਂਗਜ਼ਾਇਟੀ ਵੀ ਕਿਹਾ ਜਾਂਦਾ ਹੈ। ਹੁਣ ਇਕ ਨਵੇਂ ਸ਼ੋਧ ’ਚ ਦੱਸਿਆ ਗਿਆ ਹੈ ਕਿ ਰੈਗੂਲਰ ਤੌਰ ’ਤੇ ਕਸਰਤ ਕਰਨ ਨਾਲ ਐਂਗਜ਼ਾਇਟੀ ਨੂੰ ਰੋਕਣ ਵਿਚ ਮਦਦ ਮਿਲਦੀ ਹੈ। ਕਸਰਤ ਨਾਲ 60 ਫ਼ੀਸਦੀ ਤੱਕ ਇਸ ਦੇ ਖ਼ਤਰਿਆਂ ਨੂੰ ਰੋਕਿਆ ਜਾ ਸਕਦਾ ਹੈ। ਇਹ ਅਧਿਐਨ ਜਰਨਲ ਫਰੰਟੀਅਰਜ਼ ਸਾਈਕਿਆਟ੍ਰੀ ਵਿਚ ਪ੍ਰਕਾਸ਼ਿਤ ਹੋਇਆ ਹੈ। ਸਾਡੀ ਮਾਨਸਿਕ ਸਿਹਤ ਵਿਚ ਸੁਧਾਰ ਲਈ ਜਦੋਂ ਆਨਲਾਈਨ ਖੋਜ ਕੀਤੀ ਜਾਂਦੀ ਹੈ ਤਾਂ ਤਰਾਂ-ਤਰਾਂ ਦੇ ਉਪਾਅ ਮਿਲ ਜਾਂਦੇ ਹਨ।

ਅਧਿਐਨ ਵਿਚ ਪਤਾ ਲੱਗਾ ਹੈ ਕਿ ਮਾਨਸਿਕ ਤੌਰ ’ਤੇ ਸਿਹਤਮੰਦ ਰਹਿਣ ਤੇ ਭਵਿੱਖ ਵਿਚ ਵੀ ਇਸ ਨੂੰ ਬਰਕਰਾਰ ਰੱਖਣ ਲਈ ਸਭ ਤੋਂ ਆਸਾਨ ਉਪਾਅ ਹੈ, ਰੈਗੂਲਰ ਤੌਰ ’ਤੇ ਕਸਰਤ। ਇਹ ਜ਼ਰੂਰੀ ਨਹੀਂ ਹੈ ਕਿ ਇਸਦੇ ਲਈ ਕੋਈ ਵਿਸ਼ੇਸ਼ ਕਸਰਤ ਕੀਤੀ ਜਾਵੇ।



ਤੁਸੀਂ ਕੋਈ ਵੀ ਖੇਡ ਵਿਚ ਹਿੱਸਾ ਲੈ ਸਕਦੇ ਹੋ ਜਾਂ ਫਿਰ ਰੈਗੂਲਰ ਤੌਰ ’ਤੇ ਪੈਦਲ ਚੱਲ ਸਕਦੇ ਹੋ। ਦੁਨੀਆ ਦੇ 10 ਫ਼ੀਸਦੀ ਲੋਕ ਅਜਿਹੇ ਹੁੰਦੇ ਹਨ, ਜਿਨਾਂ ਵਿਚ ਉਮਰ ਤੋਂ ਪਹਿਲਾਂ ਹੀ ਐਂਗਜ਼ਾਇਟੀ ਡਿਸਆਰਡਰ ਸਾਹਮਣੇ ਆਉਣ ਲਗਦਾ ਹੈ। ਔਰਤਾਂ ਵਿਚ ਇਹ ਬਿਮਾਰੀ ਜ਼ਿਆਦਾ ਦੇਖੀ ਜਾਂਦੀ ਹੈ।

ਰੈਗੂਲਰ ਕਸਰਤ ਨਾਲ ਘੱਟ ਹੋ ਸਕਦੈ ਐਂਗਜ਼ਾਇਟੀ ਦਾ ਖ਼ਤਰਾ

ਸ਼ੋਧ ਕਰਨ ਵਾਲੀ ਟੀਮ ਨੇ ਦੱਸਿਆ ਕਿ ਰੈਗੂਲਰ ਤੌਰ ’ਤੇ ਕਸਰਤ ਕਰਨ ਵਾਲੇ 60 ਫ਼ੀਸਦੀ ਲੋਕਾਂ ਵਿਚ ਐਂਗਜ਼ਾਇਟੀ ਹੋਣ ਦੀ ਸੰਭਾਵਨਾ ਘੱਟ ਮਿਲੀ। ਇਹ ਅਧਿਐਨ 4 ਲੱਖ ਔਰਤਾਂ-ਮਰਦਾਂ ’ਤੇ ਕੀਤਾ ਗਿਆ।

ਅਧਿਐਨ ਕਰਨ ਵਾਲੇ ਮਾਰਟੀਨ ਸਵੇਂਸਨ ਤੇ ਥਾਮਸ ਡੀਅਰਬੋਰਗ ਨੇ ਦੱਸਿਆ ਕਿ ਸਰੀਰਕ ਮਿਹਨਤ ਤੇ ਐਂਗਜ਼ਾਇਟੀ ਦੇ ਘੱਟ ਖ਼ਤਰੇ ਦਾ ਸਬੰਧ ਔਰਤਾਂ ਤੇ ਮਰਦਾਂ ਦੋਵਾਂ ’ਚ ਬਰਾਬਰ ਰੂਪ ਵਿਚ ਦੇਖਿਆ ਗਿਆ।

# ਮੋਟਾਪੇ ਤੋਂ ਲੈ ਕੇ ਸ਼ੂਗਰ ਤੋਂ ਬਚਾਅ ਲਈ ਸੰਤੁਲਿਤ ਖ਼ੁਰਾਕ ਲਵੋ



ਅੱਜ ਕੱਲ ਕਈ ਤਰਾਂ ਦੇ ਡਾਈਟ ਪਲਾਨ ਟ੍ਰੈਂਡਿੰਗ ’ਚ ਹਨ। ਇਨਾਂ ਵਿਚੋਂ ਇਕ ਪਾਲੀਓ ਡਾਈਟ ਹੈ। ਇਸ ਡਾਈਟ ਨੂੰ ਫਾਲੋਨ ਕਰਨ ਨਾਲ ਮੋਟਾਪਾ, ਸ਼ੂਗਰ ਤੋਂ ਲੈ ਕੇ ਹਾਈ ਬੀਪੀ ਤੇ ਕੋਲੈਸਟ੍ਰੋਲ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ। ਗ਼ਲਤ ਖਾਣ-ਪੀਣ ਤੇ ਤਣਾਅ ਕਾਰਨ ਵਿਅਕਤੀ ਮੋਟਾਪੇ, ਸ਼ੂਗਰ ਤੇ ਹਾਈ ਬੀਪੀ ਵਰਗੀਆਂ ਬਿਮਾਰੀਆਂ ਦਸਤਕ ਦਿੰਦੀਆਂ ਹਨ।

ਜੇਕਰ ਤੁਸੀਂ ਵਧਦੇ ਭਾਰ, ਸ਼ੂਗਰ ਤੇ ਹਾਈ ਬੀਪੀ ਤੋਂ ਪ੍ਰੇਸ਼ਾਨ ਹੋ ਤਾਂ ਸੰਤੁਲਿਤ ਖਾਣਾ ਖਾਓ ।

ਸੀ-ਫੂਡ ’ਚ ਟ੍ਰਾਊਟ, ਸਾਲਮਨ, ਝੀਂਗਾ, ਸ਼ੈੱਲਫਿਸ਼ ਖਾਓ।

ਓਮੈਗਾ-3 ਫੈਟੀ ਐਸਿਡ ਲਈ ਆਂਡੇ ਦੀ ਚੋਣ ਕਰ ਸਕਦੇ ਹੋ। ਸਬਜ਼ੀਆਂ ’ਚ ਬ੍ਰੋਕਲੀ, ਪਿਆਜ਼, ਗਾਜਰ, ਕਾਲੀ ਮਿਰਚ ਅਤੇ ਟਮਾਟਰ ਆਦਿ ਦਾ ਸੇਵਨ ਕਰੋ।

ਫਲਾਂ ’ਚ ਸੇਬ, ਸੰਤਰਾ, ਕੇਲਾ, ਨਾਸ਼ਪਤੀ, ਐਵੋਕਾਡੋ, ਸਟ੍ਰਾਬੇਰੀ ਤੇ ਬਲੂਬੇਰੀ ਖਾਓ।

ਕੰਦਿਆਂ ਵਿਚ ਆਲੂ, ਸ਼ਕਰਕੰਦ, ਰਤਾਲੂ, ਸ਼ਲਗਮ ਨੂੰ ਡਾਈਟ ’ਚ ਸ਼ਾਮਲ ਕਰੋ।

ਬਦਾਮ, ਮੈਗਾਡਾਮੀਆ ਨਟਸ, ਅਖਰੋਟ, ਹੇਜ਼ਲਨਟਸ, ਸੂਰਜਮੁਖੀ ਦੇ ਬੀਜ, ਕੱਦੂ ਦੇ ਬੀਜ ਆਦਿ ਚੀਜ਼ਾਂ ਨੂੰ ਸਨੈਕਸ ਦੇ ਰੂਪ ਵਿਚ ਖਾਓ। ਤੇਲ ’ਚ ਸ਼ੁੱਧ ਜੈਤੂਨ ਤੇ ਐਵੋਕਾਡੋ ਦੇ ਤੇਲ ਦਾ ਸੇਵਨ ਕਰੋ। ਚੀਨੀ ਅਤੇ ਚੀਨੀ ਨਾਲ ਲੈਸ ਚੀਜ਼ਾਂ ਜਿਵੇਂ ਠੰਢਾ ਪਾਣੀ, ਫਲ਼ਾਂ ਦੇ ਰਸ, ਕੈਂਡੀ, ਆਈਸਕ੍ਰੀਮ ਤੇ ਪੇਸਟਰੀ ਦਾ ਸੇਵਨ ਬਿਲਕੁਲ ਨਾ ਕਰੋ। ਉੱਥੇ ਹੀ, ਅਨਾਜ ’ਚ ਰੋਟੀ, ਪਾਸਤਾ, ਰਾਈ ਤੇ ਜੌਂ ਵਰਗੀਆਂ ਚੀਜ਼ਾਂ ਦਾ ਸੇਵਨ ਨਾ ਕਰੋ। ਦਾਲ਼, ਬੀਨਸ ਆਦਿ ਚੀਜ਼ਾਂ ਨੂੰ ਵੀ ਖਾਣ ਦੀ ਮਨਾਹੀ ਹੈ। ਡੇਅਰੀ ਉਤਪਾਦਾਂ ਵਿਚ ਪਨੀਰ ਤੇ ਮੱਖਣ ਦਾ ਸੇਵਨ ਨਾ ਕਰੋ।

# ਐਨਕਾਂ ਰੱਖ ਕੇ ਕਿਉਂ ਭੁੱਲ ਜਾਂਦੇ ਨੇ ਬਜ਼ੁਰਗ ?

**ਯਸ਼ਪ੍ਰੀਤ ਕੌਰ**
**੯੯੧੪੭੧੧੧੦੮**

ਹਰ ਉਹ ਘਰ ਜਿਸ ਵਿੱਚ ਬੇਬੇ-ਬਾਪੂ ਰਹਿੰਦੇ ਹਨ, ਉੱਥੇ ਅਕਸਰ ਹੀ, ‘ਮੇਰੀਆਂ ਐਨਕਾਂ ਨਹੀਂ ਲੱਭ ਰਹੀਆਂ ਜਾਂ ਮੇਰੀ ਘੜੀ ਕਿੱਥੇ ਚਲੀ ਗਈ’ ਇਸ ਤਰਾਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਪਰਿਵਾਰ ਖ਼ਾਸ ਕਰ ਪੋਤੇ-ਪੋਤਰੀਆਂ ਹੈਰਾਨ ਹੋਏ ਰਹਿੰਦੇ ਹਨ ਕਿ ਇਸ ਤਰਾਂ ਕਿਵੇਂ ਕੋਈ ਆਪਣੀ ਚੀਜ਼ ਆਪ ਹੀ ਰੱਖ ਕੇ ਭੁੱਲ ਸਕਦਾ ਹੈ ? ਕੁਝ ਲੋਕ ਸੋਚਦੇ ਹਨ ਕਿ ਬਜੁਰਗਾਂ ਵੱਲੋਂ ਇਸ ਤਰਾਂ ਆਪਣੇ ਵੱਲ ਧਿਆਨ ਖਿੱਚਣ ਲਈ ਜਾਣ-ਬੁਝ ਕੇ ਕੀਤਾ ਜਾਂਦਾ ਹੈ।

21 ਸਤੰਬਰ ਦਾ ਦਿਨ ਵਿਸ਼ਵ ਭਰ ਵਿੱਚ ਐਲਜਾਈਮਰ ਡੇਅ ਦੇ ਤੌਰ ’ਤੇ ਮਨਾਇਆ ਗਿਆ ਹੈ। ਐਲਜਾਈਮਰ ਇਕ ਅਜਿਹੀ ਬਿਮਾਰੀ ਦਾ ਨਾਂ ਹੈ ਜੋ ਜ਼ਿਆਦਾਤਰ ਬੁਢੇਪੇ ਵਿੱਚ ਦਸਤਕ ਦਿੰਦੀ ਹੈ। ਮਨੁੱਖੀ ਸਰੀਰ ਅੰਦਰ ਬਹੁਤ ਸਾਰੇ ਤਰਾਂ ਦੇ ਤਰਲ ਪਦਾਰਥ ਪਾਏ ਜਾਂਦੇ ਹਨ, ਜਿਹਨਾਂ ਵਿੱਚ ਖ਼ੂਨ ਤੋਂ ਇਲਾਵਾ ਹਾਰਮੋਨਜ ਆਦਿ ਮੁੱਖ ਹਨ। ਹਾਰਮੋਨਜ ਦੀ ਤਰਾਂ ਦਿਮਾਗ ਅੰਦਰ ਕੁਝ ਖ਼ਾਸ ਤਰਾਂ ਦੇ ਨਿਊਰੋਟਰਾਂਸਮੀਟਰ ਨਾਂ ਦੇ ਦ੍ਰਵ ਮੌਜੂਦ ਰਹਿੰਦੇ ਹਨ। ਦਿਮਾਗ ਅੰਦਰ ਮੌਜੂਦ ਇਨਾਂ ਦ੍ਰਵਾਂ ਦਾ ਖੁਸ਼ੀ-ਗ਼ਮੀ, ਦੁੱਖ-ਸੁਖ, ਪਿਆਰ-ਨਰਾਜ਼ਗੀ ਆਦਿ ਵੱਖ-ਵੱਖ ਤਰਾਂ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਮੌਕੇ ਉੱਘਾ ਯੋਗਦਾਨ ਹੁੰਦਾ ਹੈ। ਇਨਾਂ ਨਿਊਰੋਟਰਾਂਸਮੀਟਰਜ ਦੇ ਰਿਸਣ ਅਤੇ ਖ਼ੂਨ ਵਿੱਚ ਸੰਚਾਰ ਦੀ ਮਾਤਰਾ ਹਰ ਭਾਵਨਾ ਅਤੇ ਅਹਿਸਾਸ ਮੌਕੇ ਵੱਖਰੀ ਹੁੰਦੀ ਹੈ, ਇਸ ਕਰਕੇ ਇਕ ਸਿਹਤਮੰਦ ਅਤੇ ਤੰਦਰੁਸਤ ਇਨਸਾਨ ਅੰਦਰ ਇਨਾਂ ਦੀ ਠੀਕ ਮਾਤਰਾ ਹੋਣਾ ਅਤਿਅੰਤ ਲਾਜ਼ਮੀ ਹੁੰਦਾ ਹੈ, ਕਿਉਂਕਿ ਦਿਮਾਗ ਅੰਦਰ ਇਨਾਂ ਦਾ ਲੋੜੀਂਦੀ ਮਾਤਰਾ ਤੋਂ ਵੱਧ ਜਾਂ ਘੱਟ ਹੋਣਾ ਨੁਕਸਾਨਦੇਹ ਹੋ ਸਕਦਾ ਹੈ।

ਵੱਧਦੀ ਉਮਰ ਦੇ ਨਾਲ-ਨਾਲ ਸਰੀਰ ਵਿੱਚ ਬਾਹਰੀ ਅਤੇ ਅੰਦਰੂਨੀ ਕਈ ਤਰਾਂ ਦੇ ਬਦਲਾਓ ਆਉਣੇ ਸ਼ੁਰੂ ਹੋ ਜਾਂਦੇ ਹਨ, ਜਿਹਨਾਂ ਵਿੱਚ ਹਾਰਮੋਨ ਆਦਿ ਦੇ ਸੰਤੁਲਨ ਦੇ ਵਿਗੜ ਜਾਣ ਦੀ ਸੰਭਾਵਨਾ ਸਭ ਤੋਂ ਜ਼ਿਆਦਾ ਹੁੰਦੀ ਹੈ।ਐਸੀਟਾਈਲਕੋਲੀਨ ਨਾਂ ਦੇ ਨਿਊਰੋਟਰਾਂਸਮੀਟਰ ਦੇ ਘੱਟ ਜਾਂ ਵੱਧ ਦੋਵੇਂ ਹੀ ਤਰਾਂ ਦੇ ਹਾਲਾਤਾਂ ਵਿੱਚ ਦਿਮਾਗੀ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਦਾ ਹੈ। ਇਨਾਂ ਕੋਸ਼ਿਕਾਵਾਂ ਦੇ ਨਸ਼ਟ ਹੋਣ ਕਾਰਨ ਦਿਮਾਗ ਦੀਆਂ ਅੰਦਰੂਨੀ ਪਰਤਾਂ ਸੁੰਘੜਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਕਾਰਨ ਸਭ ਤੋਂ ਜ਼ਿਆਦਾ ਪ੍ਰਭਾਵ ਯਾਦਾਸ਼ਤ ਉੱਪਰ ਪੈਂਦਾ ਹੈ। ਭਾਵੇਂ ਕਿ ਪੁਰਾਣੀਆਂ ਯਾਦਾਂ ਕਈ ਵਾਰ ਬਣੀਆਂ ਰਹਿੰਦੀਆਂ ਹਨ, ਪਰ ਨਵੀਂ ਯਾਦਾਸ਼ਤ ਬਣਨੀ ਕਠਿਨ ਹੁੰਦੀ ਹੈ, ਜਿਵੇਂ ਕਿ ਰੋਜ਼ ਵਾਪਰਨ ਵਾਲ਼ੀਆਂ ਛੋਟੀਆਂ- ਛੋਟੀਆਂ ਗੱਲਾਂ ਜਾਂ ਘਟਨਾਵਾਂ।

ਇਸ ਤਰਾਂ ਯਾਦ ਸ਼ਕਤੀ ਕਮਜ਼ੋਰ ਪੈ ਜਾਣ ਨੂੰ ਡਿਮੈਂਸ਼ੀਆ ਕਿਹਾ ਜਾਂਦਾ ਹੈ। ਡਿਮੈਂਸ਼ੀਆ ਇਕ ਬਹੁਤ ਹੀ ਅਜੀਬ ਜਿਹੀ ਬਿਮਾਰੀ ਹੈ, ਜਿਸ ਵਿੱਚ ਰੋਜ਼ਾਨਾ ਵਾਪਰਨ ਵਾਲੀਆਂ ਨਵੀਂਆਂ ਗੱਲਾਂ ਨਾ ਦੇ ਬਰਾਬਰ ਹੀ ਯਾਦ ਰਹਿੰਦੀਆਂ ਹਨ, ਪਰ ਪਹਿਲਾਂ ਤੋਂ ਦਿਮਾਗ ਅੰਦਰ ਪਈਆਂ ਗੱਲਾਂ ਇੰਨ-ਬਿੰਨ ਯਾਦ ਰਹਿੰਦੀਆਂ ਹਨ। ਇਹੀ ਕਾਰਨ ਹੈ ਕਿ ਸਾਡੇ ਬੇਬੇ-ਬਾਪੂ ਅਕਸਰ ਹੀ ਐਨਕਾਂ ਜਾਂ ਹੋਰ ਕੋਈ ਚੀਜ਼ ਆਪ ਹੀ ਰੱਖ ਕੇ ਭੁੱਲ ਜਾਂਦੇ ਹਨ, ਪਰ ਆਪਣੇ ਬਚਪਨ ਅਤੇ ਜੁਆਨੀ ਵਾਲੇ ਦਿਨਾਂ ਦੀਆਂ ਗੱਲ-ਬਾਤਾਂ, ਕਿੱਸੇ- ਕਹਾਣੀਆਂ ਇੰਝ ਸੁਣਾਉਂਦੇ ਹਨ ਜਿਵੇਂ ਕੱਲ ਦੀਆਂ ਗੱਲਾਂ ਹੋਣ।



ਮੈਡੀਕਲ ਖੇਤਰ ਵਿੱਚ ਇਸ ਵਿਸ਼ੇ ਸਬੰਧੀ ਕਈ ਖੋਜ-ਪੱਤਰ ਲਿਖੇ ਜਾ ਚੁੱਕੇ ਹਨ, ਜਿਹਨਾਂ ਅਨੁਸਾਰ ਇਸ ਬਿਮਾਰੀ ਦਾ ਮੁੱਖ ਕਾਰਨ ਲੰਬੇ ਸਮੇਂ ਤੱਕ ਕਿਸੇ ਕਾਰਨ-ਵੱਸ ਚਿੰਤਾ ਦਾ ਬਣਿਆ ਰਹਿਣਾ, ਜ਼ਿੰਦਗੀ ਦੇ ਪਹਿਲੇ ਕੁਝ ਵਰਿਆਂ ਦੌਰਾਨ ਕਿਸੇ ਅਣਹੋਣੀ ਘਟਨਾ ਦਾ ਹੋਣਾ ਜਾਂ ਇੱਛਾਵਾਂ ਦਾ ਅਧੂਰਾ ਰਹਿਣਾ ਆਦਿ।

ਇਹਨਾਂ ਖੋਜ-ਪੱਤਰਾਂ ਤੋਂ ਇਹ ਵੀ ਸਾਹਮਣੇ ਆਉਂਦਾ ਹੈ ਕਿ ਇਸ ਬਿਮਾਰੀ ਦਾ ਸਹੀ ਇਲਾਜ ਇਸ ਦੀ ਸਹੀ ਸਮੇਂ ਕੀਤੀ ਗਈ ਪਹਿਚਾਣ ਹੀ ਹੈ। ਸਵਾਲ ਇਹ ਉਠਦਾ ਹੈ ਕਿ ਸਮਾਂ ਰਹਿੰਦਿਆਂ ਪਛਾਣ ਕਰਨੀ ਕਿਵੇਂ ਹੈ ? ਉਹ ਕਿਹੜੀਆਂ ਨਿਸ਼ਾਨੀਆਂ ਹਨ ਜਿਨਾਂ ਤੋਂ ਡਿਮੈਂਸ਼ੀਆ ਜਾਂ ਐਲਜਾਈਮਰ ਵਰਗੀ ਬਿਮਾਰੀ ਦੇ ਸੰਕੇਤ ਮਿਲਦੇ ਹਨ। ਰੋਜ ਵਰਤਣ ਵਾਲ਼ੀਆਂ ਚੀਜ਼ਾਂ, ਜਿਵੇਂ ਐਨਕ, ਘੜੀ, ਕਾਰ ਦੀ ਚਾਬੀ, ਟਾਈ ਆਦਿ ਨੂੰ ਰੱਖ ਕੇ ਭੁੱਲ ਜਾਣਾ, ਗੱਲ ਕਰਦਿਆਂ-ਕਰਦਿਆਂ ਰੁਕ ਜਾਣਾ ਅਤੇ ਬਹੁਤੀ ਵਾਰ ਸਹੀ ਸ਼ਬਦਾਂ ਦਾ ਯਾਦ ਨਾ ਆਉਣਾ, ਚੰਗੀ ਤਰਾਂ ਜਾਣੇ-ਪਹਿਚਾਣੇ ਰਾਹ ਭੁੱਲ ਜਾਣਾ, ਆਮ ਹੀ ਕੀਤੇ ਜਾਣ ਵਾਲੇ ਕੰਮ ਕਰਨ ਦਾ ਤਰੀਕਾ ਭੁੱਲ ਜਾਣਾ, ਇਸ ਤਰਾਂ ਦੀਆਂ ਛੋਟੀਆਂ ਛੋਟੀਆਂ ਭੁੱਲਾਂ ਜਦੋਂ ਕਦੇ-ਕਦਾਈਂ ਦੀ ਜਗਾਹ ਰੋਜ਼ਾਨਾ ਵਾਰ-ਵਾਰ ਵਾਪਰਨ ਲੱਗਣ ਤਾਂ ਡਿਮੈਂਸ਼ੀਆ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਜਿੰਨੀ ਜਲਦੀ ਹੋ ਸਕੇ ਬਿਮਾਰੀ ਦੇ ਲੱਛਣਾਂ ਦੀ ਪਛਾਣ ਕਰ, ਇਸ ਨੂੰ ਵੱਧਣ ਤੋਂ ਰੋਕਣ ਲਈ ਯੋਗ ਅਤੇ ਸਾਰਥਕ ਕਦਮ ਪੁੱਟਣੇ ਚਾਹੀਦੇ ਹਨ ਅਤੇ ਹੇਠ ਲਿਖੇ ਨੁਕਤਿਆਂ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

ਸਭ ਤੋਂ ਜ਼ਰੂਰੀ ਗੱਲ ਚੀਜ਼ਾਂ ਰੱਖ ਕੇ ਭੁੱਲ ਜਾਣ ਕਾਰਨ ਉਸ ਵਿਅਕਤੀ ਨਾਲ ਖਿਝਣਾ ਨਹੀਂ ਹੈ। ਕੋਸ਼ਿਸ਼ ਕਰੋ ਕਿ ਹਮੇਸ਼ਾ ਇਕ ਮੁਸਕਰਾਹਟ ਦੇ ਨਾਲ ਹੀ ਪੇਸ਼ ਆਉ।

ਘਰ ਦਾ ਮਾਹੌਲ ਇਸ ਤਰਾਂ ਦਾ ਹੋਣਾ ਚਾਹੀਦਾ ਹੈ, ਕੋਈ ਵੀ ਮੈਂਬਰ ਬਿਨਾਂ ਵਜਾ ਹੀ ਕੋਈ ਤਣਾਉ ਨਾ ਮਹਿਸੂਸ ਹੋਵੇ। ਜਿਸ ਵੀ ਮੈਂਬਰ ਨੂੰ ਇਸ ਤਰਾਂ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ, ਹਮੇਸ਼ਾ ਉਸ ਦੇ ਨਾਲ ਹੋਣ ਦਾ ਉਸ ਨੂੰ ਅਹਿਸਾਸ ਕਰਵਾਉਂਦੇ ਰਹਿਣਾ ਹੈ। **ਬਾਕੀ ਸਫ਼ਾ 30 ’ਤੇ**

# ਲੱਤਾਂ ਦੇ ਦਰਦ ਤੋਂ ਮੁਕਤੀ ਲਈ ਇਹ ਘਰੇਲੂ ਨੁਸਖ਼ੇ ਅਪਣਾਉ

ਲੱਤਾਂ ਸਾਡੇ ਸਰੀਰ ਦਾ ਮੁੱਖ ਅੰਗ ਹੁੰਦੀਆਂ ਹਨ ਪਰ ਇਨਾਂ ਲੱਤਾਂ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਜੇਕਰ ਪੈਰਾਂ ਵਿੱਚ ਦਰਦ ਜਾਂ ਕਮਜ਼ੋਰੀ ਦੀ ਸਮੱਸਿਆ ਆ ਜਾਂਦੀ ਹੈ ਤਾਂ ਇਨਸਾਨ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਸਪੇਸ਼ੀਆਂ ਵਿੱਚ ਮੋਚ, ਮਾਸਪੇਸ਼ੀਆਂ ਵਿੱਚ ਖਿਚਾਅ, ਪੋਸ਼ਣ ਦੀ ਕਮੀ, ਥਕਾਵਟ, ਲੰਬੇ ਸਮੇਂ ਤੱਕ ਖੜੇ ਰਹਿਣਾ, ਨਸਾਂ ਵਿੱਚ ਪਾਣੀ ਦੀ ਕਮੀ, ਹੱਡੀ ਟੁੱਟਣ ਦੀ ਵਜਾ ਨਾਲ ਪੈਰਾਂ ਅਤੇ ਲੱਤਾਂ ਵਿੱਚ ਦਰਦ ਹੋ ਸਕਦਾ ਹੈ ਪਰ ਇਸ ਕਮਜ਼ੋਰੀ ਅਤੇ ਦਰਦ ਨੂੰ ਦੂਰ ਕਰਨ ਲਈ ਅਸੀਂ ਕਈ ਘਰੇਲੂ ਨੁਸਖ਼ੇ ਅਪਣਾ ਸਕਦੇ ਹਾਂ। ਜਿਨਾਂ ਦਾ ਕੋਈ ਵੀ ਸਾਈਡ ਇਫੈਕਟ ਨਹੀਂ ਹੁੰਦਾ ਅਤੇ ਇਸ ਨਾਲ ਸਾਡੀਆਂ ਲੱਤਾਂ ਦਾ ਦਰਦ ਵੀ ਦੂਰ ਹੋ ਜਾਵੇਗਾ।

**ਵਿਟਾਮਿਨ ਡੀ ਭਰਪੂਰ ਚੀਜ਼ਾਂ ਲਓ**

ਜਿਨਾਂ ਲੋਕਾਂ ਦੇ ਸਰੀਰ ਵਿਚ ਵਿਟਾਮਿਨ ਡੀ ਦੀ ਕਮੀ ਹੁੰਦੀ ਹੈ । ਉਨਾਂ ਦੀਆਂ ਲੱਤਾਂ ਵਿੱਚ ਦਰਦ, ਕਮਰ ਵਿੱਚ ਦਰਦ , ਸਰੀਰ ਵਿੱਚ ਦਰਦ, ਜੋੜਾਂ ਵਿੱਚ ਦਰਦ ਜਿਹੇ ਲੱਛਣ ਦਿਖਣ ਲੱਗਦੇ ਹਨ।ਇਸ ਤੋਂ ਇਲਾਵਾ ਕੈਲਸ਼ੀਅਮ ,ਫਾਸਫੋਰਸ ਵੀ ਤੰਤਰਿਕਾ ਅਤੇ ਮਾਸਪੇਸ਼ੀਆਂ ਲਈ ਜ਼ਰੂਰੀ ਤੱਤ ਹਨ। ਇਸ ਲਈ ਜੇਕਰ ਤੁਹਾਡੀਆਂ ਵੀ ਲੱਤਾਂ ਵਿੱਚ ਦਰਦ ਵਿਟਾਮਿਨ ਡੀ ਦੀ ਕਮੀ ਦੇ ਕਾਰਨ ਹੁੰਦਾ ਹੈ ਤਾਂ ਦਸ ਮਿੰਟ ਧੁੱਪ ਵਿੱਚ ਜ਼ਰੂਰ ਬੈਠੋ ਅਤੇ ਇਸ ਤੋਂ ਇਲਾਵਾ ਆਪਣੇ ਆਹਾਰ ਵਿਚ ਖੱਟੇ ਫਲ ਵੱਧ ਤੋਂ ਵੱਧ ਸ਼ਾਮਲ ਕਰੋ।

**ਪੋਟਾਸ਼ੀਅਮ ਨਾਲ ਭਰਪੂਰ ਖੁਰਾਕ**

ਸਰੀਰ ਵਿਚ ਖ਼ੂਨ ਦੀ ਕਮੀ ਹੋ ਜਾਣ ਤੇ ਲੱਤਾਂ ਵਿੱਚ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ। ਪੋਟਾਸ਼ੀਅਮ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਪੋਸ਼ਕ ਤੱਤ ਹੈ। ਇਹ ਸਾਡੀਆਂ ਲੱਤਾਂ ਦੇ ਦਰਦ ਤੋਂ ਛੁਟਕਾਰਾ ਦਿਵਾਉਂਦਾ ਹੈ। ਇਸ ਲਈ ਜੇਕਰ ਤੁਹਾਡੇ ਸਰੀਰ ਵਿਚ ਖ਼ੂਨ ਦੀ ਕਮੀ ਦੇ ਕਾਰਨ ਲੱਤਾਂ ਵਿੱਚ ਦਰਦ ਹੁੰਦਾ ਹੈ ਤਾਂ ਆਪਣੇ ਆਹਾਰ ਵਿਚ ਕੇਲਾ, ਟਮਾਟਰ, ਸ਼ਕਰਕੰਦੀ, ਆਲੂ ਵੱਧ ਤੋਂ ਵੱਧ ਸ਼ਾਮਲ ਕਰੋ।

**ਪੈਦਲ ਚੱਲੋ**

ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਲਈ ਪੈਦਲ ਚੱਲਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਨਾਲ ਸਾਡੇ ਸਰੀਰ ਵਿੱਚ ਖ਼ੂਨ ਦਾ ਵਹਾਅ ਵਧਦਾ ਹੈ ਅਤੇ ਸਾਡੀ ਜੋੜ ਮਜ਼ਬੂਤ ਹੁੰਦੇ ਹਨ। ਇਸ ਲਈ ਆਪਣੀ ਰੁਟੀਨ ਵਿੱਚ ਕਸਰਤ, ਸਾਈਕਲਿੰਗ ਅਤੇ ਸੈਰ ਕਰੋ।

**ਪੌਸ਼ਟਿਕ ਆਹਾਰ ਲਓ**

ਜੇਕਰ ਤੁਹਾਡੀਆਂ ਲੱਤਾਂ ਕਮਜ਼ੋਰ ਹੋ ਗਈਆਂ ਹਨ ਅਤੇ ਤੁਸੀਂ ਇਸ ਕਮਜ਼ੋਰੀ ਨੂੰ ਦੂਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਆਹਾਰ ਵਿਚ ਪ੍ਰੋਟੀਨ, ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ ਵਾਲੀਆਂ ਚੀਜ਼ਾਂ ਸ਼ਾਮਲ ਕਰੋ। ਇਸ ਦੇ ਲਈ ਤੁਸੀਂ ਸੁੱਕੇ ਮੇਵੇ, ਆਲੂ, ਮੇਥੀ, ਸੌਂਗੀ, ਟਮਾਟਰ ਲੈ ਸਕਦੇ ਹੋ ਅਤੇ ਪ੍ਰੋਟੀਨ ਲਈ ਆਂਡਾ, ਦਹੀ ਲਓ। ਮੈਗਨੀਸ਼ੀਅਮ ਦੀ ਕਮੀ ਨੂੰ ਪੂਰਾ ਕਰਨ ਲਈ ਕੱਦੂ ਦੇ ਬੀਜ, ਸੂਰਜਮੁਖੀ ਦੇ ਬੀਜ, ਪਾਲਕ, ਦਾਲ ਆਪਣੇ ਆਹਾਰ ਵਿਚ ਸ਼ਾਮਲ ਕਰੋ।

ਲੱਤਾਂ ਤੇ ਸੇਕ ਕਰੋ

ਜੇਕਰ ਤੁਹਾਨੂੰ ਬਹੁਤ ਜ਼ਿਆਦਾ ਕੰਮ ਕਰਨ ਤੋਂ ਬਾਅਦ ਲੱਤਾਂ ਵਿੱਚ ਦਰਦ ਹੋ ਰਿਹਾ ਹੈ ਤਾਂ ਇਸ ਲਈ ਠੰਢੇ ਜਾਂ ਫਿਰ ਗਰਮ ਪਾਣੀ ਦਾ ਸੇਕ ਕਰ ਸਕਦੇ ਹੋ। ਇਸ ਨਾਲ ਲੱਤਾਂ ਦਾ ਦਰਦ ਅਤੇ ਸੋਜ ਘੱਟ ਹੋ ਜਾਵੇਗੀ।

**ਮਸਾਜ ਕਰੋ**

ਮਸਾਜ ਕਰਨ ਨਾਲ ਮਾਸਪੇਸ਼ੀਆਂ ਵਿੱਚ ਹੋਣ ਵਾਲੀ ਸਮੱਸਿਆ ਤੋਂ ਰਾਹਤ ਮਿਲਦੀ ਹੈ। ਇਸ ਲਈ ਜੇਕਰ ਤੁਸੀਂ ਮਾਸ਼ਪੇਸ਼ੀਆਂ ਦੀ ਸਮੱਸਿਆ ਘੱਟ ਕਰਨਾ ਚਾਹੁੰਦੇ ਹੋ ਤਾਂ ਘੱਟ ਤੋਂ ਘੱਟ 10 ਮਿੰਟ ਆਪਣੀਆਂ ਲੱਤਾਂ ਦੀ ਮਸਾਜ ਕਰੋ। ਇਸ ਨਾਲ ਖ਼ੂਨ ਦੇ ਵਹਾਅ ਵਿੱਚ ਸੁਧਾਰ ਆਵੇਗਾ ਅਤੇ ਮਾਸਪੇਸ਼ੀਆਂ ਮਜ਼ਬੂਤ ਹੋ ਜਾਣਗੀਆਂ । ਮਸਾਜ ਦੇ ਲਈ ਨਾਰੀਅਲ ਦਾ ਤੇਲ, ਜੈਤੂਨ ਦਾ ਤੇਲ ਅਤੇ ਸਰੋਂ ਦਾ ਤੇਲ ਲਗਾ ਸਕਦੇ ਹੋ।

## ਭਾਰ ਘੱਟ ਕਰਨ ਲਈ 'ਪਾਣੀ' ਪੀਓ

ਪਾਣੀ ਨੂੰ ਸਮੇਂ ਸਿਰ ਅਤੇ ਸਹੀ ਢੰਗ ਨਾਲ ਪੀਣ ਨਾਲ ਭਾਰ ਘਟਾਉਣ ਵਿਚ ਬਹੁਤ ਮਦਦ ਮਿਲਦੀ ਹੈ। ਸਿਰਫ ਇਹ ਹੀ ਨਹੀਂ, ਸਗੋਂ ਪੀਣ ਵਾਲੇ ਪਾਣੀ ਦਾ ਸਹੀ ਨੁਸਖ਼ਾ ਵਾਰ-ਵਾਰ ਲੱਗਣ ਵਾਲੀ ਭੁੱਖ ਨੂੰ ਕੰਟਰੋਲ ਵਿੱਚ ਕਰਨ ਦਾ ਕੰਮ ਕਰਦਾ ਹੈ। ਹਰ ਰੋਜ਼ ਦਿਨ ਵਿੱਚ ਘੱਟੋ-ਘੱਟ 8 ਗਿਲਾਸ ਪਾਣੀ, ਯਾਨਿ 240 ਮਿਲੀਲੀਟਰ ਪਾਣੀ ਪੀਣਾ ਚਾਹੀਦਾ ਹੈ। ਬੱਚਿਆਂ 'ਤੇ ਕੀਤੇ ਗਏ ਸ਼ੋਧ ਵਿੱਚ ਪਾਇਆ ਗਿਆ ਹੈ ਕਿ ਠੰਡਾ ਪਾਣੀ ਪੀਣ ਨਾਲ ਕੈਲੋਰੀ ਬਰਨ ਕਰਨ 'ਚ 25 ਫੀਸਦੀ ਮਦਦ ਮਿਲਦੀ ਹੈ। ਨਾਲ ਹੀ ਹਰ 10 ਮਿੰਟ ਬਾਅਦ ਇਕ ਕੱਪ ਪਾਣੀ ਪੀਣਾ ਚਾਹੀਦਾ ਹੈ। ਇਸ ਨਾਲ ਸਰੀਰ ਵਿਚ ਐਨਰਜੀ ਬਣੀ ਰਹਿੰਦੀ ਹੈ, ਜਿਸ ਨਾਲ ਭਾਰ ਘਟਾਉਣ ਵਿੱਚ ਮਦਦ ਮਿਲਦੀ ਹੈ।

ਦਰਅਸਲ, ਪਾਣੀ ਪੀਣ ਨਾਲ ਸਰੀਰ ਦੇ ਸਾਰੇ ਅੰਗ ਸਹੀ ਤਰੀਕੇ ਨਾਲ ਕੰਮ ਕਰਨ ਲੱਗ ਜਾਂਦੇ ਹਨ, ਜਿਸ ਨਾਲ ਸਰੀਰ 'ਚ ਬਣਨ ਵਾਲੀ ਫੈਟ ਬਰਨ ਹੋਣ ਲੱਗ ਪੈਂਦੀ ਹੈ। ਜੇਕਰ ਤੁਸੀਂ ਵੀ ਭਾਰ ਘਟਾਉਣ ਦੇ ਬਾਰੇ ਸੋਚ ਰਹੇ ਹੋ ਤਾਂ ਹਰ 10 ਮਿੰਟ ਬਾਅਦ 1 ਕੱਪ ਪਾਣੀ ਪੀਓ। ਧਿਆਨ ਰੱਖੋ ਕਿ ਇਕ ਘੁੱਟ ਪਾਣੀ ਪੀਣ ਦੀ ਥਾਂ ਸਿਪ-ਸਿਪ ਕਰਕੇ ਪੀਓ, ਇਸ ਨਾਲ ਜ਼ਿਆਦਾ ਫ਼ਾਇਦਾ ਹੋਵੇਗਾ।

**ਰੋਜ਼ਾਨਾ ਕਿੰਨਾ ਪੀਣਾ ਚਾਹੀਦਾ ਹੈ ਪਾਣੀ ?**

ਰੋਜ਼ਾਨਾ 2 ਲੀਟਰ ਪਾਣੀ ਪੀਣਾ ਚਾਹੀਦਾ ਹੈ ਪਰ ਰਿਸਰਚ ਮੁਤਾਬਕ ਭਾਰ ਘਟਾਉਣ ਲਈ ਤੁਸੀਂ 4 ਦੇ ਕਰੀਬ ਲੀਟਰ ਪਾਣੀ ਪੀ ਸਕਦੇ ਹੋ। ਇਹ ਤੁਹਾਡੀ ਫਿਟਨੈੱਸ ਦੇ ਪੱਧਰ, ਸਰੀਰ ਦੇ ਆਕਾਰ, ਡਾਈਟ ਅਤੇ ਨੀਂਦ 'ਤੇ ਨਿਰਭਰ ਕਰਦਾ ਹੈ। ਇਸ ਦੇ ਇਲਾਵਾ ਜਿੰਨਾ ਤੁਹਾਡਾ ਭਾਰ ਹੋਵੇ, ਉਸ ਮੁਤਾਬਕ ਪਾਣੀ ਪੀਓ। ਇਸ ਦੇ ਨਾਲ ਹੀ ਇਸ ਗੱਲ ਦਾ ਧਿਆਨ ਰੱਖੋ ਕਿ ਜੂਸ, ਕੌਫੀ, ਚਾਹ ਅਤੇ ਫਲ ਖਾਣ ਨਾਲ ਸਰੀਰ ਵਿਚ ਪਾਣੀ ਦਾ ਵਾਧਾ ਹੁੰਦਾ ਹੈ, ਜਿਸ ਕਰਕੇ ਧਿਆਨ ਨਾਲ ਪਾਣੀ ਪੀਣਾ ਚਾਹੀਦਾ ਹੈ। ਇਸ ਦੇ ਲਈ ਤੁਸੀਂ ਐਕਸਪਰਟ ਦੀ ਰਾਏ ਵੀ ਸਕਦੇ ਹੋ।

ਪਿਆਸ ਨਹੀਂ, ਭੁੱਖ ਲੱਗਣ 'ਤੇ ਪੀਓ 1 ਕੱਪ ਪਾਣੀ

ਭੁੱਖ ਅਤੇ ਪਿਆਸ ਦੋਵੇਂ ਵੱਖੋ-ਵੱਖਰੀਆਂ ਚੀਜ਼ਾਂ ਹਨ। ਜ਼ਰੂਰੀ ਨਹੀਂ ਕਿ ਤੁਸੀਂ ਪਿਆਸ ਲੱਗਣ 'ਤੇ ਹੀ ਪਾਣੀ ਪੀਓ, ਸਗੋਂ ਜੇਕਰ ਤੁਹਾਨੂੰ ਭੁੱਖ ਲੱਗੀ ਹੈ ਤਾਂ ਤੁਹਾਨੂੰ 1 ਕੱਪ ਪਾਣੀ ਪੀਣਾ ਚਾਹੀਦਾ ਹੈ। ਅਜਿਹਾ ਕਰਨ



ਨਾਲ ਭੁੱਖ ਕੰਟਰੋਲ 'ਚ ਰਹਿੰਦੀ ਹੈ ਅਤੇ ਤੁਹਾਡੀ ਜ਼ਿਆਦਾ ਖਾਣ ਦੀ ਆਦਤ ਹੌਲੀ-ਹੌਲੀ ਘੱਟ ਹੋਣ ਲੱਗ ਪੈਂਦੀ ਹੈ। ਖੋਜ ਅਨੁਸਾਰ ਰੋਜ਼ਾਨਾ ਭੋਜਨ ਕਰਨ ਤੋਂ ਪਹਿਲਾਂ 1 ਕੱਪ ਪਾਣੀ ਪੀਣ ਨਾਲ 12 ਹਫਤਿਆਂ ਵਿੱਚ 2 ਕਿੱਲੋ ਭਾਰ ਘੱਟ ਕੀਤਾ ਜਾ ਸਕਦਾ ਹੈ।

ਭੁੱਖ ਦੀ ਲਾਲਸਾ ਲੱਗਣ 'ਤੇ ਵੀ ਅਪਣਾਓ ਇਹ ਢੰਗ

ਜੇਕਰ ਤੁਹਾਨੂੰ ਵਾਰ-ਵਾਰ ਭੁੱਖ ਲੱਗ ਰਹੀ ਹੈ ਤਾਂ ਤੁਸੀਂ ਪਾਣੀ ਪੀ ਸਕਦੇ ਹੋ। ਰੋਜ਼ਾਨਾ ਅਜਿਹਾ ਕਰਨ ਨਾਲ ਭੁੱਖ ਦੀ ਲਾਲਸਾ ਘੱਟ ਹੋ ਜਾਂਦੀ ਹੈ। ਪਾਣੀ ਪੀਣ ਨਾਲ ਤੁਹਾਡਾ ਮਨ ਭਰ ਜਾਂਦਾ ਹੈ ਅਤੇ ਭੁੱਖ ਨਹੀਂ ਲੱਗਦੀ।

**ਨਾਸ਼ਤਾ ਕਰਨ ਤੋਂ ਪਹਿਲਾਂ ਵੀ ਪੀਓ ਪਾਣੀ**

ਖੋਜ ਅਨੁਸਾਰ ਸਵੇਰ ਦੇ ਸਮੇਂ ਖਾਣਾ ਖਾਣ ਤੋਂ ਅਧਾ ਘੰਟਾ ਪਹਿਲਾਂ 1 ਕੱਪ ਪਾਣੀ ਪੀਣਾ ਚਾਹੀਦਾ ਹੈ। ਵਾਰ-ਵਾਰ ਖਾਣ ਦੀ ਥਾਂ ਲੋੜ ਤੋਂ ਵੱਧ ਪਾਣੀ ਪੀਓ, ਇਸ ਨਾਲ ਮੋਟਾਪਾ ਘੱਟ ਕਰਨ ਵਿੱਚ ਬਹੁਤ ਮਿਲਦੀ ਹੈ। ਅਜਿਹਾ ਕਰਨ ਨਾਲ 13 ਫੀਸਦੀ ਕੈਲੋਰੀ ਬਰਨ ਹੁੰਦੀ ਹੈ, ਜਿਸ ਨਾਲ ਭਾਰ ਸੌਖੇ ਢੰਗ ਨਾਲ ਘੱਟ ਜਾਂਦਾ ਹੈ।

## ਹਰ ਦਿਨ ਦੇ ਜੀਵਨ ਦਾ ਆਨੰਦ

ਇੰਜੀ ਪ੍ਰੇਮ ਸਿੰਘ ਕਲੇਰ
੯੬੪੬੧੧੩੨੫੧

ਆਮ ਤੌਰ 'ਤੇ ਅਸੀਂ ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਸਾਲਾਂ ਵਿਚ ਮਾਪਦੇ ਹਾਂ, ਕੁਝ ਲੋਕ ਇਸਨੂੰ ਨਵੇਂ ਬਣਾਏ ਦੋਸਤਾਂ ਦੀ ਗਿਣਤੀ ਨਾਲ, ਕੁਝ ਜਨਮ ਦਿਨਾਂ ਦੀ ਗਿਣਤੀ ਨਾਲ ਤੇ ਬਾਕੀ ਨਿਤਾਪ੍ਰਤੀ ਦੇ ਜੀਵਨ ਚੱਕਰ ਵਿਚ ਇੰਨਾ ਕੁ ਉਲਝੇ ਰਹਿੰਦੇ ਹਨ ਕਿ ਕਿਤੇ ਰੁਕ ਕੇ ਹਿਸਾਬ ਹੀ ਨਹੀਂ ਕੀਤਾ ਕਿ ਕੀ ਖੱਟਿਆ ਤੇ ਕੀ ਗਵਾਇਆ। ਕੀ ਸਹੀ ਰਸਤੇ ਤੇ ਜਾ ਰਹੇ ਹਾਂ ਜਾਂ ਰਸਤੇ ਬਦਲਣ ਦੀ ਲੋੜ ਹੈ ? ਅਜਿਹੇ ਪ੍ਰਸ਼ਨ ਕੇਵਲ ਜਜ਼ਬਾਤੀ ਲੋਕਾਂ ਦੇ ਜੇਹਨ ਵਿਚ ਹੀ ਪੈਦਾ ਹੁੰਦੇ ਹਨ।

ਕੁਦਰਤ ਨੇ 24 ਘੰਟੇ ਦਾ ਇੱਕ ਕੀਮਤੀ ਜੀਵਨ ਚੱਕਰ ਸਾਨੂੰ ਦਿੱਤਾ ਹੈ ਜਿਸ ਵਿੱਚ ਥੋੜੀ ਜਿਹੀ ਕੋਸ਼ਿਸ਼ ਕਰਕੇ ਅਸੀਂ ਇੰਨੇ ਕੁ ਸਮੇਂ ਵਿਚ ਜੀਵਨ ਦੇ ਇੱਕ ਸਾਲ ਜਿੰਨੀ ਜ਼ਿੰਦਗੀ ਜਿਊ ਸਕਦੇ ਹਾਂ।

ਪਹਿਲਾਂ ਧਾਰਮਿਕ ਗ੍ਰੰਥਾਂ ਵਿਚ ਦਰਜ ਸੀ ਕਿ ਸਵੇਰੇ ਤੜਕੇ (4-5) ਦੇ ਵਿਚਕਾਰ ਜਾਗਣ ਨਾਲ ਅਸੀਂ ਦਿਨ ਭਰ ਲਈ ਊਰਜਾ, ਆਪਣੀ ਆਤਮਾ ਵਿਚ ਭਰ ਸਕਦੇ ਹਾਂ। ਹੁਣ ਇਹ ਫ਼ਲਸਫ਼ਾ ਸਾਇੰਸ ਨੇ ਵੀ ਸਿੱਧ ਕਰ ਦਿੱਤਾ ਹੈ ਇਸ ਲਈ ਕੋਈ ਧਾਰਮਿਕ ਕਰਮ, ਮੈਡੀਟੇਸ਼ਨ, ਧਿਆਨ ਜਾਂ ਅਜਿਹਾ ਹੀ ਕੁਝ ਹੋਰ, ਇਸ ਨਾਲ ਅਸੀਂ ਸਾਰਾ ਦਿਨ ਆਉਣ ਵਾਲੇ ਉਤਰਾ ਚੜ੍ਹਾਵਾਂ ਨੂੰ ਸਹਿਣ ਦੇ ਕਾਬਲ ਬਣ ਜਾਵਾਂਗੇ। ਕਿਉਂਕਿ ਇਸ ਸਮੇਂ ਪੂਰਨ ਸ਼ਾਂਤੀ ਵਾਲਾ ਮਾਹੌਲ ਹੁੰਦਾ ਹੈ ਤੇ ਸਾਡੇ ਅੰਦਰੋਂ ਨਿਕਲੀ ਇੱਕ ਇੱਕ ਤਰੰਗ ਪ੍ਰਮਾਤਮਾ ਅਤੇ ਪਿਆਰਿਆਂ ਤੱਕ ਅਸਾਨੀ ਨਾਲ ਪਹੁੰਚ ਸਕਦੀ ਹੈ।

ਇਸ ਤੋਂ ਬਾਅਦ ਆਪਣਾ ਬਾਲ ਪਰਿਵਾਰ, ਦਿਨ ਭਰ ਦੀਆਂ ਯੋਜਨਾਵਾਂ ਤੇ ਚਾਹ ਦਾ ਕੱਪ। ਫਿਰ ਸ਼ੁਰੂ ਹੋ ਜਾਂਦਾ ਹੈ ਸਾਡਾ ਉਪਜੀਵਕਾ ਵਾਲਾ ਰੁਝੇਵਾਂ, ਵਪਾਰ, ਨੌਕਰੀ ਜਾਂ ਕੁਝ ਵੀ। ਸ਼ਾਮ ਨੂੰ ਫ਼ਿਰ ਤੋਂ ਘਰ ਆ ਕੇ ਪਰਿਵਾਰ ਵਿਚ ਬੈਠ ਆਪਣੀ ਮਰਜ਼ੀ ਦਾ ਖਾਣਾ ਪੀਣਾ, ਦਿਨ ਭਰ ਦੀ ਥਕਾਨ ਪਰਿਵਾਰ ਨਾਲ ਸਮਾਂ ਬਿਤਾ ਕੇ ਉਤਾਰਨੀ।

ਸੌਣ ਤੋਂ ਕੁਝ ਸਮਾਂ ਪਹਿਲਾਂ ਅੱਜ ਦੀਆਂ ਪ੍ਰਾਪਤੀਆਂ ਲਈ ਆਪਣੇ ਆਪ ਦਾ ਸ਼ੁਕਰੀਆ ਅਤੇ ਕੀਮਤੀ ਤਜਰਬੇ ਨੂੰ ਅਰਧ ਜਾਗ੍ਰਿਤ ਮਨ ਦੇ ਹਵਾਲੇ ਕਰ ਨਾਕਰਾਤਮਕ, ਅਸਫਲਤਾ ਵਾਲੇ ਸਭ ਖ਼ਿਆਲ ਕੂੜੇਦਾਨ ਵਿਚ, ਸਾਫ਼ ਮਨ ਨਾਲ ਸੌਂਦੇ ਸਮੇਂ ਉਸ ਮਾਲਿਕ ਅੱਗੇ ਇੱਕ ਹੋਰ ਨਵਾਂ ਦਿਨ ਚੜ੍ਹਾਉਣ ਲਈ ਅਰਦਾਸ ਤੇ ਅੱਜ ਦੇ ਬੀਤੇ ਦਿਨ ਦਾ ਸ਼ੁਕਰਾਨਾ ਕਰਕੇ ਸੌਂ ਜਾਣਾ। ਇਹ ਲਫ਼ਜ਼ ਲਿਖਣ ਮਾਤਰ ਹੀ ਨਹੀਂ,ਥੋੜੀ ਜਿਹੀ ਕੋਸ਼ਿਸ਼ ਕਰਕੇ ਇਸ 'ਹਰ ਦਿਨ ਦੇ ਜੀਵਨ ਦੇ ਅਨੰਦ' ਨੂੰ ਮਾਣ ਸਕਦੇ ਹਾਂ। ਖ਼ਿਆਲ ਇਹ ਰੱਖਣਾ ਹੈ ਕਿ ਰੋਜ਼, ਹਰੇਕ ਕੰਮ ਨੂੰ ਇੱਕ ਦੂਜੇ ਤੋਂ ਅਲੱਗ ਰੱਖਣਾ ਹੈ, ਰਲਗੱਡ ਨਹੀਂ ਕਰਨਾ, ਨਤੀਜੇ ਯਕੀਨਨ ਵਧੀਆ ਹੋਣਗੇ।




## ਬੱਚਿਆਂ 'ਚ ਖੇਡਣ ਨਾਲ ਘੱਟ ਹੋ ਸਕਦੈ ਡਿਪ੍ਰੈਸ਼ਨ ਦਾ ਖ਼ਤਰਾ, ਸਟੱਡੀ ਵਿਚ ਸਾਹਮਣੇ ਆਈ ਇਹ ਗੱਲ



**ਟੋਰਾਂਟੋ/ਏ.ਟੀ.ਨਿਊਜ਼ :** ਚੰਗੀ ਸਿਹਤ 'ਚ ਖੇਡਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਕ ਨਵੇਂ ਅਧਿਐਨ 'ਚ ਪਾਇਆ ਗਿਆ ਹੈ ਕਿ ਨਿਯਮਿਤ ਤੌਰ 'ਤੇ ਖੇਡਣ ਯਾਨੀ ਸਪੋਰਟਸ 'ਚ ਹਿੱਸਾ ਲੈਣ ਨਾਲ ਮਾਨਸਿਕ ਸਮੱਸਿਆਵਾਂ ਦੇ ਖ਼ਤਰੇ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਸਪੋਰਟਸ 'ਚ ਹਿੱਸਾ ਲੈਣ ਨਾਲ ਖ਼ਾਸ ਤੌਰ 'ਤੇ ਬੱਚਿਆਂ ਨੂੰ ਫ਼ਾਇਦਾ ਹੋ ਸਕਦਾ ਹੈ। ਅਧਿਐਨ ਮੁਤਾਬਕ, ਬਚਪਨ ਦੇ ਸ਼ੁਰੂਆਤੀ ਦੌਰ 'ਚ ਸਪੋਰਟਸ 'ਚ ਹਿੱਸਾ ਲੈਣ ਵਾਲੇ ਲੜ.ਕਿਆਂ ਨੂੰ ਜੀਵਨ 'ਚ ਅੱਗੇ ਚੱਲ ਕੇ ਡਿਪ੍ਰੈਸ਼ਨ ਤੇ ਐਂਗਜ਼ਾਇਟੀ ਜਿਹੀਆਂ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਅਧਿਐਨ ਦੇ ਨਤੀਜਿਆਂ ਨੂੰ ਜਰਨਲ ਆਫ ਡਿਵੈੱਲਪਮੈਂਟ ਐਂਡ ਬਿਹੇਵੀਅਰਲ ਪੀਡੀਐਟ੍ਰਿਕਸ 'ਚ ਪ੍ਰਕਾਸ਼ਿਤ ਕੀਤਾ ਗਿਆ ਹੈ। ਕੈਨੇਡਾ ਦੀ ਮਾਂਟਰੀਅਲ ਯੂਨੀਵਰਸਿਟੀ ਦੇ ਸ਼ੋਧਕਰਤਾਵਾਂ ਨੇ ਇਹ ਅਧਿਐਨ ਕੀਤਾ ਹੈ। ਅਧਿਐਨ ਮੁਤਾਬਕ, ਸਪੋਰਟਸ 'ਚ ਹਿੱਸਾ ਲੈਣ ਵਾਲੇ ਲੜਕਿਆਂ 'ਚ ਇਸ ਤਰਾਂ ਦੀਆਂ ਸਮੱਸਿਆਵਾਂ ਦਾ ਖ਼ਤਰਾ ਘੱਟ ਰਹਿੰਦਾ ਹੈ। ਅਜਿਹੇ ਬੱਚੇ ਅੱਲੜ ਪੁਣੇ 'ਚ ਸਰੀਰਕ ਤੌਰ 'ਤੇ ਜ਼ਿਆਦਾ ਸਰਗਰਮ ਵੀ ਰਹਿੰਦੇ ਹਨ। ਇਹ ਨਤੀਜਾ 690 ਲੜਕਿਆਂ ਤੇ 748 ਲੜਕੀਆਂ 'ਤੇ ਕੀਤੇ ਗਏ ਇਕ ਅਧਿਐਨ ਦੇ ਆਧਾਰ 'ਤੇ ਕੱਢਿਆ ਗਿਆ ਹੈ। ਪੰਜ ਤੋਂ 12 ਸਾਲ ਦੀ ਉਮਰ ਦੌਰਾਨ ਇਨਾਂ ਦੀਆਂ ਸਰਗਰਮੀਆਂ 'ਤੇ ਗ਼ੌਰ ਕੀਤਾ ਗਿਆ। ਅਧਿਐਨ ਦੀ ਪ੍ਰਮੁੱਖ ਸ਼ੋਧਕਰਤਾ ਮੈਰੀ ਜੋਸ ਹਾਰਬੇਕ ਨੇ ਕਿਹਾ, 'ਅਸੀਂ ਸਪੋਰਟਸ 'ਚ ਹਿੱਸਾ ਲੈਣ ਵਾਲੇ ਸਕੂਲੀ ਬੱਚਿਆਂ ਤੇ ਡਿਪ੍ਰੈਸ਼ਨ ਤੇ ਐਂਗਜ਼ਾਇਟੀ ਵਿਚਕਾਰ ਜੁੜਾਅ ਨੂੰ ਸਪੱਸ਼ਟ ਕਰਨਾ ਚਾਹੁੰਦੇ ਸੀ। ਅਸੀਂ ਇਹ ਵੀ ਦੇਖਣਾ ਚਾਹੁੰਦੇ ਸੀ ਕਿ ਕੀ ਪੰਜ ਤੋਂ 12 ਸਾਲ ਦੇ ਲੜਕਿਆਂ ਤੇ ਲੜਕੀਆਂ ਨਾਲ ਇਸ ਦਾ ਵੱਖ-ਵੱਖ ਸਬੰਧ ਹੈ ਜਾਂ ਨਹੀਂ ?' ਉਨਾਂ ਦੱਸਿਆ, 'ਖੇਡਾਂ 'ਚ ਹਿੱਸਾ ਨਾ ਲੈਣ ਵਾਲੇ ਪੰਜ ਸਾਲ ਦੀ ਉਮਰ ਦੇ ਲੜਕਿਆਂ ਨੂੰ ਛੇ ਤੋਂ 10 ਸਾਲ ਦੀ ਉਮਰ ਦੌਰਾਨ ਡਰ, ਨਾਖ਼ੁਸ਼ੀ ਤੇ ਥਕਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।'

# ਕੇਸ ਕਤਲ ਕਰਵਾਉਣ ਵਾਲੀ ਸੋਚ ਦਾ ਉਪਜਣਾ

**ਜੋਰਾਵਰ ਸਿੰਘ ਤਰਸਿੱਕਾ**

ਅੱਠ ਨੌਂ ਕੁ ਸਾਲ ਦਾ ਸੀ ਮੈਂ , ਪਤਾ ਲੱਗਾ ਤਾਏ ਦੇ ਪੁੱਤ ਅੰਮ੍ਰਿਤ ਛੱਕਣ ਚਲੇ ਨੇ ਲਾਗਲੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ। ਪੰਜਾਂ ਪਿਆਰਿਆਂ ਨੇ ਅੰਮ੍ਰਿਤ ਦੀ ਦਾਤ ਦੇਣੀ ਹੈ, ਗੁਰਦੁਵਾਰਾ ਸਾਹਿਬ ਵਲੋਂ ਕਕਾਰ ਵੀ ਮੁਫਤ ਵਿੱਚ ਦੇਣੇ ਹਨ। ਠੰਢ ਦੇ ਦਿਨ ਸਨ, ਘਰਦਿਆਂ ਨੂੰ ਆਖਿਆ ਮੈਂ ਵੀ ਅੰਮ੍ਰਿਤ ਛੱਕਣ ਜਾਣਾ, ਘਰਦੇ ਕਹਿੰਦੇ ਧੰਨਭਾਗ, ਜਾਹ ਪਰ ਦੇਖੀ ਅੰਮ੍ਰਿਤ ਤਾਂ ਛਕੀ ਜੇ ਬਾਅਦ ਵਿੱਚ ਭੰਗ ਨਹੀਂ ਕਰਨਾ। ਮੈਂ ਕਿਹਾ ਮੈਂ ਕਿਉਂ ਭੰਗ ਕਰੂੰ, ਚਾਅ ਹੀ ਬਹੁਤ ਸੀ ਅੰਮ੍ਰਿਤ ਛੱਕਣ ਦਾ, ਸਿਆਲ ਦੇ ਦਿਨਾਂ ਵਿੱਚ ਕੇਸੀ ਇਸ਼ਨਾਨ ਕੀਤਾ ਅਤੇ ਸਾਈਕਲ ਫੜਿਆ ਤਾਏ ਦੇ ਪੁੱਤਾਂ ਨਾਲ ਚਲਿਆ ਗਿਆ। ਉਥੇ ਜਾ ਕੇ ਕਕਾਰ ਮੁਫਤ ਮਿਲੇ, ਉਤੋਂ ਦੀ ਗਾਤਰਾ ਸਾਹਿਬ ਪਾਇਆ, ਪੰਜਾਂ ਪਿਆਰਿਆਂ ਆਖਿਆ ਜਿੰਨਾ ਚਿਰ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਜਿਹੜੇ ਖਲੋ ਸਕਦੇ ਹੋ ਖਲੋ ਕੇ ਵਾਹਿਗੁਰੂ ਦਾ ਸਿਮਰਨ ਕਰੋ। ਬਾਟਾ ਤਿਆਰ ਹੋਇਆ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਵਾਪਿਸ ਘਰ ਆਉਂਦਿਆਂ ਰਾਤ ਹੋ ਗਈ। ਜਦੋਂ ਘਰ ਆਇਆ ਮਾਂ ਪਿਉ ਜਾਗ ਰਹੇ ਸੀ। ਮੈਂ ਅੰਦਰ ਦਾ ਦਰਵਾਜਾ ਖੋਲਿਆ, ਮਾਂ-ਪਿਉ ਕੱਠਿਆ ਨੇ ਮੈਨੂੰ ਫਤਹਿ ਬੁਲਾਈ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ।।

ਮੈਂ ਵੀ ਅੱਗੋਂ ਉਸੇ ਹੀ ਜੋਸ਼ ਨਾਲ ਫਤਹਿ ਬੁਲਾਈ। ਮੇਰੀ ਖੁਸ਼ੀ ਦਾ ਕੋਈ ਹਿਸਾਬ ਨਹੀਂ ਸੀ, ਉਸ ਸਮੇਂ ਹਰ ਵੇਲੇ ਕਿਰਪਾਨ ਉਪਰ ਦੀ ਹੀ ਪਾ ਕੇ ਰੱਖਣੀ। ਹੌਲੀ ਹੌਲੀ ਜਵਾਨ ਹੁੰਦਾ ਗਿਆ, ਕਲਾਸਾਂ ਵੱਡੀਆਂ ਹੁੰਦੀਆਂ ਗਈਆਂ, ਕੁੜੀਆਂ ਮੁੰਡੇ ਕੱਠੇ ਬਹਿਣ ਲਗ ਪਏ। ਉਸ ਵੇਲੇ ਗੁਰੂ ਗੋਬਿੰਦ ਸਿੰਘ ਵਲੋਂ ਪਹਿਲੀ ਪਰਖ ਸ਼ੁਰੂ ਹੋਈ, ਦੇਖਾਂ ਮੇਰਾ ਹੁਣ ਵੀ ਹੈਗਾ ਕਿ ਪਿਆਰ ਘਟ ਗਿਆ। ਪਰ ਉਸ ਵੇਲੇ ਮੈਂ ਵੇਖਿਆ ਗੁਰੂ ਵਲੋਂ ਪਿਆਰ ਘਟ ਗਿਆ ਤੇ ਕੁੜੀਆਂ ਨੂੰ ਕਿਵੇਂ ਸੋਹਣਾ ਲੱਗਣਾ, ਉਧਰ ਧਿਆਨ ਵੱਧ ਗਿਆ। ਜਿਹੜਾ ਗਾਤਰਾ ਉਪਰ ਦੀ ਪਾਉਂਦਾ ਹੁੰਦਾ ਸੀ। ਇਹ ਕੱਪੜਿਆਂ ਦੇ ਥਲੇ ਚਲਾ ਗਿਆ, ਛੋਟੀ ਡੋਰੀ ਦਾ ਰੂਪ ਧਾਰ ਕੇ ਅਤੇ ਫੇਰ ਜਦੋਂ ਸਕੂਲ ਆਉਣਾ ਛੋਟੀ ਡੋਰੀ ਵਾਲੀ ਕਿਰਪਾਨ ਵੀ ਪੈਟ ਵਿੱਚ ਦੇ ਕੇ ਆਉਣੀ। ਕਿਤੇ ਕੁੜੀਆਂ ਨੂੰ ਪਤਾ ਨਾ ਲਗ ਜਾਵੇ ਇਸ ਨੇ ਅੰਮ੍ਰਿਤ ਛੱਕਿਆ ਹੈ, ਦਿਮਾਗ ਵਿੱਚ ਇਹੋ ਘੁੰਮਣਾ ਕੁੜੀਆਂ ਨੂੰ ਕਟਿੰਗ ਵਾਲੇ ਹੀ ਮੁੰਡੇ ਚੰਗੇ ਲਗਦੇ ਹਨ। ਨਾਲ ਦੇ ਦੋਸਤਾਂ ਨੇ ਮੈਨੂੰ ਬਾਬਾ ਕਹਿ ਦੇਣਾ ਅੱਗ ਲੱਗ ਜਾਣੀ, ਕਹਿਣਾ ਮੇਰਾ ਨਾਮ ਲਿਆ ਕਰੋ ਬਾਬਾ ਕੀ ਹੁੰਦਾ। ਬਾਬੇ ਤੇ ਹੋਏ ਸਾਡੇ ਵੱਡੇ, ਸਾਡੇ ਸਾਹਿਬਜ਼ਾਦੇ ਬਾਬਾ ਬਿਧੀ ਚੰਦ, ਬਾਬਾ ਦੀਪ ਸਿੰਘ ਜੀ ਵਰਗੇ, ਸ਼ਾਇਦ ਨਾਲ ਦੇ ਦੋਸਤ ਇਹ ਸੁਣ ਕੇ ਬਾਬਾ ਕਹਿਣੋ ਹਟ ਜਾਣ। ਹੁਣ ਹਰ ਵੇਲੇ ਧਿਆਨ ਇਸੇ ਹੀ ਕੰਮ ਵਿੱਚ ਰਹਿਣਾ ਕੁੜੀਆਂ ਨੂੰ ਸੋਹਣਾ ਕਿਵੇਂ ਬਣ ਕੇ ਦਿਖਾਵਾਂ। ਦਾੜੀ-ਮੁੱਛ ਵੀ ਆ ਗਈ। ਦਾੜੀ-ਮੁੱਛ ਤੇ ਕੁੜੀਆਂ ਨੂੰ ਸੋਹਣੀ ਨਹੀਂ ਲਗਣੀ, ਕੀ ਕਰਾਂ ਬਾਪੂ ਮਾਤਾ ਵੀ ਅੰਮ੍ਰਿਤਧਾਰੀ ਸਨ, ਜੇ ਕੋਈ ਪੁੱਠਾ ਕੰਮ ਕੀਤਾ ਕੁੱਟ ਵੀ ਬਹੁਤ ਪੈਣੀ ਕੀ ਕਰਾਂ। (ਨੋਟ - ਜਿਹੜੇ ਅੱਜ ਵੀ ਸਿੱਖਾਂ ਦੇ ਪੁੱਤ ਦਾੜੀ-ਮੁੱਛ ਤੇ ਸਿਰ ਦੇ ਵਾਲ ਕਟਵਾਈ ਫਿਰਦੇ ਹਨ ਹੋਰ ਕੋਈ ਇਨਾਂ ਨੂੰ ਤਕਲੀਫ ਨਹੀਂ ਬਸ ਔਰਤਾਂ ਨੂੰ ਕਿਵੇਂ ਸੋਹਣਾ ਲਗਣਾ, ਅਸੀਂ ਵੱਡੀ ਉਮਰ ਦੇ ਨਾ ਲੱਗੀਏ, ਬਸ ਇਹੋ ਹੀ ਕਾਰਨ ਹੈ ਹੋਰ ਕੋਈ ਕਾਰਨ ਨਹੀਂ ਕੇਸ ਕਤਲ ਕਰਵਾਉਣ ਦਾ) ਚਲੋ, ਖੈਰ ਹੌਲੀ ਹੌਲੀ ਮੰਮੀ ਨੂੰ ਕਹਿਣ ਲਗ ਪਿਆ, ਮੰਮੀ ਮਾਸੀ ਦੇ ਮੁੰਡੇ ਨੇ ਵੇਖ ਦਾੜੀ-ਮੁੱਛ ਕਟਵਾਈ ਕਿੰਨੀ ਹੌਲੀ ਜਿਹੀ ਉਮਰ ਦਾ ਲਗਦਾ, ਮੈਂ ਤੇ ਗਿਆਨੀ ਜਿਹਾ ਬਣਦਾ ਜਾਂਦਾ। ਅੱਗੋਂ ਮਾਂ ਨੇ ਕਹਿਣਾ ਮੈਨੂੰ ਨੀਂ ਪਤਾ ਆਪਣੇ ਪਿਉ ਨੂੰ ਕਹਿ ਜਾ ਕੇ, ਹੁਣ ਕੌਣ ਜਾ ਕੇ ਬੱਬਰ ਸ਼ੇਰ ਦੇ ਅੱਗੇ ਮੌਤ ਨੂੰ ਮਾਸੀ ਆਖੇ, ਹਾਰ ਕੇ ਫੇਰ ਬੈਠ ਜਾਣਾ। ਜਦੋਂ ਸਕੂਲ ਜਾਣਾ ਕਟਿੰਗ ਵਾਲੇ ਮੁੰਡਿਆਂ ਨੇ ਕੁਝ ਕੁ ਕੁੜੀਆਂ ਦੇ ਨਾਲ ਗੱਲਾਂ ਕਰਦੇ ਹੋਣਾ, ਜਦੋਂ ਮੈਂ ਜਾਣਾ ਕੁੜੀਆਂ ਕਹਿਣਾ ਲਉ ਵੀਰ ਜੀ ਵੀ ਆ ਗਏ। ਇੰਨਾ ਗੁੱਸਾ ਆਉਣਾ ਇਟ ਫੜ ਕੇ ਇਨਾਂ ਦਾ ਸਿਰ ਪਾੜ ਦੇਵਾਂ। ਇਕ ਦਿਨ ਮਨ ਬਣਾ ਲਿਆ ਹੁਣ ਦੇਖੀ ਜਾਊ ਜੋ ਹੋਊ ਪਹਿਲਾਂ ਮੈਂ ਦਾੜੀ-ਮੁੱਛਾਂ ਕਟਵਾ ਹੀ ਦੇਣੀਆਂ, ਫੇਰ ਬਾਅਦ ਵਿੱਚ ਸਿਰ ਦੇ ਕੇਸਾਂ ਦੀ ਵੀ ਦੇਖੀ ਜਾਊ। ਐਤਵਾਰ ਸਵੇਰੇ ਉਠ ਕੇ ਜਦੋਂ ਨਹਾ ਕੇ ਆਇਆ ਤਾਂ ਡੈਡੀ ਜੀ ਗਿਆਨੀ ਸੰਤ ਸਿੰਘ ਮਸਕੀਨ ਦੀ ਕਥਾ ਲਾ ਕੇ ਬੈਠੇ ਸਨ। ਮੈਂ ਵੀ ਅੰਦਰ ਚਲਿਆ ਗਿਆ, ਕਥਾ ਸੁਣ ਕੇ ਮੈਨੂੰ ਏਦਾਂ ਲੱਗਾ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗਿਆਨੀ ਮਸਕੀਨ ਜੀ ਹੋਣਾ ਪਾਸੋਂ ਮੈਨੂੰ ਸਮਝਾਉਣ ਲਈ ਇਹ ਕਥਾ ਕਰਵਾ ਰਹੇ ਹੋਣ। ਗਿਆਨੀ ਜੀ ਕਹਿ ਰਹੇ ਸਨ ਨਰ ਨੂੰ ਮਾਦਾ ਨਾਲੋਂ ਰੱਬ ਨੇ ਜਿਆਦਾ ਸੁੰਦਰ ਬਣਾਇਆ ਹੈ, ਚਾਹੇ ਉਹ ਜਾਨਵਰ ਹੋਵੇ ਚਾਹੇ, ਉਹ ਪੰਛੀ ਹੋਵੇ ਜਾਂ ਮਨੁੱਖ ਹੋਵੇ। ਇਨਾਂ ਵਿੱਚ ਸਭ ਤੋਂ ਖੂਬਸੂਰਤ ਨਰ ਹੀ ਹੁੰਦਾ। ਕਿਉਂਕਿ ਇਨਾਂ ਦੀ ਖੂਬਸੂਰਤੀ ਸਿਰਫ ਵਾਲਾਂ ਕਰਕੇ ਹੀ ਹੈ। ਮੋਰ ਮੋਰਨੀ ਨਾਲੋਂ ਖੂਬਸੂਰਤ ਹੈ, ਸ਼ੇਰ ਸ਼ੇਰਨੀ ਨਾਲੋਂ ਸੋਹਣਾ ਹੈ, ਚਿੜਾ ਚਿੜੀ ਨਾਲੋਂ ਸੋਹਣਾ ਹੈ, ਮੁਰਗਾ ਮੁਰਗੀ ਨਾਲੋਂ ਸੋਹਣਾ ਹੈ, ਇਹ ਸਿਰਫ ਵਾਲਾਂ ਕਰਕੇ ਹੀ ਸੋਹਣੇ ਹਨ। ਕਦੇ ਮੁਰਗੇ ਨੇ ਨਾਈ ਦੇ ਕੋਲ ਜਾ ਕੇ ਨਹੀਂ ਆਖਿਆ ਮੇਰੀ ਪੂਛ ਦੇ ਵਾਲ ਕਟ ਕੇ ਮੈਨੂੰ ਮੁਰਗੀ ਵਰਗਾ ਬਣਾ ਦੇ, ਕਦੇ ਮੋਰ ਨੇ ਨਾਈ ਨੂੰ ਜਾ ਕੇ ਨਹੀਂ ਆਖਿਆ ਮੇਰੇ ਵਾਲ ਕਟ ਕੇ ਮੈਨੂੰ ਮੋਰਨੀ ਵਰਗਾ ਬਣਾ ਦੇ, ਕਦੇ ਸ਼ੇਰ ਨੇ ਨਾਈ ਨੂੰ ਜਾ ਕੇ ਨਹੀਂ ਆਖਿਆ ਮੇਰੇ ਵਾਲ ਕਟ ਕੇ ਮੈਨੂੰ ਸ਼ੇਰਨੀ ਵਰਗਾ ਬਣਾ ਦੇ। ਪਰ ਇਕ ਆਦਮੀ ਇਹੋ ਜਿਹਾ ਹੈ ਜੋ ਨਾਈ ਨੂੰ ਜਾ ਕੇ ਕਹਿੰਦਾ ਮੇਰੀ ਦਾੜੀ-ਮੁੱਛ ਕੱਟ ਕੇ ਮੈਨੂੰ ਔਰਤ ਵਰਗਾ ਬਣਾ ਦੇ। ਆਦਮੀ ਹਮੇਸ਼ਾ ਔਰਤ ਨਾਲੋਂ ਜਿਆਦਾ ਖੂਬਸੂਰਤ ਲਗਦਾ, ਸਿਰਫ ਕੇਸਾਂ ਕਰਕੇ। ਜਦੋਂ ਸਵੇਰੇ ਆਦਮੀ ਨਹਾ ਕੇ ਦਾੜੀ-ਮੁੱਛ ਨੂੰ ਤੇਲ ਲਾ ਕੇ ਬਾਹਰ ਆਵੇ ਤੇ ਦੂਸਰੇ ਪਾਸੇ ਔਰਤ ਨਹਾ ਕੇ ਬਾਹਰ ਨਿਕਲੇ





ਦੇਖਿਉ ਔਰਤ ਨਾਲੋਂ ਆਦਮੀ ਜਿਆਦਾ ਸੋਹਣਾ ਲਗਦਾ ਹੈ। ਔਰਤ ਤੇ ਕਈ ਤਰਾਂ ਦੇ ਹਾਰ ਸੰਗਾਰ ਲਗਾ ਕੇ ਸੋਹਣੀ ਬਣਦੀ ਹੈ ਪਰ ਰੱਬ ਨੇ ਮਰਦ ਨੂੰ ਉਸ ਦੀ ਦਾੜੀ-ਮੁੱਛ ਦੇ ਕੇ ਸਭ ਤੋਂ ਸੋਹਣਾ ਬਣਾ ਦਿੱਤਾ ਹੈ। ਕਦੇ ਵੱਡੀ ਉਮਰ ਦੇ ਘੋਂਦੇ ਬੰਦੇ ਨੂੰ ਤੇ ਦਾੜੀ-ਮੁੱਛ ਵਾਲੇ ਬੰਦੇ ਵੱਲ ਦੇਖਿਉ ਆਪ ਹੀ ਪਤਾ ਲਗ ਜਾਵੇਗਾ ਕੌਣ ਜਿਆਦਾ ਖੂਬਸੂਰਤ ਹੈ, ਕਿਸੇ ਨੂੰ ਪੁਛਣ ਦੀ ਵੀ ਲੋੜ ਨਹੀਂ। ਗਿਆਨੀ ਸੰਤ ਸਿੰਘ ਮਸਕੀਨ ਹੋਣਾ ਦੀ ਕਥਾ ਸੁਣ ਕੇ ਤੇ ਪਿਉ ਦੇ ਡਰ ਦਾ ਕਰਕੇ ਮੈਂ ਆਪਣੀ ਦਾੜੀ-ਮੁੱਛ ਕਟਵਾਉਣ ਵਾਲਾ ਫੈਸਲਾ ਅੱਗੇ ਪਾ ਦਿੱਤਾ। ਜਦੋਂ ਮੈਂ ਅਗਲੇ ਦਿਨ ਸਕੂਲ ਗਿਆ ਤਾਂ ਪਤਾ ਲਗਾ ਕਿ ਗੋਪੀ ਮੁੰਡਾ ਜਿਹੜਾ ਸਾਡੇ ਨਾਲ ਪੜਦਾ ਸੀ ਉਸ ਦੀ ਕਿਸੇ ਕੁੜੀ ਨਾਲ ਗੱਲਬਾਤ ਸੀ ਉਸ ਨੂੰ ਕੁੜੀ ਨੇ ਜਵਾਬ ਦੇ ਦਿੱਤਾ। ਪਹਿਲਾਂ ਤੇ ਗੋਪੀ ਨੇ ਕੋਈ ਨਸ਼ਾ ਕੀਤਾ ਫੇਰ ਰੇਲ ਗੱਡੀ ਥੱਲੇ ਆਣ ਕੇ ਆਪਣੀ ਜਾਨ ਦੇ ਦਿੱਤੀ। ਉਸ ਦੇ ਮਾਂ ਪਿਉ ਦਾ ਰੋ ਰੋ ਕੇ ਬੁਰਾ ਹਾਲ ਹੋਇਆ ਪਇਆ ਕਿਉਂਕਿ ਉਨਾਂ ਦੇ ਘਰ ਦਾ ਕੱਲਾ ਕੱਲਾ ਚਿਰਾਗ ਸੀ। ਬਹੁਤ ਸੁਣ ਕੇ ਦਿਲ ਦੁਖੀ ਹੋਇਆ, ਇਕ ਤਾਂ ਇਕੋ ਕਲਾਸ ਵਿੱਚ ਪੜਦੇ ਸੀ, ਉਸ ਦੇ ਘਰ ਵੀ ਗਿਆ ਸੀ ਮੈਂ, ਉਸ ਦੇ ਮਾਂ ਪਿਉ ਮੈਨੂੰ ਵੀ ਗੋਪੀ ਵਾਗੂ ਹੀ ਪਿਆਰ ਕਰਦੇ ਸਨ। ਮਨ ਬਹੁਤ ਉਦਾਸ ਹੋਇਆ, ਕੁਝ ਦਿਨ ਏਦਾਂ ਹੀ ਲੰਘਦੇ ਗਏ, ਜਦੋਂ ਕਦੇ ਦਾੜੀ-ਮੁੱਛ ਕੱਟਿਆਂ ਵਲ ਦੇਖਣਾ ਜੋ ਮੇਰੇ ਨਾਲ ਪੜਦੇ ਸਨ, ਫੇਰ ਮੈਂ ਆਪਣੇ ਵਲ ਦੇਖਣਾ, ਮੈਂ ਉਨਾਂ ਨਾਲੋਂ ਵੱਡਾ ਤੇ ਸਿਆਣਾ ਜਿਹਾ ਲਗਦਾ, ਕੁੜੀਆ ਵੀ ਵੀਰ ਕਹਿ ਕੇ ਬੁਲਾਉਂਦੀਆਂ, ਦਿਲ ਉਦਾਸ ਜਿਹਾ ਹੋ ਜਾਣਾ। ਜਦੋਂ ਫੇਰ ਕਿਸੇ ਕਥਾਵਾਚਕ ਕੋਲੋਂ ਸਾਹਿਬਜਾਦਿਆਂ ਜਾਂ ਸ਼ਹੀਦਾਂ ਦੀ ਕਥਾ ਸਰਵਨ ਕਰਨੀ, ਦਿਲ ਫੇਰ ਖੁਸ਼ ਹੋ ਜਾਣਾ, ਮੈਂ ਗੁਰੂ ਦਾ ਸਿੱਖ ਤੇ ਹੈਗਾ ਹਾਂ। (ਨੋਟ- ਜਰੂਰ ਆਪਣੇ ਬੱਚਿਆਂ ਨੂੰ ਆਪਣੇ ਵੱਡਿਆਂ ਦੀਆਂ ਸ਼ਹੀਦੀਆਂ ਦੀਆਂ ਗੱਲਾਂ ਸੁਣਾਇਆ ਕਰੋ, ਬਹੁਤ ਜ਼ਿਆਦਾ ਫਰਕ ਪੈਂਦਾ ਸਿੱਖੀ ਵਲ ਵਧਣ ਲਈ)। ਚਲੋ, ਖੈਰ ਟਾਇਮ ਲੰਘ ਗਿਆ, ਸਕੂਲ ਦੀ ਪੜਾਈ ਖਤਮ ਹੋਈ, ਆਪਣੇ ਆਪਣੇ ਕੰਮਾਂ-ਕਾਰਾਂ 'ਤੇ ਲਗ ਗਏ, ਵਿਆਹ ਹੋ ਗਏ, ਬੱਚੇ ਹੋ ਗਏ। ਹੁਣ ਜਦੋਂ ਕਦੇ ਕੋਈ ਕਲਾਸ ਫੈਲੋ ਮਿਲਦਾ ਉਸ ਨੂੰ ਪੁੱਛਦਾ ਯਾਰ ਉਹ ਕਟਿੰਗ ਵਾਲੇ ਫਲਾਣੇ ਮੁੰਡੇ ਜੋ ਬਹੁਤ ਟੌਹਰ ਕੱਢ ਕੇ ਆਉਂਦੇ ਸੀ ਉਨਾਂ ਦਾ ਕਿਦਾਂ। ਉਨਾਂ ਬਾਰੇ ਪਤਾ ਲਗਾ ਦਸਦੇ ਕਿ ਹੌਲੀ ਹੌਲੀ ਉਹ ਨਸ਼ਿਆਂ ਦੇ ਚੱਕਰਾਂ ਵਿੱਚ ਪੈ ਗਏ, ਕੰਮਕਾਰ ਤੇ ਕੋਈ ਕੀਤਾ ਨਹੀਂ, ਕੁਝ ਤਾਂ ਨਸ਼ੇ ਖਾ ਕੇ ਮਰ ਗਏ, ਕਈਆਂ ਨੇ ਆਪਣੀ ਜਾਇਦਾਦ ਵੇਚ ਵਟ ਕੇ ਨਸ਼ਿਆਂ ਦੇ ਲੇਖੇ ਲਾ ਦਿੱਤੀ ਤੇ ਆਪ ਹੁਣ ਦਿਹਾੜੀਆਂ ਕਰਦੇ ਫਿਰਦੇ ਹਨ। ਹੁਣ ਛੋਟੇ ਹੁੰਦਿਆਂ ਅੰਮ੍ਰਿਤ ਛੱਕਣ ਤੇ ਮਾਣ ਮਹਿਸੂਸ ਹੋਇਆ ਤੇ ਦਿਲ ਵਿੱਚ ਇਹ ਆਇਆ, ਹੇ, ਗੁਰੂ ਗੋਬਿੰਦ ਸਿੰਘ ਜੀ ਜੇ ਤੁਸੀਂ ਭਾਈ ਜੋਗਾ ਸਿੰਘ ਨੂੰ ਪੁੱਛਿਆ ਸੀ ਜੋਗਾ ਸਿੰਘ ਤੂੰ ਕਿਸ ਜੋਗਾ ਤਾਂ ਜੋਗਾ ਸਿੰਘ ਨੇ ਬਚਪਨ ਵਿੱਚ ਭੋਲੇ ਭਾਅ ਕਹਿ ਦਿੱਤਾ ਸੀ ਗੁਰੂ ਜੋਗਾ ਤੇ ਅੱਗੋਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਹਿ ਦਿੱਤਾ ਸੀ ਫੇਰ ਗੁਰੂ ਵੀ ਤੇਰੇ ਜੋਗਾ। ਇਹ ਗੱਲ ਵਾਰ ਵਾਰ ਦਿਮਾਗ ਵਿੱਚ ਆ ਰਹੀ ਸੀ, ਜੇ ਮੈਂ ਅੰਮ੍ਰਿਤ ਛੱਕ ਕੇ ਛੋਟੇ ਹੁੰਦਿਆਂ ਗੁਰੂ ਦਾ ਬਣ ਗਿਆ ਸੀ ਤੇ ਗੁਰੂ ਵੀ ਮੇਰੇ ਜੋਗਾ ਹੀ ਹੋ ਗਿਆ ਸੀ, ਕਿੰਨੇ ਜਿੰਦਗੀ ਦੇ ਉਤਰਾਅ ਚੜਾਅ ਆਏ ਪਰ ਉਸ ਗੁਰੂ ਨੇ ਮੇਰੀ ਬਾਂਹ ਨਹੀਂ ਛੱਡੀ। ਜੇ ਮੈਂ ਛੋਟੇ ਹੁੰਦਿਆਂ ਅੰਮ੍ਰਿਤ ਨਾ ਛਕਦਾ, ਗੁਰੂ ਵਾਲਾ ਨਾ ਬਣਦਾ ਤੇ ਸ਼ਾਇਦ ਗੁਰੂ ਵੀ ਮੇਰਾ ਨਾ ਬਣਦਾ। ਸੰਸਾਰ ਨੂੰ ਸੋਹਣੇ ਲੱਗਣ ਦੇ ਚੱਕਰ ਵਿੱਚ ਦਾੜੀ-ਮੁੱਛ ਸਿਰ ਦੇ ਕੇਸ ਕਟਵਾ ਕੇ ਨਿਰੰਕਾਰ ਨੂੰ ਛੱਡ ਦੇਂਦਾ, ਤੇ ਹੋ ਸਕਦਾ ਸੀ ਮੈਂ ਵੀ ਮਾੜੀ ਸੰਗਤ ਵਿੱਚ ਬੈਠ ਕੇ ਨਸ਼ਿਆਂ ਦੇ ਵਹਿਣ ਵਿੱਚ ਵਹਿ ਜਾਂਦਾ। ਪਤਾ ਨਹੀਂ ਹੁਣ ਤੱਕ ਰਹਿਣਾ ਵੀ ਸੀ ਕਿ ਨਹੀਂ। ਜਿਹੜੀਆਂ ਕੁੜੀਆਂ ਵੀਰ ਕਹਿ ਕੇ ਬੁਲਾਉਂਦੀਆਂ ਸਨ ਅੱਜ ਉਹ ਵੀ ਚੇਤੇ ਆਉਂਦੀਆਂ ਸਨ ਕਿ ਜੋ ਮੈਨੂੰ ਬੁਰੀਆਂ ਲਗਦੀਆਂ ਸਨ, ਅੱਜ ਆਪਣੀਆਂ ਭੈਣਾਂ ਵਾਂਗ ਪਿਆਰੀਆਂ ਲਗਦੀਆਂ। ਕਿਉਂਕਿ ਉਹ ਮੈਨੂੰ ਵੀਰ ਕਹਿ ਬੇਇਜ਼ਤੀ ਨਹੀਂ ਕਰਦੀਆਂ ਸਨ, ਉਹ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿੱਖੀ ਨੂੰ ਇੱਜ਼ਤ ਦੇਂਦੀਆਂ ਸਨ। ਉਨਾਂ ਦੇ ਦਿਮਾਗ ਵਿੱਚ ਸੀ ਕਿ ਬਾਕੀ ਤੇ ਕਟਿੰਗ ਵਾਲੇ ਸਾਡੇ ਬਾਰੇ ਹਮੇਸ਼ਾ ਮਾੜਾ ਹੀ ਸੋਚਣ, ਸ਼ਾਇਦ ਇਹ ਗੁਰੂ ਦਾ ਸਿੱਖ ਹੈ ਇਹ ਤੇ ਸਾਡੀ ਇੱਜਤਾਂ ਦੇ ਰਾਖੇ ਹਨ। ਇਸ ਲਈ ਜਿਹੜੀਆਂ ਕੁੜੀਆਂ ਨੂੰ ਸਿੱਖਾਂ ਦਾ ਇਤਿਹਾਸ ਬਾਰੇ ਪਤਾ ਹੋਵੇਗਾ ਉਹ ਸਿੱਖੀ ਸਰੂਪ ਵਾਲਿਆਂ ਨੂੰ ਹਮੇਸ਼ਾ ਆਪਣੀ ਇੱਜਤ ਦੇ ਰਾਖੇ ਸਮਝ ਕੇ ਇੱਜਤ ਦੇਂਦੀਆਂ ਰਹਿਣਗੀਆਂ। ਇਸ ਲਈ ਆਪਣੇ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਬਾਣੀ ਬਾਣੇ ਨਾਲ ਜੋੜੋ ਤੇ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਬੱਚੇ ਦੀ ਬਾਂਹ ਫੜਾ ਕੇ ਅਰਦਾਸ ਕਰਿਉ ਪਿਤਾ ਦਸ਼ਮੇਸ਼ ਜੀ ਅਸੀਂ ਹਰ ਵੇਲੇ ਬੱਚਿਆਂ ਦੇ ਨਾਲ ਨਹੀਂ ਰਹਿ ਸਕਦੇ, ਇਸ ਕਰਕੇ ਤੁਸੀਂ ਇਨਾਂ ਨੂੰ ਮਾੜੀ ਸੰਗਤ ਤੋਂ ਬਚਾ ਕੇ ਗੁਰਸਿੱਖਾਂ ਦੀ ਸੰਗਤ ਵਿੱਚ ਰਖਿਉ ਜੀ।

# ਮੁੰਡੇ ਨੂੰਹਾਂ ਆਪਣੇ ਫ਼ਰਜ਼ਾਂ ਨੂੰ ਸਮਝਣ



**ਸੰਜੀਵ ਸਿੰਘ ਸੈਣੀ, ਮੋਹਾਲੀ**

ਸਾਨੂੰ ਇਹ ਸੋਹਣਾ ਸੰਸਾਰ ਦਿਖਾਉਣ ਵਿੱਚ ਮਾਂ-ਬਾਪ ਦਾ ਅਹਿਮ ਰੋਲ ਹੁੰਦਾ ਹੈ। ਮਾਂ ਬਾਪ ਸਦਕਾ ਅਸੀਂ ਇਸ ਸੋਹਣੀ ਕੁਦਰਤ ਦੇ ਦਰਸ਼ਨ ਕਰਦੇ ਹਨ। ਦਿਨ ਪ੍ਰਤੀ ਦਿਨ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ। ਸਮਾਂ ਕਿਹੋ ਜਿਹਾ ਆ ਗਿਆ ਹੈ।

ਮਾਂ ਬਾਪ ਦੇ ਬਹੁਤ ਸੁਪਨੇ ਹੁੰਦੇ ਹਨ ਕਿ ਉਨਾਂ ਦੇ ਬੱਚੇ ਬੁਢਾਪੇ ਸਮੇਂ ਉਨਾਂ ਦੀ ਦੇਖਭਾਲ ਕਰਨ। ਮਾਂ ਬਾਪ ਆਪਣੇ ਬੱਚਿਆਂ ਨੂੰ ਆਪਣੇ ਪੈਰਾਂ ਤੇ ਖੜਾ ਕਰਦੇ ਹਨ। ਮਾਂ ਬਾਪ ਦੀ ਇਹ ਉਮੀਦ ਹੈ ਕਿ ਉਨਾਂ ਦੇ ਬੱਚੇ ਆਪਣੇ ਵਧੀਆ ਰੁਜ਼ਗਾਰ ਕਰਨ। ਹਰ ਇੱਕ ਮਾਂ ਬਾਪ ਦੀਆਂ ਉਮੀਦਾਂ ਹੁੰਦੀਆਂ ਹਨ ਕਿ ਉਨਾਂ ਦੇ ਬੱਚੇ ਹਰ ਸਮੇਂ ਉਨਾਂ ਦੀ ਦੇਖਭਾਲ ਕਰਨ। 21ਵੀਂ ਸਦੀ ਵਿੱਚ ਅਸੀਂ ਗੁਜਰ ਰਹੇ ਹਾਂ। ਪਰ ਹੁਣ ਸਮਾਂ ਉਹ ਨਹੀਂ ਰਿਹਾ ਹੈ ਜ਼ਿੰਦਗੀ ਬਹੁਤ ਹੀ ਅਡਵਾਂਸ ਹੋ ਚੁੱਕੀ ਹੈ। ਬੱਚਿਆਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਮਾਂ ਬਾਪ ਦਾ ਹਾਲ ਚਾਲ ਪੁੱਛਣ। ਵਿਆਹ ਸਮਾਗਮਾਂ ਵਿੱਚ ਹੀ ਬੱਚੇ ਮਾਂ ਬਾਪ ਨੂੰ ਮਿਲਦੇ ਹਨ। ਕਈ ਮੁੰਡੇ-ਨੂੰਹਾਂ ਤਾਂ ਆਪਣੇ ਸਹੁਰਾ ਪਰਿਵਾਰ ਤੋਂ ਅੱਡ ਰਹਿੰਦੇ ਹਨ। ਜਦੋਂ ਕੋਈ ਪਰਿਵਾਰ ਵਿੱਚ ਵਿਆਹ ਸ਼ਾਦੀ ਹੁੰਦੀ ਹੈ ਤਾਂ ਉਹ ਅਜਿਹੇ ਪ੍ਰੋਗਰਾਮਾਂ ਵਿੱਚ ਆਪਣੇ ਮਾਂ ਬਾਪ ਨੂੰ ਮਿਲਦੇ ਹਨ। ਮੁੰਡੇ-ਨੂੰਹਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਉਹ ਆਪਣੇ ਸੱਸ ਸਹੁਰੇ ਦੇ ਫ਼ਰਜ਼ਾਂ ਨੂੰ ਸਮਝਣ। ਬੱਚਿਆਂ ਨੂੰ ਆਪਣੇ ਮਾਂ ਬਾਪ ਨੂੰ ਸਮਾਂ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਮਾਤਾ ਪਿਤਾ ਕਿੰਨੀਆਂ ਤੰਗੀਆਂ ਕੱਟ ਕੇ ਉਨਾਂ ਨੂੰ ਪੜਾਉਂਦੇ ਹਨ, ਫਿਰ ਉਨਾਂ ਨੂੰ ਆਪਣੇ ਪੈਰਾਂ 'ਤੇ ਖੜਾ ਕਰਦੇ ਹਨ। ਬੱਚਿਆਂ ਨੂੰ ਇਹ ਜ਼ਿੰਮੇਵਾਰੀਆਂ ਤੋਂ ਨਹੀਂ ਭੱਜਣਾ ਚਾਹੀਦਾ। ਪੱਛਮੀ ਸੱਭਿਅਤਾ ਦਾ ਬਹੁਤ ਬੋਲਬਾਲਾ ਹੈ। ਨੂੰਹਾਂ ਨੂੰ ਵੀ ਆਪਣੀ ਸੱਸ ਨੂੰ ਮਾਂ ਦਾ ਦਰਜਾ ਦੇਣਾ ਚਾਹੀਦਾ ਹੈ। ਨੂੰਹ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਸੱਸ ਦੀ ਕਦਰ ਕਰੇ। ਸਹੁਰੇ ਨੂੰ ਪਿਤਾ ਦਾ ਦਰਜਾ ਦੇਣਾ ਚਾਹੀਦਾ ਹੈ। ਕਿਉਂਕਿ ਅਕਸਰ ਘਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਨੂੰਹਾਂ ਸਾਰਾ ਦਿਨ ਫੋਨ ਤੇ ਆਪਣੀ ਮਾਂ ਨਾਲ ਲੱਗੀ ਰਹਿੰਦੀ ਹੈ। ਅਜਿਹੇ ਘਰਾਂ ਵਿੱਚ ਜ਼ਿਆਦਾ ਪੁਆੜੇ ਪੈਂਦੇ ਹਨ। ਜਿਹੜੇ ਪਰਿਵਾਰਾਂ ਵਿੱਚ ਨੂੰਹਾਂ ਆਪਣੇ ਪੇਕਿਆਂ ਦੇ ਮੁਤਾਬਕ ਚੱਲਦੀਆਂ ਹਨ ਉਹ ਘਰ ਤਬਾਹੀ ਤੇ ਆ ਜਾਂਦੇ ਹਨ। ਨੂੰਹਾਂ ਨੂੰ ਆਪਣੇ ਪੇਕਿਆਂ ਤੋਂ ਮੋਹ ਘੱਟ ਕਰ ਦੇਣਾ ਚਾਹੀਦਾ ਹੈ, ਕਿਉਂਕਿ ਹੁਣ ਉਹ ਸਹੁਰਾ ਪਰਿਵਾਰ ਵਿੱਚ ਰਹਿ ਰਹੀਆਂ ਹਨ। ਨੂੰਹਾਂ ਦੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਹੁਣ ਉਹ ਸਹੁਰਾ ਪਰਿਵਾਰ ਹੀ ਉਨਾਂ ਦਾ ਆਪਣਾ ਪਰਿਵਾਰ ਹੈ। ਨੂੰਹਾਂ ਨੂੰ ਆਪਣੇ ਪੇਕਿਆਂ ਪਰਿਵਾਰ ਵਿੱਚ ਬਹੁਤ ਹੀ ਘੱਟ ਜਾਣਾ ਚਾਹੀਦਾ ਹੈ।ਚਲੋ ਕੋਈ ਮੁਸੀਬਤ ਹੈ ਜਾਂ ਕੋਈ ਦੁੱਖ ਤਕਲੀਫ਼ ਹੈ ਤਾਂ ਚਲੇ ਜਾਣਾ ਬਣਦਾ ਹੈ। ਥੋੜਾ ਸਮਾਂ ਜਾਓ ਤੇ ਫਿਰ ਵਾਪਸ ਆਪਣੇ ਘਰ ਆ ਜਾਓ। ਨੂੰਹਾਂ ਨੂੰ ਆਪਣੇ ਪਤੀ ਤੇ ਸੱਸ ਸਹੁਰੇ ਦੇ ਮੁਤਾਬਿਕ ਚੱਲਣਾ ਚਾਹੀਦਾ ਹੈ ਕਿਉਂਕਿ ਸੱਸ ਸਹੁਰਾ ਕਦੇ ਵੀ ਆਪਣੇ ਪਰਿਵਾਰ ਦਾ ਮਾੜਾ ਨਹੀਂ ਸੋਚਦੇ। ਸੱਸ ਸਹੁਰਾ ਦੀ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਆਪਣੀ ਨੂੰਹ ਨੂੰ ਆਪਣੀ ਧੀਆਂ ਵਾਂਗੂੰ ਰੱਖਣ, ਅਜਿਹੇ ਘਰ ਫਿਰ ਸਵਰਗ ਬਣ ਜਾਂਦੇ ਹਨ।



# ੪੦ ਸਾਲ ਕੁਝ ਸਵਾਲ ਤੇ ਮੇਰੇ ਜਵਾਬ

*ਤਿੰਨ ਕੁ ਦਿਨ ਪਹਿਲਾਂ ਅੰਮ੍ਰਿਤਸਰ ਤੋਂ ਪੱਤਰਕਾਰ ਚਰਨਜੀਤ ਸਿੰਘ ਹੁਰਾਂ ਨੇ ਮੈਸੈਂਜਰ ਰਾਹੀਂ ਇੱਕ ਸਵਾਲਨਾਮਾ ਭੇਜਿਆ ਸੀ, ਅੱਠ ਸਵਾਲਾਂ ਉੱਤੇ ਆਧਾਰਤ । ਮੈਂ ਆਪਣੀ ਸੋਚ ਤੇ ਸਮਰੱਥਾ ਮੁਤਾਬਕ ਇਹਨਾਂ ਸਵਾਲਾਂ ਦੇ ਜਵਾਬ ਭੇਜੇ ਸਨ, ਜਿਨਾਂ ਤੇ ਆਧਾਰਤ ਉਹਨਾਂ ਖ਼ਬਰ ਬਣਾ ਕੇ ਪ੍ਰਕਾਸ਼ਿਤ ਕਰਵਾਈ ਸੀ । ਮੈਂ ਅੱਜ ਉਹਨਾਂ ਦੇ ਸਵਾਲ, ਤੇ ਆਪਣੇ ਜਵਾਬ ਉਹਨਾਂ ਦੀ ਅਸਲ ਸ਼ਕਲ ਵਿੱਚ ਆਪ ਸਭ ਨਾਲ ਸਾਂਝੇ ਕਰਦਾ ਹਾਂ ।*

**ਗਜਿੰਦਰ ਸਿੰਘ, ਦਲ ਖਾਲਸਾ**
**੧.੧੦.੨੦੨੧**

**੧' 40 ਸਾਲ ਦਾ ਸਫਰ ਬੀਤ ਚੁੱਕਾ ਹੈ, ਅੱਜ ਤਹਿ ਕੀਤੇ ਨਿਸ਼ਾਨੇ ਪ੍ਰਤੀ ਸੋਚ ਕਿੱਥੇ ਖੜੀ ਹੈ ?**

ਜਵਾਬ- ਚਾਲੀ ਸਾਲ ਦੀ ਜਲਾਵਤਨੀ ਦਾ ਸਫ਼ਰ ਤਹਿ ਕਰਨ ਬਾਦ ਨਿਸ਼ਾਨੇ ਪ੍ਰਤੀ ਸੋਚ ਮਜ਼ਬੂਤ ਹੋਈ ਮਹਿਸੂਸ ਕਰਦਾ ਹਾਂ । ਬਹੁਤ ਸਾਰੇ ਉਤਾਰਾਂ ਚੜਾਵਾਂ ਵਿੱਚੋਂ ਲੰਘਣ ਦੇ ਬਾਵਜੂਦ ਲਹਿਰ ਅੱਗੇ ਵਧੀ ਹੈ, ਮਜ਼ਬੂਤ ਹੋਈ । ਚੰਡੀਗੜ ਵਿੱਚ ਇੱਕ ਛੋਟੇ ਜਿਹੇ ਗਰੁੱਪ ਵਜੋਂ ਸੰਘਰਸ਼ ਸ਼ੁਰੂ ਕੀਤਾ ਸੀ, ਤੇ ਅੱਜ ਦੁਨੀਆ ਭਰ ਵਿੱਚ ਖ਼ਾਲਿਸਤਾਨ, ਖ਼ਾਲਿਸਤਾਨ ਹੁੰਦੀ ਹੈ । ਇਸ ਨੂੰ ਯਕੀਨਨ ਅੱਗੇ ਵਧਣਾ ਹੀ ਕਿਹਾ ਜਾਵੇਗਾ ।

**੨' ਕੀ ਭਾਰਤੀ ਲੋਕਤੰਤਰ ਪ੍ਰਣਾਲੀ ਠੀਕ ਨਹੀਂ ?**

ਜਵਾਬ- ਭਾਰਤੀ ਲੋਕ ਤੰਤਰ ਪ੍ਰਣਾਲੀ ਨੂੰ ਠੀਕ ਕਹਿਣਾ, ਲੋਕ ਤੰਤਰ ਨਾਲ ਜ਼ਿਆਦਤੀ ਵਾਲੀ ਗੱਲ ਹੈ । ਇਸ ਪ੍ਰਣਾਲੀ ਨੇ ਇੱਕ ਐਸਾ ਸਿਸਟਮ ਡਵੈਲਪ ਕਰ ਦਿੱਤਾ ਹੈ, ਕਿ ਹਕੂਮਤ ਕਿਸੇ ਵੀ ਪਾਰਟੀ ਦੀ ਬਣੇ, ਰਾਜ 'ਹਿੰਦੂ ਬਹੁਗਿਣਤੀ' ਕੋਲ ਹੀ ਰਹਿਣਾ ਹੈ, ਅਤੇ ਗ਼ੈਰ-ਹਿੰਦੂ ਕੌਮਾਂ ਨਾਲ ਜ਼ਿਆਦਤੀ ਹੋਣੀ ਲਾਜ਼ਮੀ ਹੈ । ਬਾਕੀ ਖ਼ਾਲਿਸਤਾਨ ਜਾਂ ਸਿੱਖਾਂ ਦੇ ਆਜ਼ਾਦ ਦੇਸ਼ ਦਾ ਸਾਡਾ ਹੱਕ, ਭਾਰਤੀ ਸਿਸਟਮ ਦੇ ਚੰਗੇ ਜਾਂ ਮਾੜੇ ਹੋਣ ਨਾਲ ਨਹੀਂ ਜੁੜਿਆ ਹੋਇਆ । ਇਹ ਸਾਡਾ ਖੁੱਸਿਆ ਹੋਇਆ ਹੱਕ ਹੈ, ਜੋ ਲੈਣਾ ਹੀ ਲੈਣਾ ਹੈ । ਸਿੱਖ ਇੱਕ ਵਿਲੱਖਣ ਕੌਮ ਹੈ, ਹਿੰਦੂ ਅਤੇ ਮੁਸਲਮਾਨ ਤੋਂ ਵੱਖਰਾ ਦੇਸ਼ ਹੀ, ਸਿੱਖ ਕੌਮ ਦੇ ਸੁਰੱਖਿਅਤ ਭਵਿੱਖ ਦੀ ਗਾਰੰਟੀ ਬਣ ਸਕਦਾ ਹੈ ।



**੩' ਕੀ ਕਿਸੇ ਸਮਝੌਤੇ ਲਈ ਆਸ ਕੀਤੀ ਜਾ ਸਕਦੀ ਹੈ ?**

ਜਵਾਬ- ਸਮਝੌਤਾ ਸਿੱਖਾਂ ਦੇ ਕੌਮੀ ਹੱਕਾਂ ਦੀ ਬੁਨਿਆਦ ਉੱਤੇ ਹੋ ਸਕਦਾ ਹੈ, ਜ਼ਾਤੀ ਰਿਆਇਤਾਂ ਦੇ ਆਧਾਰ ਉੱਤੇ ਨਹੀਂ । ਜਦੋਂ ਭਾਰਤੀ ਹਾਕਮ ਸਾਡੇ ਕੌਮੀ ਹੱਕ ਨੂੰ ਸਵੀਕਾਰ ਕਰਨਗੇ, ਉਦੋਂ ਹੀ ਇਸ ਬਾਰੇ ਸੋਚਿਆ ਜਾ ਸਕਦਾ ਹੈ । ਭਾਰਤ ਦੀ ਅਖੌਤੀ 'ਰਾਸ਼ਟਰੀ ਏਕਤਾ' ਕਿਸੇ ਸਮਝੌਤੇ ਦਾ ਆਧਾਰ ਨਹੀਂ ਬਣ ਸਕਦੀ ।

**੪' ਕੁਝ ਖ਼ਾਲਿਸਤਾਨ ਆਗੂ ਭਾਰਤੀ ਸੰਵਿਧਾਨ ਦੀ ਸੌਂਹ ਚੁੱਕ ਕੇ ਚੋਣ ਵੀ ਲੜਦੇ ਹਨ ਤੇ ਆਜ਼ਾਦ ਸਿੱਖ ਰਾਜ ਦੀ ਗੱਲ ਵੀ ਕਰਦੇ ਹਨ ਉਹਨਾਂ ਬਾਰੇ ਤੁਸੀਂ ਕੀ ਸੋਚਦੇ ਹੋ ?**

ਜਵਾਬ- ਭਾਰਤੀ ਵਿਧਾਨ ਦੀ ਸੌਂਹ ਚੁੱਕ ਕੇ ਖ਼ਾਲਿਸਤਾਨ ਲਈ ਲੜਨਾ, ਲੜਨ ਵਾਲਿਆਂ ਦੀ ਸਟਰੈਟੇਜੀ ਹੋ ਸਕਦੀ ਹੈ, ਪਰ ਇਹ ਮੇਰੀ ਸੋਚ ਨਹੀਂ ਹੈ । ਮੈਂ ਵਿਚਾਰਾਂ ਦੇ ਮਾੜੇ ਮੋਟੇ ਵਖਰੇਵੇਂ ਕਾਰਨ ਕਿਸੇ ਦੇ ਖ਼ਿਲਾਫ਼ ਗੱਲ ਕਰਨੀ ਠੀਕ ਨਹੀਂ ਸਮਝਦਾ । ਹਰ ਇੱਕ ਨੂੰ ਆਪਣੀ ਸੋਚ ਮੁਤਾਬਕ ਚੱਲਣ ਤੇ ਫ਼ੈਸਲੇ ਲੈਣ ਦਾ ਹੱਕ ਹੈ ।

**੫' ਕੀ ਯੂ ਐਨ ਓ, ਐਮਨੇਸਟੀ ਇੰਟਰਨੈਸ਼ਨਲ ਆਦ ਨੂੰ ਦਖ਼ਲ ਦੇ ਕੇ ਸਿੱਖਾਂ ਨਾਲ ਹੋ ਰਹੇ ਧੱਕੇ ਬਾਰੇ ਭਾਰਤ ਸਰਕਾਰ ਨਾਲ ਗੱਲ ਨਹੀਂ ਕਰਨੀ ਚਾਹੀਦੀ ?**

ਜਵਾਬ- . ਯੂ ਐਨ ਓ ਜਾਂ ਐਮਨੈਸਟੀ ਇੰਟਰਨੈਸ਼ਨਲ ਨੂੰ ਸਿੱਖਾਂ ਨਾਲ ਹੋਈਆਂ ਤੇ ਹੋ ਰਹੀਆਂ ਜ਼ਿਆਦਤੀਆਂ ਦੇ ਖ਼ਿਲਾਫ਼ ਜ਼ਰੂਰ ਬੋਲਣਾ ਚਾਹੀਦਾ ਹੈ । ਪਰ ਅਫ਼ਸੋਸ ਕਿ ਇਹਨਾਂ ਆਲਮੀ ਸੰਸਥਾਵਾਂ ਨੇ ਅੱਜ ਤੱਕ ਉਹ ਕੁੱਝ ਨਹੀਂ ਕੀਤਾ, ਜੋ ਇਹਨਾਂ ਨੂੰ ਕਰਨਾ ਚਾਹੀਦਾ ਸੀ । ਸਿੱਖ ਕੌਮ ਕੋਲ 'ਸਟੇਟਹੁੱਡ' ਨਹੀਂ ਹੈ, ਤੇ ਸਟੇਟਹੁੱਡ ਤੋਂ ਬਿਨਾਂ ਇਹਨਾਂ ਸੰਸਥਾਵਾਂ ਵਿੱਚ ਆਵਾਜ਼ ਬੁਲੰਦ ਕਰਨੀ ਕਿਸੇ 'ਸਟੇਟਲੈਸ ਕੌਮ' ਲਈ ਵੀ ਸੌਖਾ ਨਹੀਂ ਹੈ ।

**੬' ਪੰਥਕ ਹਾਲਤਾਂ ਬਾਰੇ ਤੁਹਾਡੀ ਕੀ ਰਾਏ ਹੈ ?**

ਜਵਾਬ- .ਪੰਥਕ ਹਾਲਾਤ ਬਹੁਤ ਅਫ਼ਸੋਸਨਾਕ ਹਨ । ਸਿਆਸੀ ਵੰਡੀਆਂ ਨਾਲੋਂ ਪੰਥ ਵਿੱਚ ਪਈਆਂ ਧਾਰਮਿਕ ਵੰਡੀਆਂ ਜ਼ਿਆਦਾ ਖ਼ਤਰਨਾਕ ਹਨ । ਅੱਗੇ ਬਹੁਤ ਸਾਰੀਆਂ ਸੰਪਰਦਾਵਾਂ ਦੀ ਮਰਯਾਦਾ ਪੰਥ ਦੀ ਸਾਂਝੀ ਮਰਯਾਦਾ ਤੋਂ ਵੱਖਰੀ ਸੀ, ਤੇ ਹੁਣ ਕੁੱਝ ਵਿਦਵਾਨਾਂ ਦੇ ਮੰਨਣ ਵਾਲੇ ਵੀ ਆਪਣੀ ਵੱਖਰੀ ਮਰਯਾਦਾ ਧਾਰਦੇ ਜਾ ਰਹੇ ਹਨ । ਪਾੜਾ ਲਗਾਤਾਰ ਵੱਧ ਰਿਹਾ ਹੈ । ਦਸਮ ਪਾਤਸ਼ਾਹ ਹੀ ਕੋਈ ਕਲਾ ਵਰਤਣ। ਜ਼ਰੂਰ ਵਰਤਣਗੇ, ਦਸਮ ਪਾਤਸ਼ਾਹ ਦਾ ਪੰਥ ਹੈ, ਅਖੀਰ ਉਹਨਾਂ ਨੇ ਹੀ ਬਹੁੜੀ ਕਰਨੀ ਹੈ ।

**੭' ਤੁਹਾਨੂੰ ਨਹੀਂ ਲਗਦਾ ਕਿ ਤੁਸੀਂ ਜੇ ਇੰਡੀਆ ਵਿੱਚ ਹੁੰਦੇ ਤਾਂ ਆਪਣੀ ਲੜਾਈ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਲੜ ਸਕਦੇ ਸੀ ?**

ਜਵਾਬ- ਇਹ ਗੱਲ ਅੱਗੇ ਵੀ ਕਈ ਦੋਸਤਾਂ ਨੇ ਕਹੀ ਹੈ 'ਕਿ ਤੁਸੀਂ ਜੇ ਇੰਡੀਆ ਵਿੱਚ ਹੁੰਦੇ ਤਾਂ' ..ਪਰ ਮੇਰੇ ਪੱਖ ਤੋਂ ਸੋਚਿਆਂ ਮੇਰਾ ਜਲਾਵਤਨੀ ਵਿੱਚ ਰਹਿਣ ਦਾ ਫ਼ੈਸਲਾ ਠੀਕ ਸੀ, ਤੇ ਠੀਕ ਹੈ । ਖ਼ਾਲਿਸਤਾਨ ਲਹਿਰ ਦਾ ਭਾਰਤ ਦੀਆਂ ਹੱਦਾਂ ਤੋਂ ਬਾਹਰ ਵਜੂਦ ਲਹਿਰ ਨੂੰ 'ਇੰਟਰਨੈਸ਼ਨਲਾਈਜ਼' ਕਰਦਾ ਹੈ ਤੇ ਇਹ ਲਹਿਰ ਲਈ ਇੱਕ ਤਾਕਤ ਸਮਾਨ ਹੈ । ਸਾਡੀ ਜਲਾਵਤਨੀ ਭਾਰਤ ਨੂੰ ਰੜਕਦੀ ਹੈ, ਤੇ ਇਹ ਰੜਕਣਾ ਸਾਡੇ ਲਈ ਸਕੂਨ ਦਾ ਕਾਰਨ ਹੈ, ਸਾਡੀ ਤਾਕਤ ਹੈ । ਕੌਮ ਦੀ ਗ਼ੁਲਾਮੀ ਖ਼ਿਲਾਫ਼ ਲੜਦੇ ਘਰ ਬਾਰ ਛੱਡੇ ਸੀ, ਸਰਹੱਦਾਂ ਤੋਂ ਬਾਹਰ ਨਿਕਲੇ ਸੀ, ਮੁੜ ਗ਼ੁਲਾਮੀ ਵਿੱਚ ਆਨਾ ਕਦੇ ਠੀਕ ਨਹੀਂ ਲੱਗਾ ।

**੮' ਆਜ਼ਾਦ ਸਿੱਖ ਰਾਜ ਬਾਰੇ ਭਾਰਤ ਤੋਂ ਵੱਧ ਵਿਦੇਸ਼ ਵਿਚ ਗੱਲ ਚਲਦੀ ਹੈ ਇਸ ਬਾਰੇ ?**

ਜਵਾਬ- ਯੂਰਪ, ਅਮਰੀਕਾ, ਕੈਨੇਡਾ ਆਦਿ ਵਿਦੇਸ਼ ਵਿੱਚ ਰਹਿੰਦੇ ਸਿੱਖ ਖ਼ਾਲਿਸਤਾਨ ਲਹਿਰ ਦਾ ਆਲਮੀ ਚਿਹਰਾ ਬਣ ਗਏ ਹਨ । ਜੂਨ ੮੪ ਤੋਂ ਬਾਦ ਭਾਰਤੀ ਹਾਕਮਾਂ ਦੀਆਂ ਜ਼ਿਆਦਤੀਆਂ ਕਾਰਨ ਭਾਰਤ ਛੱਡ ਕੇ ਵਿਦੇਸ਼ਾਂ ਵਿੱਚ ਜਾ ਕੇ ਸੈਟਲ ਹੋਣ ਵਾਲੇ ਸਿੱਖ ਅੱਜ ਭਾਰਤ ਲਈ ਵੱਡੀ ਸਿਰਦਰਦੀ ਬਣ ਕੇ ਉਭਰੇ ਹਨ, ਤੇ ਇਹ ਲਹਿਰ ਲਈ ਖ਼ੁਸ਼ੀ ਦੀ ਗੱਲ ਹੈ । ਇਹਨਾਂ ਮੁਲਕਾਂ, ਖ਼ਾਸ ਕਰ ਕੈਨੇਡਾ ਦੀ ਸਿਆਸਤ ਵਿੱਚ ਸਿੱਖਾਂ ਨੇ ਇੱਕ ਅਹਿਮ ਮੁਕਾਮ ਹਾਸਿਲ ਕਰ ਲਿਆ ਹੈ । ਆਲਮੀ ਭਾਈਚਾਰੇ ਦੇ ਤੌਰ ਤੇ ਸਿੱਖਾਂ ਦੀ ਇਹ ਤਾਕਤ ਭਾਰਤੀ ਹਾਕਮਾਂ ਦੇ ਸਿੱਖ ਵਿਲੱਖਣਤਾ ਦਾ ਮਲੀਆਮੇਟ ਕਰ ਕੇ ਹਿੰਦੂਤਵ ਵਿੱਚ ਜਜ਼ਬ ਕਰਨ ਦੀਆਂ ਕੋਸ਼ਿਸ਼ਾਂ ਦਾ ਮੂੰਹ ਤੋੜਦਾ ਜਵਾਬ ਬਣ ਗਈ ਹੈ ।

# 40 ਸਾਲ ਪਹਿਲਾਂ ਭਾਰਤੀ ਜਹਾਜ਼ ਅਗਵਾ ਕਰਨ ਵਾਲੇ ਦਲ ਖਾਲਸਾ ਦੇ ਪੰਜ ਸਿੰਘਾਂ ਦਾ ਸੋਨੇ ਦਾ ਮੈਡਲ ਨਾਲ ਸਨਮਾਨ

## ✪ ਨਿਸ਼ਾਨੇ ਦੀ ਪ੍ਰਾਪਤੀ ਨਾਲ ਸਮਝੌਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਛੁਟਿਆਉਣਾ ਹੋਵੇਗਾ ✪ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਖੁਦਮੁਖਤਿਆਰੀ ਜਾਂ ਵੱਧ ਅਧਿਕਾਰਾਂ ਦੀ ਮੰਗ ਅਜ਼ਾਦੀ ਦਾ ਬਦਲ ਨਹੀਂ ਹੋ ਸਕਦੀ : ਕੰਵਰਪਾਲ ਸਿੰਘ

**ਜਲੰਧਰ/ਏ.ਟੀ.ਨਿਊਜ਼ :** ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀ ਰਿਹਾਈ, ਮਹਿਤਾ ਚੌਂਕ ਵਿੱਚ 13 ਸਿੱਖਾਂ ਦੇ ਕਤਲੇਆਮ ਵਿਰੁੱਧ ਅਤੇ ਦੁਨੀਆਂ ਦਾ ਧਿਆਨ ਹਿੰਦੂ-ਭਾਰਤ ਵਿੱਚ ਸਿੱਖਾਂ ਦੀ ਦੁਰਦਸ਼ਾ 'ਤੇ ਕੇਂਦਰਿਤ ਕਰਨ ਲਈ 40 ਸਾਲ ਪਹਿਲਾਂ ਭਾਰਤੀ ਜਹਾਜ਼ ਨੂੰ ਅਗਵਾ ਕਰਕੇ ਬਿਨਾਂ ਕਿਸੇ ਯਾਤਰੀ ਨੂੰ ਨੁਕਸਾਨ ਪਹੁੰਚਾਏ ਜਹਾਜ਼ ਪਾਕਿਸਤਾਨ ਲੈ ਕੇ ਜਾਣ ਵਾਲੇ ਭਾਈ ਗਜਿੰਦਰ ਸਿੰਘ ਸਮੇਤ ਦਲ ਖਾਲਸਾ ਦੇ ਪੰਜ ਮੈਂਬਰਾਂ ਨੂੰ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਪੰਜ ਸਿੱਖਾਂ ਵਿੱਚੋਂ ਗਜਿੰਦਰ ਸਿੰਘ, ਜਸਬੀਰ ਸਿੰਘ, ਕਰਨ ਸਿੰਘ ਅਜੇ ਵੀ ਜਲਾਵਤਨੀ ਵਿੱਚ ਹਨ ਜਦਕਿ ਸਤਨਾਮ ਸਿੰਘ ਅਤੇ ਤੇਜਇੰਦਰਪਾਲ ਸਿੰਘ ਪਾਕਿਸਤਾਨ ਦੀਆਂ ਜੇਲਾਂ ਵਿੱਚ ਉਮਰ ਕੈਦ ਪੂਰੀ ਕਰਨ ਤੋਂ ਬਾਅਦ ਪੰਜਾਬ ਪਰਤ ਆਏ ਹਨ। ਗਜਿੰਦਰ ਸਿੰਘ ਦਾ ਸਨਮਾਨ ਬੀਬੀ ਯਸ਼ਪ੍ਰੀਤ ਕੌਰ ਅਤੇ ਕਰਨ ਸਿੰਘ ਤੇ ਜਸਬੀਰ ਸਿੰਘ ਦਾ ਸਨਮਾਨ ਜਗਜੀਤ ਸਿੰਘ ਗਾਬਾਂ ਨੇ ਲਿਆ।







ਹਾਈਜੈਕਿੰਗ ਦੇ 40ਵੇਂ ਵਰੇ ਨੂੰ ਮਨਾਉਣ ਲਈ, ਦਲ ਖਾਲਸਾ ਵੱਲੋਂ ਸਥਾਨਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਸ਼ਹੀਦ ਸੰਤ ਭਿੰਡਰਾਵਾਲਿਆਂ ਦੇ ਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਅਤੇ ਮੈਂਬਰ ਕਰਨੈਲ ਸਿੰਘ ਪੰਜੋਲੀ, ਸ਼ਹੀਦ ਜਨਰਲ ਸੁਬੇਗ ਸਿੰਘ ਦੇ ਭਰਾ ਬੇਅੰਤ ਸਿੰਘ, ਨਰਾਇਣ ਸਿੰਘ ਨੇ ਪੰਜਾਂ ਸਿੱਖਾਂ ਨੂੰ ਸਨਮਾਨ ਦਿੱਤਾ। ਕਿਉਂਕਿ ਉਨਾਂ ਵਿੱਚੋਂ ਤਿੰਨ ਜਲਾਵਤਨੀ ਵਿੱਚ ਹਨ, ਇਸ ਲਈ ਉਨਾਂ ਦੇ ਨੇੜਲੇ ਅਤੇ ਪਿਆਰੇ ਲੋਕਾਂ ਨੇ ਉਨਾਂ ਦੀ ਤਰਫੋਂ ਸੋਨੇ ਦਾ ਮੈਡਲ ਕਬੂਲ ਕੀਤਾ।

ਪਿਛੋਕੜ ਨੂੰ ਯਾਦ ਕਰਦਿਆਂ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਪਿਛਲੀ ਸਦੀ ਦੇ 70ਵੇਂ ਦੇ ਦਹਾਕੇ ਵਿੱਚ ਪੰਜਾਬ ਦੇ ਸਿੱਖਾਂ ਨੂੰ ਸੱਭਿਆਚਾਰਕ ਅਤੇ ਰਾਜਨੀਤਿਕ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਇਨਸਾਫ਼ ਦੀ ਕੋਈ ਸੰਭਾਵਨਾ ਨਜ਼ਰ ਨਾ ਆਉਂਦੀ ਵੇਖਦੇ ਹੋਏ ਦਲ ਖਾਲਸਾ ਦੇ ਉੱਚ ਅਧਿਕਾਰੀਆਂ ਨੇ 29 ਸਤੰਬਰ 1981 ਨੂੰ ਜਹਾਜ਼ ਹਾਈਜੈਕ ਕਰਨ ਦਾ ਕਦਮ ਚੁੱਕਿਆ।

ਉਨਾਂ ਕਿਹਾ ਕਿ ਦਲ ਖਾਲਸਾ ਦੇ ਇਸ ਇੱਕ ਕਾਰਜ ਨਾਲ, ਖਾਲਿਸਤਾਨ ਲਈ ਚੱਲ ਰਹੇ ਸੰਘਰਸ਼ ਨੇ ਅੰਤਰਰਾਸ਼ਟਰੀ ਧਿਆਨ ਖਿੱਚਿਆ ਜਿਸ ਨਾਲ ਦੁਨੀਆਂ ਨੂੰ ਸਿੱਖ ਅਜ਼ਾਦੀ ਦੇ ਟੀਚੇ ਬਾਰੇ ਪਤਾ ਲੱਗਾ। ਉਨਾਂ ਕਿਹਾ ਕਿ ਅਸੀਂ ਉਸੇ ਸੰਘਰਸ਼ ਨੂੰ ਜਮਹੂਰੀ ਤਰੀਕੇ ਨਾਲ ਅੱਗੇ ਲੈ ਕੇ ਜਾ ਰਹੇ ਹਾਂ ਅਤੇ ਟੀਚੇ ਦੇ ਨਾਲ ਕੋਈ ਵੀ ਸਮਝੌਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਛੋਟਾ ਕਰਨ ਦੇ ਬਰਾਬਰ ਹੋਵੇਗਾ। ਉਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਸੰਘਵਾਦ, ਖੁਦਮੁਖਤਿਆਰੀ ਜਾਂ ਵੱਧ ਅਧਿਕਾਰਾਂ ਦੀ ਮੰਗ ਅਜ਼ਾਦੀ ਦਾ ਬਦਲ ਨਹੀਂ ਹੋ ਸਕਦੀ।

ਪਾਰਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦਲ ਖਾਲਸਾ ਅੱਜ ਉਸ ਦਿਨ ਨੂੰ ਮਾਣ ਨਾਲ ਯਾਦ ਕਰਦਾ ਹੈ। ਉਨਾਂ ਕਿਹਾ ਕਿ ਉਨਾਂ ਦੀ ਲੀਡਰਸ਼ਿਪ ਹਾਈਜੈਕਿੰਗ ਦੇ ਨਤੀਜਿਆਂ ਬਾਰੇ ਪੂਰੀ ਤਰਾਂ ਜਾਣੂ ਸੀ। ਹਾਈਜੈਕਿੰਗ ਲਈ ਉਨਾਂ ਨੂੰ 14 ਸਾਲ ਪਾਕਿਸਤਾਨ ਵਿੱਚ ਜੇਲ ਕੱਟਣੀ ਪਈ। ਰਿਹਾਅ ਹੋਣ ਤੋਂ ਬਾਅਦ ਗਜਿੰਦਰ ਸਿੰਘ ਅਤੇ ਦੋ ਹੋਰਾਂ ਨੇ ਜਲਾਵਤਨੀ ਵਿੱਚ ਜੀਵਨ ਬਤੀਤ ਕਰਨਾ ਚੁਣਿਆ, ਕਿਉਂਕਿ ਉਨਾਂ ਦਾ ਵਤਨ ਪੰਜਾਬ ਅਜੇ ਵੀ ਦਿੱਲੀ ਦੀ ਗੁਲਾਮੀ ਹੰਢਾਅ ਰਿਹਾ ਹੈ।

ਭਾਰਤੀ ਸਰਕਾਰ ਨੇ ਗਜਿੰਦਰ ਸਿੰਘ ਨੂੰ ਸਭ ਤੋਂ ਲੋੜੀਂਦਾ ਵਿਅਕਤੀ ਐਲਾਨਿਆ ਹੋਇਆ ਹੈ ਅਤੇ ਪਾਕਿਸਤਾਨ ਤੋਂ ਉਸ ਦੀ ਹਵਾਲਗੀ ਦੀ ਮੰਗ ਕੀਤੀ ਹੈ।

ਇਨਕਲਾਬੀ ਕਵੀ-ਗਜਿੰਦਰ ਸਿੰਘ ਨੇ ਜਲਾਵਤਨੀ ਦੀ ਜਿੰਦਗੀ ਗੁਜਾਰਦੇ ਹੋਏ ਸਿੱਖਾਂ ਨੂੰ ਵਿਚਾਰਧਾਰਕ ਸੇਧ ਦੇਣ ਦੀ ਚੋਣ ਕੀਤੀ ਹੈ।

ਨੌਜਵਾਨ ਆਗੂ ਪਰਮਜੀਤ ਸਿੰਘ ਮੰਡ ਨੇ ਕਿਹਾ ਉਹ ਦਲ ਖਾਲਸਾ ਆਗੂਆਂ ਦੀ ਕੁਰਬਾਨੀ ਅਤੇ ਚੜਦੀਕਲਾ ਵਾਲੀ ਭਾਵਨਾ ਦੇ ਮੁਰੀਦ ਹਨ। ਉਨਾਂ ਕਿਹਾ ਕਿ ਉਹ ਦਲ ਖਾਲਸਾ ਦੀ ਇਸ ਵਿਰਾਸਤ 'ਤੇ ਮਾਣ ਮਹਿਸੂਸ ਕਰਦੇ ਹਨ ਅਤੇ ਪੰਜਾਬ ਦੀ ਆਜਾਦੀ ਲਈ ਵਚਨਬੱਧ ਹਨ।

ਬਾਕੀ ਸਫ਼ਾ 30 'ਤੇ

# ਦਿੱਲੀ ਸਿੱਖ ਕਤਲੇਆਮ ਦਾ ਮੁੱਖ ਦੋਸ਼ੀ ਸੱਜਣ ਕੁਮਾਰ ਹੋਇਆ ਰਾਉਜ ਐਵੇਨਿਊ ਅਦਾਲਤ ਵਿਚ ਪੇਸ਼

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਨਵੰਬਰ 1984 ਵਿਚ ਦਿੱਲੀ ਅੰਦਰ ਹੋਏ ਸਿੱਖ ਕਤਲੇਆਮ ਵਿਚ ਨਾਮਜਦ ਮੁੱਖ ਦੋਸ਼ੀ ਸੱਜਣ ਕੁਮਾਰ ਜੋ ਕਿ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ ਅੰਦਰ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ, ਨੂੰ ਵੀਡੀਓ ਕਾਨਫਰੰਸ ਰਾਹੀਂ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਅੰਦਰ ਪੇਸ਼ ਕੀਤਾ ਗਿਆ । ਇਹ ਕੇਸ ਦੋ ਸਿੱਖ ਜਸਵੰਤ ਸਿੰਘ ਅਤੇ ਉਨਾਂ ਦੇ ਬੇਟੇ ਦੇ ਕਤਲ ਨਾਲ ਸਬੰਧਤ ਹੈ ਜਿਸ ਲਈ ਪੰਜਾਬੀ ਬਾਗ ਪੁਲਿਸ ਠਾਣੇ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ। ਪੁਲਿਸ ਵਲੋਂ ਇਹ ਕੇਸ 1993 ਵਿੱਚ ਬੰਦ ਕਰ ਦਿਤਾ ਗਿਆ ਸੀ ਜਿਸਨੂੰ ਸੁਪਰੀਮ ਕੋਰਟ ਵਲੋਂ ਬਣਾਈ ਗਈ ਐਸਆਈਟੀ ਨੇ ਕੁਝ ਸਾਲ ਪਹਿਲਾਂ ਦੁਬਾਰਾ ਖੋਲਿਆ ਸੀ। ਰਾਉਜ਼ ਐਵੇਨਿਊ ਅਦਾਲਤ ਵਿੱਚ ਵਿਸ਼ੇਸ਼ ਸੀਬੀਆਈ ਜੱਜ ਨੇ ਮਾਮਲੇ ਦੀ ਸੁਣਵਾਈ ਕੀਤੀ ਅਤੇ ਮਾਮਲੇ ਵਿਚ ਲਗਾਏ ਗਏ ਚਾਰਜ ਉੱਤੇ ਬਹਿਸ ਹੋਣੀ ਸੀ। ਅਦਾਲਤ ਅੰਦਰ ਸਰਕਾਰੀ ਨੇ ਮਾਮਲੇ ਦਾ ਪਿਛੋਕੜ ਦਸਿਆ, ਗਵਾਹਾਂ ਦੇ ਬਿਆਨ ਪੜੇ ਅਤੇ ਅਦਾਲਤ ਨੂੰ ਦਸਿਆ ਕਿ ਸੱਜਣ ਕੁਮਾਰ ਹੀ ਭੀੜ ਦੀ ਅਗਵਾਈ ਕਰ ਰਿਹਾ ਸੀ ਅਤੇ ਉਨਾਂ ਨੂੰ ਭੜਕਾ ਰਿਹਾ ਸੀ। ਅਦਾਲਤ ਅੰਦਰ ਪੀੜਤ ਧਿਰ ਵਲੋਂ ਨੌਜਵਾਨ ਵਕੀਲ ਹਰਪ੍ਰੀਤ ਸਿੰਘ ਹੋਰਾਂ ਅਤੇ ਗੁਰਬਖਸ਼ ਸਿੰਘ ਪੇਸ਼ ਹੋਏ ਸਨ, ਜਿਨਾਂ ਕਿਹਾ ਕਿ ਅਸੀ ਸੱਜਣ ਅਤੇ ਹੋਰਾਂ ਨੂੰ ਜਿਨਾਂ ਨੇ ਸਿੱਖ ਕਤਲੇਆਮ ਵਿਚ ਭੂਮਿਕਾ ਨਿਭਾਈ ਸੀ ਅਦਾਲਤੀ ਕਰਵਾਈ ਰਾਹੀਂ ਸੱਜਣ ਵਾਂਗ ਸਲਾਖਾਂ ਪਿੱਛੇ ਪਹੁੰਚਾ ਕੇ ਰਹਾਂਗੇ । ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 23 ਅਕਤੂਬਰ ਨੂੰ ਹੋਵੇਗੀ ।

# ‘ਹਉ ਆਇਆ ਦੂਰਹੁ ਚਲਿਕੈ, ਮੈ ਤਕੀ ਤਉ ਸਰਣਾਇ ਜੀਉ’

## ਮੂਲ ਰਚਨਾ: ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਮਸਕੀਨ ਸਿੰਘ ਜੀ

**ਭਾਗ 8**

ਸੰਪਾਦਤ: ਸਰਬਜੀਤ ਕੌਰ

ਦੂਰੀ ਇੱਕ ਦੁੱਖ ਹੈ, ਬੇਚੈਨੀ ਦੀ ਜਨਨੀ ਤੇ ਪੀੜਾ ਦੀ ਖਾਨ ਹੈ। ਇਹ ਠੀਕ ਹੈ ਕਿ ਦੂਰੀ ਮਿਲਣ ਦੀ ਤਾਂਘ ਨੂੰ ਜਨਮ ਦਿੰਦੀ ਹੈ, ਖਿੱਚ ਤੇ ਪਿਆਰ ਪੈਦਾ ਹੁੰਦਾ ਹੈ, ਪਰ ਦੂਰੀ ਬਹੁਤ ਹੋਵੇ ਤੇ ਲੰਬੇ ਅਰਸੇ ਤੱਕ ਹੋਵੇ ਤਾਂ ਐਸੀ ਦੂਰੀ ਪਿਆਰ ਨੂੰ ਸੁਕਾ ਕੇ ਮਿਲਣ ਦੀ ਤਾਂਘ ਨੂੰ ਖ਼ਤਮ ਕਰ ਦਿੰਦੀ ਹੈ। ਜਿਸ ਤਰਾਂ ਲੰਬੀ ਬਿਮਾਰੀ ਮਰੀਜ਼ ਨੂੰ ਨਿਰਾਸ਼ ਕਰ ਦਿੰਦੀ ਹੈ ਇਸੇ ਤਰਾਂ ਲੰਬੀ ਦੂਰੀ ਵਿੱਚ ਆਪਣੇ ਘਰ ਨੂੰ ਮਨੁੱਖ ਭੁੱਲ ਜਾਂਦਾ ਹੈ। ਫਿਰ ਕੋਈ ਆ ਕੇ ਘਰ ਨੂੰ ਚੇਤੇ ਕਰਵਾਉਂਦਾ ਹੈ, ਘਰੋਂ ਸੰਦੇਸ਼ਾ ਲਿਆਂਦਾ ਹੈ, ਘਰ ਦੀਆਂ ਗੱਲਾਂ ਸੁਣਾਉਂਦਾ ਹੈ ਤਾਂ ਘਰ ਵੱਲ ਪਰਤਣ ਦੀ ਇੱਛਾ ਜਾਗ ਪੈਂਦੀ ਹੈ, ਭੁੱਲੀਆਂ ਵਿਸਰੀਆਂ ਯਾਦਾਂ ਫਿਰ ਤਾਜ਼ੀਆਂ ਹੋ ਜਾਂਦੀਆਂ ਹਨ।

ਜਿੱਥੇ ਬੈਠ ਕੇ ਆਪਣਾ ਘਰ ਚੇਤੇ ਆ ਜਾਵੇ ਉਹ ਸਤਿਸੰਗ ਹੈ ਅਤੇ ਐਸੇ ਸਤਿਸੰਗ ਦੀ ਘਰ ਵੱਲ ਪਰਤਣ ਦੀ ਤੜਪ ਪੈਦਾ ਹੋ ਜਾਂਦੀ ਹੈ। ਇਹ ਤੜਪ ਤਾਂ ਹੀ ਪੈਦਾ ਹੁੰਦੀ ਹੈ ਜੇਕਰ ਸਾਨੂੰ ਕੋਈ ਇਸ ਰਸਤੇ ਉੱਤੇ ਲੈ ਕੇ ਜਾਂਦਾ ਹੈ।

ਸਾਡੀ ਜੀਵਨ ਯਾਤਰਾ ਕਿੱਥੋਂ ਸ਼ੁਰੂ ਹੋਈ ਕਦੋਂ ਸ਼ੁਰੂ ਹੋਈ ਇਹ ਸੰਕੇਤ ਗੁਰਬਾਣੀ ਵਿੱਚੋਂ ਮਿਲਦੇ ਹਨ, ਚੇਤਨਾ ਮੂਲ ਰੂਪ ਵਿੱਚ ਕੀ ਸੀ, ਇਹ ਅਰਬਾਂ ਖਰਬਾਂ ਸਾਲ ਤੱਕ ਧੁੰਦ ਗੈਸ ਦੇ ਰੂਪ ਵਿੱਚ ਸੀ। ਪਦਾਰਥ ਦੇ ਤਿੰਨ ਰੂਪ ਮੰਨੇ ਜਾਂਦੇ ਹਨ। ਤਰਲ, ਠੋਸ ਤੇ ਧੁੰਦ। ਮੂਲ ਰੂਪ ਵਿਚ ਸਭ ਧੁੰਦ ਸੀ, ਧੁੰਦ ਤਰਲ ਬਣੀ ਤੇ ਕੁਝ ਠੋਸ ਬਣੀ, ਧੁੰਦ ਪਾਣੀ ਬਣੀ ਤੇ ਪਾਣੀ ਤੋਂ ਜੀਵਨ ਯਾਤਰਾ ਸ਼ੁਰੂ ਹੋਈ।

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

ਅਸੀਂ ਕਈ ਜਨਮਾਂ ਤਕ ਪਹਾੜਾਂ ਦੇ ਪੱਥਰਾਂ ਵਿੱਚ ਰਹੇ ਹਾਂ। ਇਹ ਜੀਵਨ ਦਾ ਪਹਿਲਾ ਪੜਾਅ ਹੈ। ਪੱਥਰਾਂ ਦੇ ਸੰਸਕਾਰ ਸਾਡੇ ਅਚੇਤਨ ਮਨ ਵਿੱਚ ਪਏ ਹਨ, ਸਾਡੇ ਦੈਵੀ ਦੀਪਤਾ ਤੇ ਭਗਵਾਨ ਪੱਥਰ ਦੇ ਹਨ। ਅਸੀਂ ਆਪਣੇ ਨਾਮ ਨੂੰ ਵੀ ਪੱਥਰਾਂ ਤੇ ਲਿਖਵਾ ਕੇ ਪੱਥਰ ਦੇ ਆਸਰੇ ਜ਼ਿੰਦਾ ਰੱਖਣਾ ਚਾਹੁੰਦੇ ਹਾਂ। ਇੱਕ ਪੱਥਰ ਕੋਲ ਦੂਜਾ ਪੱਥਰ ਪਿਆ ਹੋਇਆ ਤਾਂ ਇਕ ਦੂਜੇ ਦਾ ਬੋਧ ਦੋਹਾਂ ਨੂੰ ਨਹੀਂ ਹੁੰਦਾ। ਇੱਕੋ ਹੀ ਘਰ ਵਿੱਚ ਪਿਉ ਪੁੱਤਰ ਦਾ ਤੇ ਭਰਾ ਭਰਾ ਦਾ ਆਪਸ ਵਿੱਚ ਟੁੱਟੇ ਰਹਿਣਾ ਪੱਥਰ ਬਿਰਤੀ ਦਾ ਸਬੂਤ ਹੈ। ਮਨੁੱਖ ਜਿਥੋਂ ਜਿਥੋਂ ਲੰਘ ਕੇ ਆਉਂਦਾ ਹੈ ਉਨਾਂ ਗਲੀਆਂ ਦੀ ਧੂੜ ਵੀ ਨਾਲ ਲੈ ਕੇ ਆਉਂਦਾ ਹੈ। ਪੱਥਰਾਂ ਤੋਂ ਚੱਲੇ ਹਾਂ, ਪੱਥਰਾਂ ਦੇ ਸੰਸਕਾਰ ਅੰਦਰ ਪਏ ਹਨ, ਪੱਥਰ ਠੋਸ ਹੈ ਤੇ ਪੱਥਰ ਤੋਂ ਚੋਟ ਪਹੁੰਚ ਸਕਦੀ ਹੈ। ਜਿਨਾਂ ਇਨਸਾਨਾਂ ਦੇ ਦਿਲ ਦਿਮਾਗ ਅਜੇ ਵੀ ਠੋਸ ਹਨ ਤੇ ਦੂਜਿਆਂ ਨੂੰ ਚੋਟ ਪਹੁੰਚਾਉਣ ਵਿਚ ਹੀ ਰਸ ਲੈਂਦੇ ਹਨ ਉਹ ਬਿਲਕੁਲ ਪੱਥਰ ਹਨ। ਪੱਥਰਾਂ ਵਿੱਚ ਜੀਵਨ ਚੇਤਨਾ ਸੁੱਤੀ ਪਈ ਹੈ ਪਰ ਵਿਕਾਸ ਸਹਿਜੇ ਜਾਰੀ ਹੈ, ਜਿਸ ਤਰਾਂ ਸੁੱਤਾ ਬੱਚਾ ਵਿਕਾਸ ਕਰ ਰਿਹਾ ਹੈ। ਜਿਵੇਂ ਬੱਚਾ ਜ਼ਿਆਦਾ ਸੌਂਦਾ ਹੈ, ਇਸੇ ਤਰਾਂ



ਜਦ ਸਾਡੀ ਚੇਤਨਾ ਬਚਪਨ ਵਿੱਚ ਸੀ ਤਾਂ ਅਸੀਂ ਸੁੱਤੇ ਹੀ ਰਹਿੰਦੇ ਸੀ। ਪੱਥਰ ਸੁੱਤਾ ਪਿਆ ਹੈ ਉਸ ਨੂੰ ਕੋਈ ਬੋਧ ਨਹੀਂ ਹੈ ਪੱਥਰ ਦਾ ਹੀਰਾ ਜਵਾਹਰ ਬਣ ਜਾਂਦਾ ਹੈ ਅਤੇ ਆਪਣੀ ਸਿਖਰਤਾ ਨੂੰ ਛੋਹਣ ਲੱਗ ਜਾਂਦਾ ਹੈ। ਇਸ ਤਰਾਂ ਜੀਵਨ ਜਾਂ ਸਿਖਰਾਂ ਨੂੰ ਛੂੰਹਦਾ ਹੈ ਤਾਂ ਪੂਜਿਆ ਜਾਂਦਾ ਹੈ। ਇਸ ਵਾਸਤੇ ਹੀਰੇ ਮੋਤੀ ਨੀਲਮ ਧਰਮ ਮੰਦਰਾਂ ਦੀ ਰੌਣਕ ਰਹੇ ਹਨ ਤੇ ਮਨੁੱਖ ਨੇ ਇਨਾਂ ਨੂੰ ਪੂਜਿਆ ਹੈ।

ਚੇਤਨਾ ਦਾ ਦੂਜਾ ਪੜਾਅ ਬਨਸਪਤੀ ਹੈ। ਬਨਸਪਤੀ ਦਾ ਇੱਕ ਹਿੱਸਾ ਜਾਗ ਪਿਆ ਹੈ, ਤਿੰਨ ਹਿੱਸੇ ਸੁੱਤੇ ਪਏ ਹਨ। ਇਸ ਵਾਸਤੇ ਬਨਸਪਤੀ ਦੁੱਖ ਸੁੱਖ ਨੂੰ ਮਹਿਸੂਸ ਕਰਦੀ ਹੈ। ਸੰਗੀਤ ਦਾ ਇੱਕ ਖਾਸਾ ਅਸਰ ਕਬੂਲ ਕਰਦੀ ਹੈ। ਐਸੀ ਤਵਾਰੀਖੀ ਸਬੂਤ ਮਿਲਦੇ ਹਨ ਕਿ ਬਸੰਤ ਬਹਾਰ ਗਾ ਕੇ ਸੁੱਕੇ ਦਰੱਖਤ ਕਿਸੇ ਸੰਗੀਤਕਾਰ ਨੇ ਹਰੇ ਭਰੇ ਕਰ ਦਿੱਤੇ ਹਨ। ਬਨਸਪਤੀ ਵਿੱਚ ਕੁਝ ਬੂਟੇ ਗਰਮ ਸੁਭਾਅ ਦੇ ਹਨ ਅਤੇ ਕੁਝ ਠੰਢੇ, ਬਸ ਬਨਸਪਤੀ ਵਿੱਚ ਜੋ ਉੱਚਤਾ ਹੈ ਉਹ ਚੰਦਨ ਨੂੰ ਮਿਲੇ ਚੰਦਨ ਸਿਖਰ ਹੈ, ਸ਼ੀਤਲ ਤੇ ਸੁਗੰਧ ਲੁਟਾਉਣਾ ਇਸਦਾ ਸੁਭਾਅ ਹੈ। ਆਲੇ ਦੁਆਲੇ ਦੀ ਬਨਸਪਤੀ ਨੂੰ ਮੁਅੱਤਰ ਕਰ ਦਿੰਦਾ ਹੈ। ਇਸ ਵਾਸਤੇ ਦਾਨੀ ਸੁਭਾਅ ਦਾ ਹੋਵੇ, ਗੁਣਵਾਨ ਤੇ ਠੰਡੇ ਮਿਜਾਜ਼ ਦਾ ਹੋਵੇ, ਅਸੀਂ ਉਸ ਨੂੰ ਕਹਿ ਦਿੰਦੇ ਹਾਂ ਇਹ ਤਾਂ ਚੰਦਨ ਦੀ ਤਰਾਂ ਹੈ। ਜਿੱਥੇ ਪੱਥਰਾਂ ਵਿੱਚ ਅਸੀਂ ਮਹਾਨ ਮਨੁੱਖਾਂ ਨੂੰ ਹੀਰਿਆਂ ਨਾਲ ਤੁਲਨਾ ਦਿੱਤੀ ਉੱਥੇ ਬਨਾਸਪਤੀ ਵਿੱਚ ਚੰਦਨ ਰਾਹੀਂ ਦਿੱਤੀ ਹੈ, ਹੀਰਿਆਂ ਦੀ ਤਰਾਂ ਚੰਦਨ ਵੀ ਧਰਮ ਮੰਦਰਾਂ ਦੀ ਰੌਣਕ ਬਣਿਆ ਤੇ ਸਤਿਕਾਰਿਆ ਗਿਆ।

ਬਨਸਪਤੀ ਤੋਂ ਬਾਅਦ ਜੀਵਨ ਤੀਜੇ ਪੜਾਅ ਤੇ ਆਇਆ ਜਿਸ ਨੂੰ ਅਸੀਂ ਪਸ਼ੂ ਪੰਛੀ ਆਖਦੇ ਹਾਂ, ਪਸ਼ੂ ਅੱਧਾ ਸੁੱਤਾ ਹੋਇਆ ਹੈ, ਅੱਧਾ ਜਾਗਦਾ ਹੈ, ਬਨਾਸਪਤੀ ਨਾਲੋਂ ਜ਼ਿਆਦਾ ਜਾਗਿਆ ਹੋਇਆ ਹੈ। ਦੁੱਖ ਸੁੱਖ ਜ਼ਿਆਦਾ ਮਹਿਸੂਸ ਕਰਦਾ ਹੈ, ਨਰ ਮਦੀਨ ਦੀ ਪਹਿਚਾਣ ਸਿੱਧੀ ਹੋ ਜਾਂਦੀ ਹੈ, ਜਿਸ ਤਰਾਂ ਬਨਸਪਤੀ ਵਿੱਚੋਂ ਕੁਝ ਬਹੁਤ ਅਗਾਂਹ ਹਨ, ਫਲ, ਫੁੱਲ ਤੇ ਸੁਗੰਧੀ ਦੇਣ ਵਾਲੇ ਹਨ। ਇਸ ਤਰਾਂ ਪਸ਼ੂ ਜਗਤ ਵਿੱਚੋਂ ਵੀ ਕੁਝ ਬਹੁਤ ਵਿਕਾਸ ਕਰ ਗਏ ਹਨ। ਪ੍ਰਕਿਰਤੀ ਨੇ ਕਈਆਂ ਨੂੰ ਸਰੂਪ ਸੁੰਦਰ ਦਿੱਤਾ ਹੈ ਤੇ ਕਈਆਂ ਨੂੰ ਕੰਠ ਸੁਰੀਲਾ ਤੇ ਕਈ ਤੇਜ਼ ਫੁਰਤੀਲੇ ਹਨ। ਸ਼ੇਰ ਸਾਹਸ ਵਿੱਚ ਬਹੁਤ ਅੱਗੇ ਹੈ, ਗਊ ਸ਼ਰਾਫਤ ਹਲੇਮੀ ਸੁਭਾਅ ਵਿਚ, ਆਪਣਾ ਖਾਸ ਸਥਾਨ ਬਣਾਈ ਬੈਠੀ ਹੈ। ਘੋੜਾ ਫੁਰਤੀਲਾ ਤੇ ਤੇਜ਼ ਹੁੰਦਾ ਹੈ, ਹਿਰਨ ਦੀ ਦੌੜ ਤੇ ਛਲਾਂਗ ਵਿਸਮਾਦ ਕਰ ਦਿੰਦੀ ਹੈ। ਹਾਥੀ ਦਾ ਆਕਾਰ ਆਪਣਾ ਇੱਕ ਖ਼ਾਸ ਸਥਾਨ ਰੱਖਦਾ ਹੈ। ਮੋਰ ਦੀ ਸੁੰਦਰਤਾ ਹੰਸ ਦੀ ਪਵਿੱਤਰਤਾ, ਅਨਿਲ ਪੰਛੀ ਦੀ ਬੁਲੰਦ ਪਰਵਾਜ਼ੀ ਦਾ ਤਾਂ ਕੋਈ ਮੁਕਾਬਲਾ ਹੀ ਨਹੀਂ ਕਰ ਸਕਦਾ ਹੈ।

ਜਿਨਾਂ ਪਸ਼ੂ ਪੰਛੀਆਂ ਅੰਦਰ ਦੈਵੀ ਗੁਣ ਦੀ ਝਲਕ ਜ਼ਿਆਦਾ ਵੇਖੀ ਗਈ ਉਹ ਪ੍ਰੇਰਨਾ ਦੇ ਪ੍ਰਤੀਕ ਬਣੇ ਤੇ ਧਰਮ ਮੰਦਰਾਂ ਦੀ ਰੌਣਕ ਵੀ ਬਣ ਗਏ ਹਨ। ਮੋਰ ਹੰਸ ਗਊ ਸੂਰ ਜ਼ਿੰਦਾ ਜਾਂ ਇਨਾਂ ਦੀਆਂ ਮੂਰਤੀਆਂ ਨੂੰ ਧਰਮ ਮੰਦਰਾਂ ਵਿਚ ਸੁਸ਼ੋਭਿਤ ਕੀਤਾ ਗਿਆ ਹੈ।ਇਨਾਂ ਪਸ਼ੂ ਪੰਛੀਆਂ ਵਿਚੋਂ ਕਿਸੇ ਕਿਸੇ ਵਿਚ ਬੌਧਿਕ ਬਲ ਬਹੁਤ ਜ਼ਿਆਦਾ ਹੁੰਦਾ ਹੈ ਤੇ ਉਹ ਕਰਤਾਰ ਦਾ ਚਿੰਤਨ ਵੀ ਕਰ ਲੈਂਦੇ ਹਨ ਜਿਵੇਂ ਕਿ ਇੱਕ ਹਾਥੀ ਦਾ ਪ੍ਰਸੰਗ ਧਾਰਮਿਕ ਗ੍ਰੰਥਾਂ ਵਿੱਚ ਆਉਂਦਾ ਹੈ।

ਦੁਖਤ ਗਜਿੰਦ ਅਰ ਬਿੰਦ ਗਹਿ ਭੇਟ ਰਾਖੈ, ਤਾਕੇ ਕਾਜੇ ਚਕਰ ਪਾਣ ਆਣ ਗ੍ਰਸੇ ਗ੍ਰਾਹ ਜੀ (ਭਾਈ ਗੁਰਦਾਸ ਜੀ)

ਇਸੇ ਤਰਾਂ ਗਊ ਵੀ ਬਹੁਤ ਜਾਗੀ ਹੋਈ ਜੂਨ ਹੈ, ਇਸੇ ਵਾਸਤੇ ਜਾਗੇ ਹੋਏ ਜਾਨਵਰ ਦਾ ਮਾਸ ਖਾਣਾ ਬਜਰ ਪਾਪ ਦੱਸਿਆ ਗਿਆ ਹੈ। ਕਿਉਂਕਿ ਇਨਾਂ ਨੂੰ ਪੀੜਾ ਬਹੁਤ ਜ਼ਿਆਦਾ ਹੁੰਦੀ ਹੈ ਤੇ ਮਨੁੱਖ ਦੇ ਬਹੁਤ ਨੇੜੇ ਹੈ, ਪਰ ਭਾਰਤੀ ਰਿਸ਼ੀਆਂ ਦੇ ਕਥਨ ਅਨੁਸਾਰ ਗਊ ਬਹੁਤ ਨੇੜੇ ਹੈ। ਮਨੁੱਖ ਦਾ ਸਰੀਰ ਬੰਦਰ ਦਾ ਨਾਲ ਮਿਲਦਾ ਜੁਲਦਾ ਹੈ ਪਰ ਚੇਤਨਾ ਦੇ ਤਲ ਤੇ ਗਊ ਮਨੁੱਖ ਦੇ ਬਹੁਤ ਨੇੜੇ ਹੈ। ਪਸ਼ੂ ਜਗਤ ਤੋਂ ਬਾਅਦ ਚੇਤਨਾ ਦਾ ਚੌਥਾ ਪੜਾਅ ਹੈ, ਮਨੁੱਖਾ ਜੂਨ, ਇਹ ਜੂਨ ਵਿਕਾਸ ਦਾ ਸਿਖਰ ਹੈ।

ਪੱਥਰ ਬਨਸਪਤੀ ਤੇ ਪਸ਼ੂ ਪੰਛੀ ਅਗਾਂਹ ਤਾਂ ਵਿਕਾਸ ਕਰ ਸਕਦੇ ਹਨ, ਪਰ ਪਿਛਾਂਹ ਜਾਣ ਦਾ ਕੋਈ ਸਾਧਨ ਇਨਾਂ ਪਾਸ ਨਹੀਂ ਹੈ। ਮਨੁੱਖ ਅੱਗੇ ਜਾਂ ਪਿੱਛੇ ਜਾ ਸਕਦਾ ਹੈ। ਅਸੀਂ ਕਿਸੇ ਵੀ ਕੁੱਤੇ ਨੂੰ ਇਹ ਨਹੀਂ ਆਖਦੇ ਕਿ ਇਹ ਕੁੱਤੇ ਤੂੰ ਕੁੱਤਾ ਬਣ ਜਾਵੇ ਜਾਂ ਇਹ ਬਿੱਲੀ ਤੂੰ ਬਿੱਲੀ ਬਣ ਜਾਵੇ ਜਾਂ ਇਹ ਖੋਤੇ ਤੂੰ ਖੋਤਾ ਬਣ ਜਾ, ਪਰ ਅਸੀਂ ਇਕ ਬੰਦੇ ਨੂੰ ਰੋਜ਼ ਆਖਦੇ ਹਾਂ ਕਿ ਇਹ ਬੰਦੇ ਤੂੰ ਬੰਦਾ ਬਣ ਜਾ। ਮਨੁੱਖ ਦਾ ਮਨੁੱਖ ਬਣਨਾ ਕਠਨ ਹੋ ਗਿਆ ਹੈ ਕਿਉਂਕਿ ਮਨੁੱਖ ਨੇ ਪਿੱਛੇ ਮੋੜਾ ਪਾ ਲਿਆ ਹੈ। ਮਨੁੱਖ ਅੱਗੇ ਜਾਵੇ ਤਾਂ ਦੇਵਤਾ ਬਣ ਜਾਂਦਾ ਹੈ ਪਰ ਪਿੱਛੇ ਮੁੜੇ ਤਾਂ ਪਸ਼ੂ ਅਤੇ ਪਸ਼ੂਆਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ, ਕਿਉਂਕਿ ਜਿਸ ਜੂਨ ਤੋਂ ਇਹ ਲੰਘ ਕੇ ਆਇਆ ਹੈ ਉਨਾਂ ਦੇ ਸੰਸਕਾਰ ਨਾਲ ਲੈ ਆਇਆ ਹੈ ਜਿਸ ਕਰਕੇ ਪਿੱਛੇ ਜਾਣ ਦੀ ਬੜੀ ਖਿੱਚ ਹੈ। ਇਸ ਲਈ ਇਸ ਨੂੰ ਅਗਾਂਹ ਕਰਨ ਲਈ ਹੀ ਅਵਤਾਰੀ ਪੁਰਸ਼ ਜਗਤ ਵਿਚ ਆਉਂਦੇ ਹਨ। ਇੱਕ ਮਿੱਥ ਹੈ ਕਿ ਮਛੰਦਰ ਦਾ ਮੱਛੀ ਤੋਂ ਜਨਮ ਹੋਇਆ ਸੀ ਪਾਂਡਵ ਦਾ ਮੈਂਡਕੀ ਤੋਂ ਤੇ ਰਿਸ਼ੀ ਗੋਕੁਲ ਦਾ ਗਊ ਤੋਂ ਜਨਮ ਹੋਇਆ ਸੀ। ਇਹ ਪ੍ਰਕਿਰਤੀ ਦੇ ਨਿਯਮ ਦੇ ਬਿਲਕੁਲ ਉਲਟ ਹੈ। ਮਨੁੱਖ ਨੂੰ ਮੱਛੀ ਜਨਮ ਦੇਣ ਵਿੱਚ ਅਸਮਰੱਥ ਹੈ, ਐਸਾ ਲੱਗਦਾ ਹੈ ਕਿ ਇਨਾਂ ਮਹਾਂਪੁਰਸ਼ਾਂ ਦੀ ਪਿਛਲੇ ਜਨਮ ਦੀ ਹੀ ਘੜੀ ਹੈ ਕਿ ਇਹ ਪਸ਼ੂ ਹੋਵਣ। ਅੱਸੀ ਸਾਲ ਦੀ ਉਹ ਉਮਰ ਵਿੱਚ ਮਛੰਦਰ ਨਾਥ ਦਾ ਵਿਆਹ ਕਰਾਣਾ ਤੇ ਵਿਲਾਸੀ ਹੋ ਜਾਣਾ ਮੱਛੀ ਦੇ ਸੰਸਕਾਰਾਂ ਦੀ ਨਿਸ਼ਾਨੀ ਹੈ। ਇਹ ਰਿਸ਼ੀ ਜਪ ਤਪ ਕਰਕੇ ਤਮਾਮ ਸੰਸਕਾਰ ਧੋ ਬੈਠਾ ਸੀ ਪਰ ਇੱਕ ਮੱਛੀ ਦੀ ਰੇਖਾ ਅੰਦਰ ਰਹਿ ਗਈ ਸੀ ਜਿਸ ਨੇ ਬੁਢਾਪੇ ਵਿੱਚ ਮਹਾਂ ਯੂਕੀ ਨੂੰ ਭ੍ਰਿਸ਼ਟ ਕਰ ਦਿੱਤਾ।

ਕਿਸੇ ਵੀ ਵਿਚਾਰ ਦੀ ਸੱਚਾਈ ਨਾਲ ਸਹਿਮਤ ਨਾ ਹੋਣ ਤੇ ਆਪਣਾ ਹੀ ਅਲੱਗ ਦ੍ਰਿਸ਼ਟੀਕੋਣ ਰੱਖਣਾ ਇਹ ਮਾਨਵ ਦਾ ਸੁਭਾਅ ਹੈ, ਹਰ ਮਿੰਟ ਦਾ ਆਪਣਾ ਹੀ ਰਸਤਾ ਹੁੰਦਾ ਹੈ। ਇਸ ਵਾਸਤੇ ਕਹਿੰਦੇ ਹਨ ਕਿ ਡੱਡੂਆਂ ਦੀ ਪਸੇਰੀ ਨਹੀਂ ਹੋ ਸਕਦੀ। ਰਿਸ਼ੀ ਗੋਗੜ ਨੂੰ ਹਰ ਕੋਈ ਠੱਗ ਲੈਂਦਾ ਸੀ ਤੇ ਇਹ ਆਪਣੇ ਸਿਰ ਸੁਆਹ ਕਰ ਕੇ ਹਰ ਇੱਕ ਤੇ ਭਰੋਸਾ ਕਰ ਲੈਂਦਾ ਸੀ। ਇਹ ਸੁਭਾਅ ਪਿਛਲੇ ਜਨਮ ਦੀ ਘੜੀ ਗਊ ਤੋਂ ਮਿਲਿਆ ਜਾਪਦਾ ਹੈ। ਮਨੁੱਖ ਦਾ ਦੈਂਤ ਹੋ ਜਾਣਾ ਜਾਂ ਪਸ਼ੂ ਵੱਤ ਹੋ ਜਾਣਾ ਇਹ ਭੂਤਕਾਲ ਦੀ ਸਮਰਿਤੀ ਹੈ, ਪਰ ਮਨੁੱਖ ਦਾ ਦੇਵਤਾ ਹੋ ਜਾਣਾ ਭਵਿੱਖ ਦੀ ਸੰਭਾਵਨਾ ਹੈ। ਇਹ ਸੰਭਾਵਨਾ ਸਾਕਾਰ ਰੂਪ ਧਾਰਨ ਕਰ ਸਕੇ, ਜਪ,ਤਪ,ਸੰਜਮ ਤੇ ਸਤਿਸੰਗ ਦੀ ਲੋੜ ਹੈ ਤਾਂ ਕਿ ਚੇਤਨਾ ਉਸ ਵਿਰਾਟ ਰੂਪ ਅਕਾਲ ਪੁਰਖ ਤੱਕ ਪੁੱਜ ਸਕੇ, ਜਿੱਥੇ ਸਾਰੀ ਭਟਕਣਾ ਮਿਟ ਜਾਂਦੀ ਹੈ। ਮਨੁੱਖ ਨੂੰ ਆਪਣਾ ਨਿੱਜ ਧਾਮ ਪ੍ਰਾਪਤ ਹੋ ਜਾਂਦਾ ਹੈ : ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪ੍ਰਾਣੀ ਸੰਗਿ ਪਾਨੀ॥

---

# ਆਖ਼ਰੀ ਖ਼ਤ ਸਿੰਘ ਸਾਹਿਬ ਗਿਆਨੀ ਹਰਦੀਪ ਸਿੰਘ ਜੀ ਦੇ ਨਾਮ



**ਅਬਿਨਾਸ਼ ਮਹਾਪਾਤਰਾ**
ਸਿੱਖ ਇਤਿਹਾਸਕਾਰ ਅਤੇ ਲੇਖਕ
ਪ੍ਰਧਾਨ- ਪੰਜਾਬੀ ਗਲੋਬਲ ਫਾਊਂਡੇਸ਼ਨ (ਉੜੀਸਾ ਚੈਪਟਰ)
ਮੋਬੀ: 9439394882, 8984048446

ਸਿੰਘ ਸਾਹਿਬ ਜੀ ਆਪ ਜੀ ਇਸ ਪੂਰੇ ਸੰਸਾਰ ਵਿਚ ਸਭ ਤੋਂ ਉਚ ਕੋਟੀ ਦੇ ਸ਼੍ਰੋਮਣੀ ਪੰਥਕ ਵਿਦਵਾਨ, ਮਹਾਨ ਗੁਰਮਤਿ ਮਰਤਾਂਡ, ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਵਾਲੇ ਉਹ ਸੂਰਜ ਹੋ ਜੋ ਇਨਸਾਨੀ ਹਿਰਦੇ ਦੇ ਕਣ ਕਣ ਵਿਚ ਮਨੁੱਖਤਾ ਦੇ ਹਨੇਰੇ ਨੂੰ ਦੂਰ ਕਰਕੇ ਮਹਾਂਕਾਲ ਦੀ ਗੁਰਮਤਿ ਚੇਤਨਾ ਰਾਹੀਂ ਸਰੀਰ ਦੇ ਰਗ ਰਗ ਨੂੰ ਰੋਸ਼ਨਾ ਦੇਂਦੇ ਹਨ। ਜ਼ਹਰਾ ਜ਼ਹੂਰ, ਕਲਗੀਧਰ ਸੱਚੇ ਪਾਤਸ਼ਾਹ, ਜਗਤ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਆਪ ਜੀ ਉਹ ਗੁਰ ਪਿਆਰੇ ਗੁਰ ਖ਼ਾਲਸਾ ਹੋ ਜਿਨ੍ਹਾਂ ਨੇ ਆਪਣੀ ਸਾਰੀ ਉਮਰ 300 ਸਾਲਾਂ ਤੋਂ ਵੱਧ ਕੇ ਜੋ ਹਜ਼ੂਰੀ ਗੁਰ ਖ਼ਾਲਸਾ ਸਿੱਖ ਰਹਿਤ ਮਰਿਯਾਦਾ ਹੈ ਉਸ ਦੇ ਉਪਰ ਖੁਦ ਵੀ ਪਹਿਰਾ ਦੇਂਦੇ ਰਹੇ ਅਤੇ ਦੂਜਿਆਂ ਨੂੰ ਵੀ ਉਸ ਕਾਬਿਲ ਬਣਾਇਆ। ਹਜ਼ੂਰੀ ਟਕਸਾਲ ਦੇ ਮੁੱਖੀ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ (ਨਾਂਦੇੜ) ਦੇ ਸਾਬਕਾ ਹੈਡ ਗ੍ਰੰਥੀ, ਇਕ ਮਹਾਨ ਗੁਰਸਿੱਖ ਪੰਥਕ ਵਿਦਵਾਨ ਹੋਣ ਦੇ ਨਾਤੇ ਜੋ ਗੁਰਮਤਿ ਗਿਆਨ ਆਪ ਜੀ ਨੇ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਪ੍ਰਦਾਨ ਕੀਤਾ ਹੈ, ਉਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਆਪ ਜੀ ਨਾ ਸਿਰਫ਼ ਉਹਨਾਂ ਦੇ ਵਿਦਿਆ ਗੁਰੂ ਸੀ ਬਲਕਿ ਇਕ ਪਿਤਾ ਸਮਾਨ ਵੀ ਸਨ। ਆਪ ਜੀ ਨੇ ਹਜ਼ੂਰੀ ਟਕਸਾਲ ਦੇ ਸਾਰੇ ਵਿਦਿਆਰਥੀਆ ਨੂੰ ਬਿਨਾਂ ਕਿਸੇ ਉਚ ਨੀਚ ਤੇ ਭੇਦ ਭਾਵ ਤੋਂ ਸਮਾਨ ਦ੍ਰਿਸ਼ਟੀਕੋਣ ਰੱਖਦੇ ਹੋਏ ਗਿਆਨ ਦਿਤਾ ਸੀ। ਜਿਸ ਤਰੀਕੇ ਨਾਲ ਆਪ ਜੀ ਨੇ ਜਾਗਤੀ ਜੋਤ, ਹਾਜ਼ਰਾ ਹਜ਼ੂਰ, ਚੰਦੋਇਆ ਚਵਰ ਸੇਵਾ ਦੇ ਮਾਲਿਕ, ਸਰਵ ਕਲਾ ਭਰਪੂਰ, ਰਾਜਨ ਕੇ ਰਾਜਾ ਜਗਤ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਬਾਣੀ-ਬਾਣਾ ਦੇ ਪ੍ਰਤੀਕ, ਵੀਰ ਰਸੀ ਭਰਪੂਰ, ਦਸਮ ਪਾਤਸ਼ਾਹ ਜੀ ਦੀ ਕਲਮ-ਏ-ਕਮਾਲ ਸ੍ਰੀ ਦਸਮ ਬਾਣੀ ਦੀ ਸੰਥਿਆ ਜਿਸ ਤਰੀਕੇ ਨਾਲ ਆਪ ਕਰਵਾਉਂਦੇ ਸੀ ਉਹ ਇਸ ਸਗਲ ਸ੍ਰਿਸ਼ਟ ਵਿਚ ਕੋਈ ਹੋਰ ਨਹੀਂ ਕਰਵਾ ਸਕਦਾ। ਦਸਮ ਪਾਤਸ਼ਾਹ ਜੀ ਦੇ ਸ੍ਰੀ ਅਬਚਲਨਗਰ ਸਾਹਿਬ ਜੀ (ਨਾਂਦੇੜ) ਵਿਚ ਵਸਦੇ ਹੋਏ ਇਕ-ਇਕ ਹਜ਼ੂਰੀ ਸਿੰਘ/ ਸਿੰਘਣੀਆਂ ਦੇ ਜੋ ਹਜ਼ੂਰੀ ਗੁਰਸਿੱਖੀ ਸਰੂਪ ਹੈ ਉਹ ਆਪ ਜੀ ਦੁਆਰਾ ਹਜੂਰੀ ਟਕਸਾਲ ਜ਼ਰੀਏ ਚਲਾਏ ਗਏ ਹਜ਼ੂਰੀ ਗੁਰਮਤਿ ਚੇਤਨਾ ਲਹਿਰ ਦਾ ਪ੍ਰਤੀਕ ਹੈ। ਆਪ ਜੀ ਦੁਆਰਾ ਦਿਤੇ ਗਏ ਹਜ਼ੂਰੀ ਗੁਰਮਤਿ ਗਿਆਨ ਦੇ ਪ੍ਰਤੱਖ ਰੂਪ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਜੀ (ਨਾਂਦੇੜ) ਦੇ ਮੌਜੂਦਾ ਜਥੇਦਾਰ ਪਰਮ ਸਨਮਾਨਯੋਗ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਆਪ ਜੀ ਦੇ ਜਵਾਈ ਪਰਮ ਸਨਮਾਨ ਯੋਗ ਸਿੰਘ ਸਾਹਿਬ ਗਿਆਨੀ ਗਗਨਦੀਪ ਸਿੰਘ ਜੀ ਅੱਜ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਇਕ ਬਹੁਤ ਹੀ ਗੁਣਵਾਨ ਤੇ ਗੁਰੂ ਪ੍ਰੇਮ ਵਿਚ ਲੀਨ ਰਹਿਣ ਵਾਲੇ ਸੀਨੀਅਰ ਕਥਾ ਵਾਚਕ ਬਣ ਚੁਕੇ ਹਨ। ਆਪ ਜੀ ਦਾ ਸੱਚਖੰਡ ਗਮਨ (ਅਕਾਲ ਚਲਾਣਾ) ਨਾ ਸਿਰਫ਼ ਹਜ਼ੂਰੀ ਟਕਸਾਲ ਜਾ ਅਬਚਲਨਗਰ ਸਾਹਿਬ ਜੀ (ਨਾਂਦੇੜ) ਦੀ



ਧਰਤੀ ਸੁੰਨੀ ਹੋ ਕੇ ਹੰਝੂਆਂ ਨਾਲ ਬਹਿ ਰਹੀ ਹੈ ਅਤੇ ਸਾਨੂੰ ਦੁੱਖਾਂ ਦੇ ਸਾਗਰ ਵਿਚ ਲੀਨ ਕਰ ਰਹੀ ਹੈ, ਪਰ ਅਸੀਂ ਸਭ ਇਹ ਵੀ ਜਾਣਦੇ ਹਾਂ ਕਿ ਸੱਚਖੰਡ ਵਿਚ ਆਪ ਜੀ ਦਾ ਫੁੱਲਾਂ ਨਾਲ ਸਤਿਕਾਰ ਹੋ ਰਿਹਾ ਹੈ। ਮੈਨੂੰ ਯਾਦ ਹੈ ਅਪ੍ਰੈਲ 2020 ਵਿਚ ਜਦੋਂ ਆਪਣੀ ਮੁਲਾਕਾਤ ਫ਼ੋਨ ਦੇ ਜਰੀਏ ਹੋਈ ਸੀ, ਉਸ ਰਾਬਤਾ ਦੌਰਾਨ ਹੋਈ ਹਜ਼ੂਰੀ ਗੁਰਮਤਿ ਗਿਆਨ ਦੇ ਉਪਰ ਚਰਚਾ 3 ਘੰਟੇ ਤੋਂ ਵੀ ਵੱਧ ਕੇ ਚੱਲ ਗਈ ਸੀ। ਆਪ ਜੀ ਦੁਆਰਾ ਬੋਲਿਆ ਹਰ ਇਕ ਸ਼ਬਦ, ਸ਼ਬਦ ਬਾਣੀ ਦੀ ਵਿਆਖਿਆ , ਗੁਰਮਤਿ ਕਥਾ ਵੀਚਾਰ, ਅੱਜ ਵੀ ਮੇਰੀਆਂ ਡਾਇਰੀਆ ਵਿਚ ਕਲਮਬੰਦ ਹਨ। ਆਪ ਜੀ ਦੁਆਰਾ ਭੇਜੀ ਗਈ ਪੋਥੀ- ਰਚਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ( ਨਿਤਨੇਮ, ਸ੍ਰੀ ਦਸ ਗ੍ਰੰਥੀ ਅਤੇ ਹੋਰ ਬਾਣੀਆਂ) ਜਿਸ ਦੀ ਸੋਧਕ ਤੇ ਪ੍ਰਕਾਸ਼ਨ ਆਪ ਜੀ ਨੇ ਹਜ਼ੂਰੀ ਟਕਸਾਲ ਜ਼ਰੀਏ ਖੁਦ ਕੀਤੀ ਸੀ ਉਹ ਅੱਜ ਵੀ ਮੇਰੀ ਗੁਰਮਤਿ ਲਾਇਬਰੇਰੀ ਵਿਖੇ ਪਰਮ ਸਤਿਕਾਰ ਨਾਲ ਸੁਸ਼ੋਭਿਤ ਹੈ। ਮੈਂ ਅਬਿਨਾਸ਼ ਮਹਾਪਾਤਰਾ, ਪੂਰਬੀ ਭਾਰਤ ਵਿਚ ਹਜ਼ੂਰੀ ਗੁਰ ਖ਼ਾਲਸਾ ਮਰਿਯਾਦਾ ਉਤੇ ਪਹਿਰਾ ਦੇਣ ਵਾਲਾ ਅਤੇ ਪੰਜਾਬੀ ਗਲੋਬਲ ਫਾਊਂਡੇਸ਼ਨ (ਉੜੀਸਾ ਚੈਪਟਰ) ਦਾ ਪ੍ਰਧਾਨ ਹੋਣ ਦੇ ਨਾਤੇ ਆਪ ਜੀ ਨਾਲ ਵਾਅਦਾ ਕਰਦਾ ਹਾਂ ਕਿ ਆਪ ਜੀ ਦੀਆਂ ਸਾਰੀਆਂ ਰਚਨਾਵਾਂ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਜੀ (ਨਾਂਦੇੜ) ਦੀ ਗੁਰਦੁਆਰਾ ਪ੍ਰਬੰਧਕੀ ਬੋਰਡ ਦੀ ਸਰਪ੍ਰਸਤੀ ਵਿਚ ਪ੍ਰਕਾਸ਼ਨ ਕਰ ਕੇ ਇਸ ਦੁਨੀਆਂ ਦੇ ਹਰ ਇਕ ਕੋਨੇ ਵਿੱਚ ਪਹੁੰਚਾਉਣ ਦਾ ਭਾਰ ਦਾਸ ਆਪਣੇ ਉਤੇ ਲੈਂਦਾ ਹੈ। ਆਪ ਜਿਹੇ ਗੁਰ ਪਿਆਰਿਓ ਗੁਰ ਖ਼ਾਲਸਾ ਪੂਰਨ ਹਜੂਰੀ ਗੁਰ ਸਿੱਖ ਇਸ ਦੁਨੀਆਂ ਉਤੇ ਬਹੁਤ ਘੱਟ ਗਿਣਤੀ ਵਿਚ ਆਓਂਦੇ ਹਨ ਜਿਨ੍ਹਾਂ ਦੇ ਅੱਗੇ ਮੈਂ ਝੁਕ ਕੇ ਕੋਟਨ ਕੋਟ ਨਮਸਕਾਰ ਕਰਦਾ ਹਾਂ। ਮੇਰੀਆਂ ਅੱਖਾਂ ਅੱਜ ਤੁਹਾਡੇ ਵਿਛੋੜੇ ਦੇ ਵੈਰਾਗ ਨਾਲ ਨਮ ਹੋ ਗਈਆਂ ਤੇ ਮੇਰੀ ਸੋਚ ਤੋਂ ਉਪਜਿਆ ਹਰ ਸ਼ਬਦ ਆਪ ਜੀ ਦੇ ਬੋਲੇ ਹੋਏ ਹਰਫ਼ਾਂ ਨਾਲ ਭਰਿਆ ਹੋਈਆ ਜਾਪਦਾ ਹੈ। ਇਸ ਖ਼ਤ ਦੀ ਸੰਪੂਰਨਤਾ ਹੰਝੂਆਂ ਦੇ ਵਗਦੇ ਨੀਰ ਰਾਹੀਂ ਸਮਾਪਤ ਕਰ ਰਿਹਾ ਹਾਂ।

# ਸਿੰਘ ਸਭਾ ਲਹਿਰ

## 1 ਅਕਤੂਬਰ 1873 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

29 ਮਾਰਚ, 1849 ਨੂੰ ਪੰਜਾਬ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਯਾਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ, ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ ਪਰ ਗੁਰੂ ਡੰਮ ਦਾ ਜ਼ੋਰ ਹੋਣ ਕਰ ਕੇ ਇਹ ਲਹਿਰ ਪੋਠੋਹਾਰ ਵਿਚ ਹੀ ਖ਼ਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ, ਜਿਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14-15 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਕੁ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ ਲਏ। ਹਿਦੂ-ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖ ਰਾਜ ਆਦਿ ਨੇ ਅੰਗਰੇਜ਼ੀ ਸ਼ਹਿ 'ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸ. ਅਮਰ ਸਿੰਘ ਮੀਤ ਸਕੱਤਰ, ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਉਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਯਾਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ। ਹਿਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ ਪਰ ਇਸ ਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਰੱਖਦੇ ਸਨ। ਸ. ਠਾਕੁਰ ਸਿੰਘ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜ਼ੋਰ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ-ਮਾਤਰ ਜਿਹਾ ਹੋ ਗਿਆ।

ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜਾਈ ਛੱਡ ਕੇ ਉਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ-

1. ਸਿੱਖ ਧਰਮ ਦੀ ਵਿਸਰੀ ਮਰਯਾਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ। ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ।
4. ਪੰਜਾਬੀ ਬੋਲੀ ਵਿਚ ਅਖ਼ਬਾਰ/ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਤੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ।
7. ਹਕੂਮਤ ਨਾਲ ਟਕਰਾਓ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ। ਉਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣ ਕੀਤਾ। ਸਿੱਖ ਧਰਮ ਲਈ ਉਤਸ਼ਾਹਤ ਕੀਤਾ। ਧਾਰਮਿਕ ਵਿਸ਼ੇ 'ਤੇ ਪੁਸਤਕਾਂ ਵੀ ਲਿਖੀਆਂ। ਹੋਰ ਪ੍ਰਾਪਤੀਆਂ ਵਿੱਚ :-

1. ਪੱਤਰਕਾਰੀ ਵਿਚ ਕੰਮ ਕੀਤਾ ਤੇ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ।
2. ਵਿਦਿਅਕ ਪੰਜਾਬ ਵਿਚ ਵਿਦਿਆ ਦਾ ਪ੍ਰਚਾਰ ਹੋਇਆ।
3. ਸੰਨ 1885 ਵਿਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ।
4. ਸੰਨ 1886 ਵਿਚ ਰਸਾਲਾ ਸੁਧਾਰਕ-ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਹੀ ਖ਼ਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਵਿਖੇ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਦੀ ਇਤਿਹਾਸਕ ਖੋਜ ਲਈ ਵਿਦਵਾਨ ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਛਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਆਂ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧਣ ਲੱਗੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12/1879 ਈ. ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ ਸਪਤਾਹਿਕ ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ 'ਚ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮੱਤਭੇਦ ਪੈਦਾ ਹੋ ਗਿਆ। ਫਿਰ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1880 ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ ਜੋ ਮਰਯਾਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁ-ਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ ਸੀ, ਜੋ ਇਸ ਦੇ ਵਿਰੋਧੀ ਸਨ।

ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ ਜਿਸ ਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਜਿਸ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਇਸ ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਦੇ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। ਸੰਨ 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਯਾਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖ਼ਾਲਸਾ ਦੀਵਾਨ, ਅਕਾਲੀ ਲਹਿਰ ਨੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ, ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਰੱਖਿਆ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਬਾ ਇਤਿਹਾਸ ਵਾਚਣਯੋਗ ਹੈ।




## ਜ਼ਿੰਮੇਵਾਰ ਨਾਗਰਿਕ

ਬਾਅਦ ਦੁਪਹਿਰ ਦਾ ਵੇਲਾ ਸੀ। ਮੈਂ ਦਫਤਰੋਂ ਘਰ ਆ ਰਿਹਾ ਸੀ। ਸੜਕ ਦੂਰ ਤੱਕ ਸੱਪ ਵਾਂਗ ਮੇਲਦੀ ਲੱਗ ਰਹੀ ਸੀ। ਮੋਟਰਸਾਈਕਲ 'ਤੇ ਬੈਠੇ ਨੂੰ ਹਵਾ ਦੇ ਫਰਾਟੇ ਆ ਰਹੇ ਸਨ। ਅਚਾਨਕ ਮੇਰਾ ਧਿਆਨ ਖੇਤ ਦੀ ਇੱਕ ਮੋਟਰ ਦੇ ਕੋਠੇ ਦੇ ਅੱਗੇ ਇੱਕ ਰਚਨਾਤਮਕ ਕੰਮ 'ਤੇ ਪਿਆ। ਜਿੱਥੇ ਕਿਸਾਨਾਂ ਵੱਲੋਂ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਵਾਲੇ ਖਾਲੀ ਪੈਕਟ ਜੋ ਕਿ ਫਾਲਤੂ ਸਮਝ ਕੇ ਇੱਧਰ-ਉੱਧਰ ਸੁੱਟ ਦਿੱਤੇ ਜਾਂਦੇ ਹਨ। ਪਰ ਇਸ ਮੋਟਰ 'ਤੇ ਇਨਾਂ ਪੈਕਟਾਂ ਵਿੱਚ ਮਿੱਟੀ ਭਰ ਕੇ ਉਸ ਵਿੱਚ ਰੰਗ ਬਰੰਗੇ ਫੁੱਲ ਲਾਏ ਹੋਏ ਸਨ। ਰੂਹ ਨੂੰ ਸਕੂਨ ਮਿਲਿਆ।ਪਰ ਮੇਰੇ ਕੋਲੋਂ ਲੰਘਦੀ ਸਕੂਲ ਵੈਨ ਵਿਚੋਂ ਇੱਕ ਮਹਿੰਗੀ ਘੜੀ ਵਾਲੀ, ਸੁੰਦਰ ਕੱਪੜਿਆਂ ਵਾਲੀ, ਅੰਦਾਜ਼ਨ ਤੀਹ ਕੁ ਸਾਲ ਦੇ ਵਿਅਕਤੀ ਦੀ ਬਾਂਹ ਸ਼ੀਸ਼ੇ ਵਿੱਚੋਂ ਬਾਹਰ ਨਿਕਲਦੀ ਹੈ। ਕੁਰਕੁਰਿਆਂ ਵਾਲਾ ਖਾਲੀ ਪੈਕਟ ਬਾਹਰ ਹਵਾ ਵਿੱਚ ਛੱਡ ਕੇ ਅੰਦਰ ਚਲੀ ਜਾਂਦੀ ਹੈ। ਬਾਂਹ ਵਾਲਾ ਸੁਰਖ਼ਰੂ ਹੋ ਗਿਆ। ਵੈਨ ਵੀ ਹੌਲੀ-ਹੌਲੀ ਅੱਖੋਂ ਓਹਲੇ ਹੋ ਗਈ। ਮੈਂ ਵੀ ਘਰ ਚਲਾ ਗਿਆ। ਚਾਹ ਦਾ ਕੱਪ ਵੀ ਹੱਥ ਵਿਚ ਆ ਗਿਆ। ਪਰ ਇੱਕ ਜ਼ਿੰਮੇਵਾਰ ਨਾਗਰਿਕ ਵਾਲਾ ਸਵਾਲ ਅਜੇ ਵੀ ਮਨ ਵਿੱਚ ਖਰੂਦ ਮਚਾ ਰਿਹਾ ਸੀ।

- ਕੇਵਲ ਧਰਮਪੁਰਾ
੯੮੭੮੮੦੧੫੬੧

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਸਾਂਝ

## ਪੁਸਤਕ 'ਗੁਰੂ ਦਾ ਬੰਦਾ' ਵਿਚੋਂ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਗੁਰੂ ਜੀ ਨੇ ਇਨਾਂ ਪੰਜ ਸਿੰਘਾਂ ਦੀ ਚੋਣ ਕਰਕੇ ਅੰਮ੍ਰਿਤ ਤਿਆਰ ਕੀਤਾ। ਇਸ ਦੀ ਤਿਆਰੀ ਲਈ ਸ਼ੁੱਧ ਜਲ ਨੂੰ ਸਰਬ ਲੋਹ ਦੇ ਬਾਟੇ ਵਿੱਚ ਪਾਇਆ ਗਿਆ ਅਤੇ ਗੁਰੂ ਸਾਹਿਬ ਦੀ ਸੁਪਤਨੀ ਮਾਤਾ ਸਾਹਿਬ ਦੇਵਾਂ ਨੇ ਪਤਾਸੇ ਪਾਏ। ਸ਼ੁਧ ਜਲ ਅਤੇ ਪਤਾਸਿਆਂ ਦੇ ਮਿਸ਼ਰਨ ਨੂੰ ਪੰਜ ਬਾਣੀਆਂ ਦਾ ਪਾਠ ਕਰਕੇ ਖੰਡੇ ਨਾਲ ਹਿਲਾਇਆ ਗਿਆ। ਇਸ ਤਰਾਂ ਅੰਮ੍ਰਿਤ ਤਿਆਰ ਕੀਤਾ ਗਿਆ। ਉਪਰੰਤ ਇਹ ਅੰਮ੍ਰਿਤ ਪੰਜ ਸਿੱਖਾਂ ਨੂੰ ਵਾਰੋ ਵਾਰੀ ਇਕੋ ਬਾਟੇ ਵਿੱਚੋਂ ਛਕਾਇਆ ਗਿਆ। ਇਹਨਾਂ ਪੰਜ ਸਿੱਖਾਂ ਦੇ ਨਾਮ ਨਾਲ ਸਿੰਘ ਸ਼ਬਦ ਜੋੜੇ ਗਏ ਅਤੇ ਇਹਨਾਂ ਨੂੰ ਗੁਰੂ ਜੀ ਨੇ ਪੰਜ ਪਿਆਰਿਆਂ ਦਾ ਵਿਸ਼ੇਸ਼ਣ ਦਿੱਤਾ। ਇਸ ਉਪਰੰਤ ਗੁਰੂ ਜੀ ਨੇ ਖੁਦ ਇਨਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ। ਇਸ ਤਰਾਂ ਪੰਜ ਪਿਆਰਿਆਂ ਰਾਹੀਂ ਸੰਗਤਾਂ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਦਿੱਤਾ ਗਿਆ।

ਗੁਰੂ ਸਾਹਿਬ ਨੇ ਇਸ ਸਮੇਂ ਦੌਰਾਨ ਖਾਲਸਾ ਪੰਥ ਨੂੰ ਭਾਸ਼ਣ ਦਿੱਤਾ, ਜਿਸ ਦਾ ਵੇਰਵਾ ਬੂਟੇ ਸ਼ਾਹ ਨੇ ਸਭ ਤੋਂ ਪਹਿਲੀ ਵਾਰ ਆਪਣੀ ਲਿਖਤ ਤਵਾਰੀਖ-ਏ-ਪੰਜਾਬ ਵਿੱਚ ਦਿੱਤਾ ਹੈ। ਭਾਵੇਂ ਬੂਟੇ ਸ਼ਾਹ ਉਨੀਵੀਂ ਸਦੀ ਦੇ ਪੰਜਵੇਂ ਦਹਾਕੇ ਦਾ ਲੇਖਕ ਹੈ, ਪਰ ਉਸ ਨੇ ਪਹਿਲੀ ਵਾਰ ਇਹ ਬਿਆਨ ਆਪਣੀ ਲਿਖਤ ਵਿੱਚ ਦਿੱਤਾ ਹੈ। ਇਹ ਕਥਨ ਉਸ ਸਮੇਂ ਦੌਰਾਨ ਉਹਨਾਂ ਗੁਪਤ ਤੌਰ 'ਤੇ ਭੇਜੀਆਂ ਗਈਆਂ ਸਰਕਾਰੀ ਨਾਮਾਨਿਗਾਰਾਂ ਦੀਆਂ ਰਿਪੋਰਟਾਂ ਉੱਪਰ ਆਧਾਰਿਤ ਹੈ, ਜਿਹੜੀਆਂ ਖਾਲਸਾ ਸਾਜੇ ਜਾਣ ਵੇਲੇ ਅਨੰਦਪੁਰ ਸਾਹਿਬ ਵਿਖਾਏ ਇਕੱਠ ਵਿੱਚ ਸ਼ਾਮਲ ਸਰਕਾਰੀ ਗੁਪਤਚਰਾਂ ਵਲੋਂ ਔਰੰਗਜ਼ੇਬ ਨੂੰ ਭੇਜੀਆਂ ਗਈਆਂ ਸਨ। ਉਸ ਲਿਖਤ ਅਨੁਸਾਰ, 'ਮੇਰੀ ਇੱਛਾ ਹੈ ਕਿ ਤੁਸੀਂ ਸਭ ਇਕ ਮੱਤ ਦੇ ਅਨੁਯਾਈ ਅਤੇ ਇਕੋ ਰਸਤੇ ਦੇ ਪਾਂਧੀ ਬਣ ਜਾਓ ਅਤੇ ਧਰਮ ਦੇ ਸਾਰੇ ਵਿਤਕਰਿਆਂ ਨੂੰ ਆਪਣੇ ਦਿਮਾਗਾਂ ਵਿਚੋਂ ਕੱਢ ਦੇਵੋ। ਹਿੰਦੂਆਂ ਦੀਆਂ ਚਾਰੇ ਜਾਤਾਂ ਨੂੰ ਜਿਨਾਂ ਪ੍ਰਤੀ ਵੱਖ-ਵੱਖ ਨਿਯਮ ਸ਼ਾਸਤਰਾਂ ਵਿੱਚ ਦਿੱਤੇ ਗਏ ਹਨ, ਪੂਰੀ ਤਰਾਂ ਤਿਆਗ ਦਿੱਤਾ ਜਾਵੇ ਅਤੇ ਮਿਲਵਰਤਨ ਦਾ ਰਾਹ ਧਾਰਨ ਕਰਕੇ ਇਕ ਦੂਸਰੇ ਨਾਲ ਖੁਲਮ ਖੁਲਾ ਮਿਲਿਆ ਜਾਵੇ। ਕੋਈ ਵੀ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਚਾ ਨਾ ਸਮਝੇ। ਪੁਰਾਣੇ ਧਰਮ ਗ੍ਰੰਥਾਂ ਨੂੰ ਨਾ ਮੰਨੋ। ਤੁਹਾਡੇ ਵਿਚੋਂ ਕੋਈ ਵੀ ਦਰਿਆ ਗੰਗਾ ਅਤੇ ਹੋਰ ਯਾਤਰਾ ਅਸਥਾਨਾਂ ਦੀ ਜੋ ਹਿੰਦੂ ਧਰਮ ਵਿਚ ਪਵਿੱਤਰ ਗਿਣੇ ਜਾਦੇ ਹਨ, ਪੂਜਾ ਨਾ ਕਰੇ ਅਤੇ ਨਾ ਹੀ ਹਿੰਦੂ ਇਸ਼ਟਾਂ ਰਾਮ, ਕ੍ਰਿਸਨ, ਬ੍ਰਹਮਾ ਅਤੇ ਦੁਰਗਾ ਆਦਿ ਦੀ ਪੂਜਾ ਕਰੇ ਪਰ ਤੁਹਾਡੇ ਵਿਚੋਂ ਹਰ ਕੋਈ ਗੁਰੂ ਨਾਨਕ ਸਾਹਿਬ ਜੀ ਅਤੇ ਉਨਾਂ ਦੇ ਉੱਤਰ-ਅਧਿਕਾਰੀਆਂ ਵਿਚ ਸ਼ਰਧਾ ਰੱਖੇ। ਚਾਰੇ ਵਰਣਾਂ ਦੇ ਲੋਕ ਮੇਰਾ ਅੰਮ੍ਰਿਤ ਛਕਣ, ਇਕੋ ਬਾਟੇ ਵਿਚੋਂ ਪਰਸ਼ਾਦ ਛੱਕਣ ਅਤੇ ਇਕ ਦੂਸਰੇ ਲਈ ਘ੍ਰਿਣਾ ਦੀ ਭਾਵਨਾ ਮਨ ਵਿੱਚ ਨਾ ਰੱਖੀ ਜਾਵੇ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ ਸਾਮਾਜਿਕ, ਧਾਰਮਿਕ, ਸਭਿਆਚਾਰਕ, ਰਾਜਨੀਤਕ ਤੌਰ 'ਤੇ ਇਕ ਮਹਾਨ ਇਨਕਲਾਬੀ ਕਦਮ ਸੀ, ਜੋ ਕਿ ਬ੍ਰਾਹਮਣਵਾਦ ਨੂੰ ਵੱਡੀ ਚੁਣੌਤੀ ਸੀ, ਕਿਉਂਕਿ ਉਹ ਸਮਾਜ ਨੂੰ ਜਾਤੀਵਾਦੀ, ਕਰਮਕਾਂਡ ਦੀ ਗੁਲਾਮੀ ਵਿੱਚ ਜਕੜ ਕੇ ਰੱਖਣਾ ਚਾਹੁੰਦਾ ਸੀ। ਗੁਰੂ ਸਾਹਿਬ ਇਸ ਭਵਜਲ ਵਿੱਚੋਂ ਸਮਾਜ ਨੂੰ ਪਾਰ ਲੰਘਾਉਣਾ ਚਾਹੁੰਦੇ ਸਨ। ਅੰਮ੍ਰਿਤ ਦੀ ਰਸਮ ਨਾਲ ਗੁਰੂ ਸਾਹਿਬ ਨੇ ਪੰਜ ਕਕਾਰ ਕੇਸ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ ਜ਼ਰੂਰੀ ਬਣਾ ਦਿੱਤੇ।

ਪ੍ਰਸਿੱਧ ਸਾਹਿਤਕਾਰ ਪ੍ਰੋ. ਕਿਸ਼ਨ ਸਿੰਘ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਬਾਬਤ ਦੋ ਗੱਲਾਂ ਤਕਰੀਬਨ ਹਰ ਇਕ ਨੇ ਹੀ ਨੋਟ ਕੀਤੀਆਂ ਹਨ ਅਤੇ ਉਹ ਹਨ ਵੀ ਸਪੱਸ਼ਟ। ਪਹਿਲੀ ਇਹ ਹੈ ਕਿ ਉਹ ਹਿੰਦੁਸਤਾਨ ਦਾ ਪਹਿਲਾ ਜਮਹੂਰੀ ਲੀਡਰ ਸੀ। ਉਸ ਨੇ ਆਪਣੇ ਪੈਰੋਕਾਰਾਂ ਨੂੰ ਆਪਸ ਵਿੱਚ ਭਾਈ ਭਾਈ ਮਹਿਸੂਸ ਕਰਾਇਆ। ਫੈਸਲੇ ਗੁਰਮਤਿ ਨਾਲ ਕਰਨੇ ਸਿਖਾਏ। ਦੂਸਰੀ ਇਹ ਕਿ ਉਸ ਨੇ ਚਿੜੀਆਂ ਤੋਂ ਬਾਜ, ਸ਼ਾਹੀ ਬਾਜ ਤੁੜਵਾਏ, ਗਿੱਦੜਾਂ ਤੋਂ ਸ਼ੇਰ ਬਣਾਏ। ਚਿੜੀਆਂ ਦਾ ਮਤਲਬ ਫਿਊਡਲ ਸਮਾਜ ਦੇ ਆਮ ਲੋਕ ਹਨ, ਜੋ ਗਿੱਦੜ ਬਣੇ ਹੋਏ ਸਨ। ਬਾਜ਼ ਤੋਂ ਮਤਲਬ ਉਸ ਸਮਾਜ ਦੇ ਮਾਸਹਾਰਿਆਂ ਤੋਂ ਹੈ ਜੋ ਚਿੜੀਆਂ ਨੂੰ ਖਾਂਦੇ ਸਨ। ਗੁਰੂ ਸਾਹਿਬ ਦੀ ਫੌਜ ਵਿੱਚ ਛੀਂਬੇ, ਨਾਈ,




ਹਲਵਾਈ, ਕਾਰੀਗਰ, ਚੂੜੇ, ਜੱਟ ਆਦਿ ਸਨ, ਹਿੰਦੂ ਸਮਾਜ ਦੀ ਬੋਲੀ ਵਿਚ ਸ਼ੂਦਰ ਲੋਕ। ਫੀਊਡਲ ਸਮਾਜ ਦਾ ਇਹ ਖਾਸਾ ਸੀ ਕਿ ਹਥਿਆਰ ਕਾਬਿਜ਼ ਜਮਾਤਾਂ ਦਾ ਹੀ ਠੇਕਾ ਸਨ। ਫੀਊਡਲ ਇਸਲਾਮ ਵਾਂਗ, ਭਰਤੀ ਸਾਰੀ ਵਸੋਂ ਵਿੱਚੋਂ ਕੀਤੀ ਜਾ ਸਕਦੀ ਸੀ। ਪਰ ਹੁਕਮ ਹਾਸਿਲ ਤੇ ਹਿੱਤ ਫੀਊਡਲ ਦਾ ਹੀ ਹੁੰਦਾ ਸੀ। ਹਿੰਦੂ ਸਮਾਜ ਵਿੱਚ ਤਾਂ ਫੀਊਡਲ ਕਰੜਾਈ ਐਨੀ ਸਿਖਰ 'ਤੇ ਸੀ ਕਿ ਪਹਿਲਾਂ ਕਸ਼ੱਤਰੀ, ਫੇਰ ਰਾਜਪੂਤਾਂ ਬਗੈਰ ਕਿਸੇ ਨੀਵੀਂ ਜਾਤ ਦੇ ਬੰਦੇ ਦੇ ਫੌਜ ਵਿੱਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਗੁਰੂ ਗੋਬਿੰਦ ਸਿੰਘ ਦੇ ਚਿੜੀਆਂ ਤੋਂ ਬਾਜ਼ ਤੁੜਵਾਉਨ ਤੇ ਜਮਹੂਰੀ ਲੀਡਰ ਹੋਣ ਦਾ ਜਮਾਤੀ ਬੋਲੀ ਵਿੱਚ ਕੀ ਮਤਲਬ ਹੈ ? ਇਹੀ ਕਿ ਉਸ ਦਾ ਪੈਂਤੜਾ ਲੋਕ ਹਿੱਤ ਦਾ ਸੀ। ਉਹ ਇਨਕਲਾਬੀ ਲੀਡਰ ਸੀ ਅਤੇ ਉਸ ਨੇ ਸਮਾਜ ਦੀਆਂ ਮਿੱਧੀਆਂ ਹੋਈਆਂ, ਡਰਾਈਆਂ ਹੋਈਆਂ ਜਮਾਤਾਂ ਵਿੱਚ ਵੀ ਰੂਹ ਫੂਕੀ ਤੇ ਉਨਾਂ ਤੋਂ ਸ਼ਾਹੀ ਫੌਜ ਦਾ ਸਾਹਮਣਾ ਕਰਵਾਇਆ, ਉਸ ਨੂੰ ਮਰਵਾਇਆ। ਇਤਿਹਾਸਕਾਰਾਂ ਦਾ ਇਹ ਕਹਿਣਾ ਕਿ ਉਹ ਹਿੰਦੁਸਤਾਨ ਦੀ ਤਾਰੀਖ ਵਿੱਚ ਪਹਿਲੇ ਜਮਹੂਰੀ ਲੀਡਰ ਸਨ, ਜਿਨਾਂ ਨੇ ਸਮਾਜ ਦੀ ਰਹਿੰਦ-ਖੂੰਹਦ ਵਿਚੋਂ, ਫੀਊਡਲ ਸਮਾਜ ਦੇ ਕੂੜਾ ਕਰਕਟ ਵਿੱਚੋਂ ਆਪਣੀ ਫੌਜ ਬਣਾਈ—ਸਾਡੀ ਕਹੀ ਗੱਲ ਹੀ ਹਾਮੀਂ ਭਰਨ ਦੇ ਤੁਲ ਹੈ ਕਿ ਹਿੰਦੁਸਤਾਨ ਦੀ ਲੰਮੀ ਤਾਰੀਖ਼ ਵਿੱਚ ਗੁਰੂ ਗੋਬਿੰਦ ਸਿੰਘ ਪਹਿਲੇ ਇਨਕਲਾਬੀ ਲੀਡਰ ਸਨ ਅਤੇ ਸਿੱਖ-ਲਹਿਰ ਪਹਿਲੀ ਇਨਕਲਾਬੀ ਲਹਿਰ।

ਖਾਲਸਾ ਪੰਥ ਦੀ ਸਾਜਨਾ ਮਗਰੋਂ ਸਿੰਘਾਂ ਦੀ ਚੜਤ ਦਿਨੋ ਦਿਨ ਵਧਦੀ ਜਾ ਰਹੀ ਸੀ। ਪਹਾੜੀ ਰਾਜੇ ਖਾਲਸੇ ਦੀ ਚੜਤ ਤੇ ਗੁਰੂ ਸਾਹਿਬ ਤੋਂ ਖਾਰ ਖਾਣ ਲੱਗੇ। ਉਨਾਂ ਨੇ ਸਰਹੰਦ ਅਤੇ ਲਾਹੌਰ ਦੇ ਹਾਕਮਾਂ ਕੋਲ ਗੁਰੂ ਸਾਹਿਬ ਵਿਰੁਧ ਚੁਗਲੀ ਕੀਤੀ ਕਿ ਗੁਰੂ ਸਾਹਿਬ ਸਟੇਟ ਵਿਰੁਧ ਬਗਾਵਤ ਦੀ ਸਾਜ਼ਿਸ਼ ਰਚ ਰਹੇ ਹਨ ਅਤੇ ਉਨਾਂ ਨੂੰ ਅਨੰਦਪੁਰ ਸਾਹਿਬ ਤੋਂ ਹਟਾਇਆ ਜਾਵੇ। ਇੱਥੋਂ ਤੱਕ ਕਿਹਾ ਗਿਆ ਕਿ ਜੋ ਇਸ ਮੁਹਿੰਮ ਉੱਪਰ ਖਰਚਾ ਆਵੇਗਾ, ਉਹ ਪਹਾੜੀ ਰਾਜੇ ਭਰਨਗੇ। ਇਸ ਦੇ ਸਿੱਟੇ ਵਜੋਂ 1701 ਈਸਵੀ ਦੌਰਾਨ ਇਨਾਂ ਮੁਗਲ ਸੂਬੇਦਾਰਾਂ ਵਲੋਂ ਪੈਤੇ ਖਾਨ ਤੇ ਦੀਨਾ ਬੇਗ ਦੀ ਅਗਵਾਈ ਵਿੱਚ ਫੌਜ ਦੀ ਇਕ ਵੱਡੀ ਟੁਕੜੀ ਅਨੰਦਪੁਰ ਸਾਹਿਬ ਉੱਪਰ ਹਮਲਾ ਕਰਨ ਲਈ ਭੇਜੀ ਗਈ। ਰੋਪੜ ਕੋਲ ਇਸ ਫੌਜ ਵਿੱਚ ਪਹਾੜੀ ਰਾਜਿਆਂ ਦੀ ਆਪਣੀ ਫੌਜ ਵੀ ਸ਼ਾਮਲ ਹੋ ਗਈ। ਖਾਲਸਾ ਭਾਵੇਂ ਘੱਟ ਗਿਣਤੀ ਵਿੱਚ ਸੀ, ਪਰ ਉਸ ਨੇ ਸਾਂਝੀ ਫੌਜ ਨੂੰ ਕਰਾਰੀ ਹਾਰ ਦਿੱਤੀ। ਹਿੰਦੂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਾਂਝੀ ਫੌਜ ਦੀ ਹਾਰ ਮਗਰੋਂ ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਫਿਰ ਵਿਉਂਤਬੰਦੀ ਕੀਤੀ ਅਤੇ ਅਨੰਦਪੁਰ ਸਾਹਿਬ ਉੱਪਰ ਫਿਰ ਹਮਲਾ ਕੀਤਾ। ਇਸ ਯੁੱਧ ਵਿੱਚ ਵੀ ਪਹਾੜੀ ਰਾਜਿਆਂ ਦੀ ਕਰਾਰੀ ਹਾਰ ਹੋਈ। ਕਹਿਲੂਰ ਦੇ ਰਾਜਾ ਅਜਮੇਰ ਚੰਦ ਤੇ ਉਸ ਦੇ ਸਾਥੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੀ ਘੇਰਾਬੰਦੀ ਕਰ ਲਈ। ਉਨਾਂ ਨੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਤੋਂ ਉਜਾੜਨ ਲਈ ਸਾਜ਼ਿਸ਼ ਰਚੀ। ਉਨਾਂ ਨੇ ਗਊ ਦੀ ਕਸਮ ਹੇਠ ਗੁਰੂ ਸਾਹਿਬ ਨੂੰ ਇਕ ਪੱਤਰ ਲਿਖਿਆ ਕਿ ਗੁਰੂ ਸਾਹਿਬ ਕੁਝ ਸਮੇਂ ਲਈ ਅਨੰਦਪੁਰ ਛੱਡ ਜਾਣ ਤੇ ਫਿਰ ਵਾਪਸ ਆ ਜਾਣ ਤਾਂ ਕਿ ਉਹ ਗੁਰੂ ਸਾਹਿਬ ਨੂੰ ਬਾਹਰ ਕੱਢਣ ਦੀਆਂ ਸੌਹਾਂ ਖਾ ਕੇ ਉਹ ਹਮਲਾ ਕਰਨ ਆਏ ਸਨ, ਉਹ ਪੂਰੀਆਂ ਹੋ ਜਾਣ। ਗੁਰੂ ਸਾਹਿਬ ਪਹਾੜੀ ਰਾਜਿਆਂ ਦੀ ਗੱਲ ਮੰਨ ਕੇ ਨਿਰਮੋਹਗੜ ਆ ਗਏ। ਪਹਾੜੀ ਰਾਜਿਆਂ ਨੇ ਅਚਨਚੇਤੀ ਨਿਰਮੋਹਗੜ ਗੁਰੂ ਅਸਥਾਨ ਉੱਪਰ ਹਮਲਾ ਕਰ ਦਿੱਤਾ। ਸਿੰਘਾਂ ਨਾਲ ਸਖਤ ਲੜਾਈ ਬਾਅਦ ਪਹਾੜੀ ਰਾਜੇ ਬੁਰੀ ਤਰਾਂ ਹਾਰ ਗਏ। ਨਿਰਮੋਹਗੜ ਬਾਅਦ ਗੁਰੂ ਸਾਹਿਬ ਬਸੌਲੀ ਚਲੇ ਗਏ। ਇਥੇ ਪਹਾੜੀ ਰਾਜਿਆਂ ਵਲੋਂ ਗੁਰੂ ਸਾਹਿਬ 'ਤੇ ਦੁਬਾਰਾ ਹਮਲਾ ਕੀਤਾ। ਪਹਾੜੀ ਰਾਜਿਆਂ ਨੂੰ ਫਿਰ ਹਾਰ ਦਾ ਸਾਹਮਣਾ ਕਰਨਾ ਪਿਆ।

ਸੰਨ 1702 ਵਿੱਚ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਠਹਿਰੇ ਹੋਏ ਸਨ। ਉਸ ਸਮੇਂ ਦੇ ਮੁਗਲ ਜਰਨੈਲ ਅਲਫ ਖਾਨ ਤੇ ਸਯਦ ਬੇਗ ਫੌਜ ਦੀ ਇਕ ਵੱਡੀ ਟੁਕੜੀ ਲੈ ਕੇ ਲਾਹੌਰ ਤੋਂ ਦਿੱਲੀ ਜਾ ਰਹੇ ਸਨ। ਕਹਿਲੂਰ ਦੇ ਪਹਾੜੀ ਰਾਜੇ ਅਜਮੇਰ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਨੇ ਚੋਖੀ ਰਕਮ ਦੇ ਕੇ ਉਨਾਂ ਨੂੰ ਗੁਰੂ ਗੋਬਿੰਦ ਸਿੰਘ ਉੱਪਰ ਹਮਲਾ ਕਰਨ ਲਈ ਉਕਸਾਇਆ। ਉਸ ਲੜਾਈ ਵਿੱਚ ਸਯਦ ਬੇਗ ਤਾਂ ਗੁਰੂ ਸਾਹਿਬ ਦੇ ਸਾਹਮਣੇ ਆਉਂਦਿਆਂ ਹੀ ਉਨਾਂ ਦਾ ਸ਼ਰਧਾਲੂ ਬਣ ਗਿਆ ਤੇ ਉਹ ਜੰਗ ਛੱਡ ਕੇ ਚਲਾ ਗਿਆ। ਆਲਿਫ ਖਾਨ ਜੰਗ ਵਿੱਚ ਗੁਰੂ ਦਾ ਸਾਹਮਣਾ ਨਾ ਕਰ ਸਕਿਆ ਤੇ ਉਸ ਦੀ ਕਰਾਰੀ ਹਾਰ ਹੋਈ। ਇਸ ਹਾਰ ਤੋਂ ਬਾਅਦ ਪਹਾੜੀ ਰਾਜਿਆਂ ਨੇ ਕੁਝ ਦਿਨਾਂ ਪਿੱਛੋਂ ਅਨੰਦਪੁਰ ਸਾਹਿਬ ਉੱਪਰ ਹਮਲਾ ਕਰ ਦਿੱਤਾ। ਇਸ ਜੰਗ ਵਿੱਚ ਪਹਾੜੀ ਰਾਜਿਆਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਅਨੰਦਪੁਰ ਸਾਹਿਬ ਦੀ ਇਸ ਜੰਗ ਵਿੱਚ ਭਾਰੀ ਹਾਰ ਖਾਣ ਮਗਰੋਂ ਪਹਾੜੀ ਰਾਜਿਆਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁਧ ਫੌਜ ਭੇਜਣ ਦੀ ਅਪੀਲ ਕੀਤੀ ਕਿ ਉਹ ਇਸ ਲੜਾਈ ਦਾ ਸਾਰਾ ਖਰਚਾ ਭਰਨਗੇ। ਦਿੱਲੀ ਵਲੋਂ ਸਯਦ ਖਾਨ ਦੀ ਕਮਾਂਡ ਹੇਠ ਕਈ ਹਜ਼ਾਰ ਫੌਜ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਲਈ ਭੇਜੀ ਗਈ, ਜਿਸ ਨਾਲ ਅੱਗੇ ਆ ਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਵਲੋਂ ਗਏ ਫੌਜੀ ਦਸਤੇ ਅਤੇ ਪਹਾੜੀ ਰਾਜਿਆਂ ਦੀ ਆਪਣੀ ਫੌਜ ਵੀ ਮਿਲ ਗਈ। ਇਸ ਜੰਗ ਦੌਰਾਨ ਜਦੋਂ ਸਯਦ ਖਾਨ ਦਾ ਗੁਰੂ ਨਾਲ ਸਾਹਮਣਾ ਹੋਇਆ ਤਾਂ ਉਹ ਗੁਰੂ ਸਾਹਿਬ ਦਾ ਮੁਰੀਦ ਬਣ ਗਿਆ ਤੇ ਫੌਜ ਦੀ ਕਮਾਂਡ ਛੱਡ ਕੇ ਚਲਾ ਗਿਆ। ਉਸ ਤੋਂ ਬਾਅਦ ਹਮਲਾਵਰ ਫੌਜ ਦੀ ਕਮਾਂਡ ਰਮਜ਼ਾਨ ਖਾਨ ਨੇ ਸੰਭਾਲੀ। ਸਖਤ ਮੁਕਾਬਲੇ ਦੌਰਾਨ ਉਹ ਗੁਰੂ ਦੀ ਫੌਜ ਅੱਗੇ ਟਿਕ ਨਾ ਸਕੇ ਤੇ ਉਨਾਂ ਨੂੰ ਹਾਰ ਖਾ ਕੇ ਮੈਦਾਨ ਛੱਡਣਾ ਪਿਆ। ਇਨਾਂ ਜੰਗਾਂ ਬਾਰੇ ਬਾਦਸ਼ਾਹ ਔਰੰਗਜ਼ੇਬ ਕੋਲ ਖਬਰਾਂ ਪਹੁੰਚ ਰਹੀਆਂ ਸਨ। ਔਰੰਗਜ਼ੇਬ ਨੇ ਲਾਹੌਰ, ਕਸ਼ਮੀਰ ਅਤੇ ਸਰਹੰਦ ਦੇ ਤਿੰਨ ਸੂਬੇਦਾਰਾਂ ਨੂੰ ਅਨੰਦਪੁਰ ਸਾਹਿਬ ਉੱਪਰ ਹਮਲੇ ਕਰਨ ਦਾ ਹੁਕਮ ਦਿੱਤਾ। ਰੋਪੜ ਤੋਂ ਪਹਾੜੀ ਰਾਜੇ ਵੀ ਇਸ ਸ਼ਾਹੀ ਫੌਜ ਵਿੱਚ ਸ਼ਾਮਲ ਹੋ ਗਏ।

ਚਲਦਾ...

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ
ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ
ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



# ਭਾਈ ਗੁਰਮੁੱਖ ਸਿੰਘ ਦਾ ਸਾਲ 2015 ਵਿਚ ਬੋਲਿਆ ਹੋਇਆ ਸੱਚ

## ਸੌਦਾ ਸਾਧ ਦੀ ਮੁਆਫੀ ਦੀ ਕਹਾਣੀ, ਭਾਈ ਗੁਰਮੁੱਖ ਸਿੰਘ ਦੀ ਜ਼ੁਬਾਨੀ

**ਚਰਨਜੀਤ ਸਿੰਘ ਅਰੋੜਾ**
**੯੮੧੪੦-੭੧੨੩੧**

ਸਾਲ 2015 ਵਿਚ ਤਖ਼ਤਾਂ ਦੇ ਜਥੇਦਾਰਾਂ ਨੇ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫੀ ਪ੍ਰਦਾਨ ਕੀਤੀ। ਇਹ ਮਾਮਲਾ ਪੰਥਕ ਹਲਕਿਆਂ ਵਿਚ ਸਨਸਨੀਖੇਜ਼ ਹਾਲਾਤ ਪੈਦਾ ਕਰ ਗਿਆ। ਭਾਈ ਗੁਰਬਚਨ ਸਿੰਘ, ਭਾਈ ਮੱਲ ਸਿੰਘ ਤਾਂ ਚੁੱਪ ਹੀ ਧਾਰ ਗਏ। ਫਿਰ ਮੁਆਫੀ ਦੇ ਮਾਮਲੇ ਵਿਚ ਸੁਰਖੀਆਂ ਵਿਚ ਆਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਗੁਰਮੁੱਖ ਸਿੰਘ। ਉਨਾਂ ਉਸ ਸਮੇਂ ਦੇ ਸਾਰੇ ਹਾਲਾਤ ਦਾ ਖੁਲਾਸਾ ਕੀਤਾ ਸੀ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਉਨਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਉਸ ਸਮੇਂ ਵਾਪਰੇ ਹਲਾਤਾਂ ਦਾ ਖੁਲਾਸਾ ਕਰਕੇ ਭਾਈ ਗੁਰਮੁੱਖ ਸਿੰਘ ਨੇ ਦਸਿਆ ਸੀ ਕਿ ਕਿਵੇਂ ਰਾਜਨੀਤਕ ਆਗੂ ਆਪਣੀ ਸਿਆਸੀ ਦੁਕਾਨਦਾਰੀ ਨੂੰ ਚਲਾਉਣ ਲਈ ਧਰਮ ਦਾ ਸਹਾਰਾ ਲੈ ਲੈਂਦੇ ਹਨ। ਭਾਈ ਗੁਰਮੁੱਖ ਸਿੰਘ ਦੇ ਇਨਾਂ ਖੁਲਾਸਿਆਂ ਤੋਂ ਬਾਅਦ ਇਕ ਨਵੀਂ ਚਰਚਾ ਸ਼ੁਰੂ ਹੋ ਗਈ ਕਿ ਰਾਜਨੀਤਕ ਆਪਣੀ ਹੈਂਕੜ ਤੇ ਸਿਆਸੀ ਪੈਂਠ ਬਣਾਉਣ ਲਈ ਧਰਮ ਅਤੇ ਧਾਰਮਿਕ ਸ਼ਖਸੀਅਤਾਂ ਦੀ ਕਿਵੇਂ ਦੁਰਵਰਤੋਂ ਕਰਦੇ ਹਨ। ਇਹ ਘਟਨਾ ਸਾਲ 2015 ਦੇ ਅਕਤੂਬਰ ਮਹੀਨੇ ਦੀ ਹੈ। ਤਖ਼ਤਾਂ ਦੇ ਜਥੇਦਾਰਾਂ ਦੀ ਇਕ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਹੋਣ ਜਾ ਰਹੀ ਸੀ। ਭਾਈ ਗੁਰਮੁੱਖ ਸਿੰਘ ਨੇ ਮੀਟਿੰਗ ਵਿਚ ਜਾਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇਹ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕੀਤੀ ਜਾਵੇ ਤੇ ਇਹ ਵੀ ਦਸਿਆ ਜਾਵੇ ਕਿ ਬਾਬਾ ਸਤਨਾਮ ਸਿੰਘ ਪਿਪਲੀ ਵਾਲੇ ਦਾ ਪੱਤਰ ਕੌਣ ਲੈ ਕੇ ਆਇਆ ਸੀ। ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਮੁੱਖ ਸਕੱਤਰ ਸ੍ਰ. ਹਰਚਰਨ ਸਿੰਘ ਨੇ ਭਾਈ ਗੁਰਮੁੱਖ ਸਿੰਘ ਨੂੰ ਮਨਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਉਹ ਟਸ ਤੋਂ ਮਸ ਨਹੀਂ ਸਨ ਹੋ ਰਹੇ। ਫਿਰ ਸ਼ਾਮ ਕਰੀਬ 4 ਵਜੇ ਭਾਈ ਗੁਰਮੁੱਖ ਸਿੰਘ ਨੇ ਕੁਝ ਚੋਣਵੇਂ ਪੱਤਰਕਾਰਾਂ ਨੂੰ ਘਰ ਬੁਲਾਇਆ ਤੇ ਦਸਿਆ ਕਿ ਉਨਾਂ ਦਾ ਡੇਰਾ ਸਿਰਸਾ ਦੇ ਮੁਖੀ ਦੇ ਪੱਤਰ ਲਿਆਉਣ ਵਿਚ ਬੋਲਦਾ ਨਾਮ ਸਿਰਫ ਜਲੰਧਰ ਤੋਂ ਛਪਦੇ ਇਕ ਵੱਡੇ ਪੰਜਾਬੀ ਅਖਬਾਰ ਦੇ ਸੰਪਾਦਕ ਦੇ ਕਾਰਨ ਹੀ ਵਾਰ ਵਾਰ ਉਛਾਲਿਆ ਜਾ ਰਿਹਾ ਹੈ ਜਦਕਿ ਇਹ ਸੱਚ ਨਹੀਂ ਹੈ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਡੇਰਾ ਮੁਖੀ ਨੂੰ ਮੁਆਫ ਕਰਨ ਲਈ ਸਾਰਾ ਡਰਾਮਾ ਤਾਂ ਬਹੁਤ ਪਹਿਲਾਂ ਹੀ ਰਚਿਆ ਜਾ ਚੁੱਕਾ ਸੀ। ਜਦ ਸਾਰੀ ਬਿਸਾਤ ਵਿਛ ਗਈ ਤਾਂ ਜਥੇਦਾਰਾਂ ਨੂੰ ਚੰਡੀਗੜ ਬੁਲਾ ਕੇ ਫੌਰਨ ਮੁਆਫੀ ਦੀ ਪ੍ਰਕਿਰਿਆ ਪੂਰੀ ਕਰ ਲੈਣ ਦਾ ਸਰਕਾਰੀ ਹੁਕਮ ਚਾੜ ਦਿੱਤਾ ਗਿਆ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ 15 ਸਤੰਬਰ 2015 ਨੂੰ ਜਦ ਉਹ ਤਖ਼ਤ ਸ੍ਰੀ ਦਮਦਮਾਂ ਸਾਹਿਬ ਵਿਖੇ ਸਨ ਤਾਂ ਉਨਾਂ ਨੂੰ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫੋਨ ਆਇਆ ਕਿ ਸਵੇਰੇ ਅਸੀਂ ਚੰਡੀਗੜ ਜਾਣਾ ਹੈ, ਬਾਦਲ ਸਾਹਿਬ ਨੇ ਯਾਦ ਕੀਤਾ ਹੈ, ਇਸ ਲਈ ਅੱਜ ਸ਼ਾਮ ਨੂੰ ਹਰ ਹਾਲ ਵਿਚ ਅੰਮ੍ਰਿਤਸਰ ਆ ਜਾਓ। ਭਾਈ ਗੁਰਮੁੱਖ ਸਿੰਘ ਨੇ ਯਾਦ ਕਰਦਿਆਂ ਦਸਿਆ ਕਿ ਉਹ ਸ਼ਾਮ ਨੂੰ ਅੰਮ੍ਰਿਤਸਰ ਆ ਗਏ ਜਿਥੋਂ ਅਸੀਂ ਸਾਰੇ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਰਾਹੀ ਚੰਡੀਗੜ ਰਵਾਨਾ ਹੋਏ।

ਚੰਡੀਗੜ ਵਿਖੇ 16 ਸਤੰਬਰ 2015 ਨੂੰ ਅਸੀਂ ਤਿੰਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਅਤੇ ਉਹ ਸਨ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਵਿਖੇ ਪੁੱਜ ਗਏ। ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਰਿਹਾਇਸ਼ ਵਿਚ ਉਸ ਸਮੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਅਤੇ ਕੈਬਨਿਟ ਮੰਤਰੀ ਸ੍ਰ. ਦਲਜੀਤ ਸਿੰਘ ਚੀਮਾ ਵੀ ਮੌਜੂਦ ਸਨ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਰਸਮੀ ਗਲਬਾਤ ਤੋਂ ਬਾਅਦ ਸ੍ਰ. ਪਕਾਸ਼ ਸਿੰਘ ਬਾਦਲ ਨੇ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਜਿਸ ਕੰਮ ਲਈ ਸਿੰਘ ਸਾਹਿਬਾਨ ਨੂੰ ਬੁਲਾਇਆ ਗਿਆ ਹੈ ਉਹ ਗੱਲ ਕਰੋ। ਸ੍ਰ. ਬਾਦਲ ਦੇ ਇਹ ਕਹਿਣ ਤੇ ਸ੍ਰ. ਸੁਖਬੀਰ ਸਿੰਘ ਬਾਦਲ ਨੇ ਸਾਡੇ ਵਲ ਇਕ ਪੱਤਰ ਵਧਾਉਂਦਿਆਂ ਕਿਹਾ ਕਿ ਇਸ ਤੇ ਤੁਰੰਤ ਕਾਰਵਾਈ ਕਰਕੇ ਇਹ ਮਾਮਲਾ ਰਫਾ ਦਫਾ ਕਰੋ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਹਿੰਦੀ ਵਿਚ ਲਿਖਿਆ ਇਹ ਪੱਤਰ ਡੇਰਾ ਸਿਰਸਾ ਮੁਖੀ ਦਾ ਸੀ। ਅਸੀ ਸਾਰੇ ਸਿੰਘ ਸਾਹਿਬਾਨ ਪੱਤਰ ਦੇਖ ਕੇ ਸੋਚੀਂ ਪੈ ਗਏ। ਅਸੀਂ ਮਹਿਸੂਸ ਕਰ ਰਹੇ ਸੀ ਕਿ ਸਾਡੇ ਕੋਲੋਂ ਇਹ ਮਾਮਲਾ ਬੜੀ ਤੇਜ਼ੀ ਨਾਲ ਹਲ ਕਰਵਾਉਂਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੱਤਰ ਪੜ ਤੇ ਸੁਣ ਲੈਣ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੇ ਸਾਰੇ ਆਗੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਹ ਪੱਤਰਕਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚਾਓ, ਇਸ ’ਤੇ ਪੰਜ ਸਿੰਘ ਸਾਹਿਬਾਨ ਵਿਚ ਵਿਚਾਰ ਤਾਂ ਹੀ ਕੀਤੀ ਜਾਵੇਗੀ। ਉਥੇ ਹੀ ਵਿਚਾਰ ਇਹ ਕੀਤੀ ਗਈ ਕਿ ਇਸ ਪੱਤਰਕਾ ਦੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੁੱਜਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਣ ਵਾਲੀ ਜਥੇਦਾਰਾਂ ਦੀ ਪਹਿਲੀ ਹੀ ਮੀਟਿੰਗ ਵਿਚ ਹੀ ਇਸ ਨੂੰ ਖ਼ਾਲਸਾ ਪੰਥ ਕੋਲ ਨਸ਼ਰ ਦਿੱਤਾ ਜਾਵੇਗਾ। ਅਸੀਂ ਕਿਹਾ ਕਿ ਇਸ ਮਾਮਲੇ ਨਾਲ ਸਾਰੀ ਕੌਮ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਇਸ ਲਈ ਇਸ ਮਾਮਲੇ ’ਤੇ ਕਾਹਲ ਕਰਨ ਦੀ ਬਜਾਏ ਸਾਨੂੰ ਥੋੜਾ ਸਮਾਂ ਦਿੱਤਾ ਜਾਵੇ ਤਾਂ ਕਿ ਅਸੀਂ ਇਸ ਮਾਮਲੇ ’ਤੇ ਲਏ ਜਾਣ ਵਾਲੇ ਫੈਸਲੇ ’ਤੇ ਘੱਟੋ ਘਟ ਕੌਮੀ ਰਾਏ ਤਾਂ ਬਣਾਈ ਜਾ ਸਕੇ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਸੁਖਬੀਰ ਸਿੰਘ ਬਾਦਲ ਇਸ ਮਾਮਲੇ ’ਤੇ ਜ਼ਰਾ ਵੀ ਦੇਰੀ ਬਰਦਾਸ਼ਤ ਕਰਨ ਦੇ ਮੂਡ ਵਿਚ ਨਹੀਂ ਸਨ। ਉਨਾਂ ਕਿਹਾ ਕਿ ਇਸ ਮਾਮਲੇ ’ਤੇ ਜਿੰਨਾ ਜਲਦੀ ਹੋ ਸਕੇ ਤੁਸੀਂ ਫੈਸਲਾ ਸੁਣਾਓ। ਇਸ ’ਤੇ ਅਸੀਂ ਸਾਰੇ ਜਥੇਦਾਰਾਂ ਨੇ ਇਕ ਅਵਾਜ਼ ਹੋ ਕੇ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਇਸ ਚਿਠੀ ਨੂੰ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਹੁੰਚਾਓ ਫਿਰ ਹੀ ਅਸੀਂ ਇਸ ਬਾਰੇ ਵਿਚਾਰ ਕਰ ਸਕਦੇ ਹਾਂ। 16 ਸਤੰਬਰ ਨੂੰ ਅਸੀਂ ਜਦ ਚੰਡੀਗੜ ਤੋਂ ਵਾਪਸ ਆਉਣ ਲੱਗੇ ਤਾਂ ਮੈਂ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਤੁਸੀ ਸਾਡੇ ਬਜ਼ੁਰਗਾਂ ਦੇ ਸਮਾਨ ਹੋ ਪਰ ਸਾਨੂੰ ਇਸ ਤਰਾਂ ਨਾਲ ਸਰਕਾਰੀ ਰਿਹਾਇਸ਼ ਤੇ ਨਾ ਬੁਲਾਇਆ ਕਰੋ, ਸਾਨੂੰ ਹਰ ਰੋਜ਼ ਹਜ਼ਾਰਾਂ ਲੋਕ ਮਿਲਦੇ ਹਨ ਤੁਸੀਂ ਵੀ ਸਾਨੂੰ ਤਖ਼ਤ ਸਾਹਿਬਾਨ ਤੇ ਮਿਲਣ ਦੀ ਖੇਚਲ ਕਰ ਲਿਆ ਕਰੋ। ਭਾਈ ਗੁਰਮੁੱਖ ਸਿੰਘ ਨੇ ਕਿਹਾ ਕਿ ਮੈਂ ਸ. ਬਾਦਲ ਨੂੰ ਇਹ ਵੀ ਕਿਹਾ ਕਿ ਅੱਜ ਤਾਂ ਇਉਂ ਲਗ ਰਿਹਾ ਹੈ ਕਿ ਜਿਵੇ ਤੁਸੀਂ ਸਾਨੂੰ ਤਲਬ ਕਰ ਲਿਆ ਹੋਵੇ। ਇਹ ਸੁਣ ਕੇ ਪਕਾਸ਼ ਸਿੰਘ ਬਾਦਲ ਨੇ ਕਿਹਾ ਕਿ ਭਵਿੱਖ ਵਿਚ ਅਜਿਹਾ ਹੀ ਹੋਵੇਗਾ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਇਸ ਤੋ ਬਾਅਦ 23 ਸਤੰਬਰ 2015 ਦੀ ਸ਼ਾਮ ਨੂੰ ਮੁੜ ਇਹ ਮਾਮਲਾ ਸ਼ੁਰੂ ਹੋ ਗਿਆ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਹਰਿਮੰਦਰ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਉਨਾਂ ਦੀ ਅੰਮ੍ਰਿਤਸਰ ਵਿਚਲੀ ਰਿਹਾਇਸ਼ ਵਿਚ ਆ ਗਏ ਤੇ ਡੇਰਾ ਸਿਰਸਾ ਮੁਖੀ ਦੀ ਮੁਆਫੀ ਵਾਲੇ ਮਾਮਲੇ ਤੇ ਸਾਡੀ ਗੱਲਬਾਤ ਸ਼ੁਰੂ ਹੋ ਗਈ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਸਾਥੀ ਸਿੰਘ ਸਾਹਿਬਾਨ ਨੂੰ ਵਾਰ ਵਾਰ ਇਸ ਮਾਮਲੇ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰੰਪਰਾ ਤੇ ਮਰਯਾਦਾ ਬਚਾਉਣ ਲਈ ਦੁਹਾਈ ਦਿੱਤੀ। ਸਾਡੀ ਗੱਲਬਾਤ ਵਿਚਾਲੇ ਹੀ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਫੋਨ ਗਿਆਨੀ ਗੁਰਬਚਨ ਸਿੰਘ ਦੇ ਮੋਬਾਇਲ ’ਤੇ ਆ ਗਿਆ ਜਿਸ ਤੋਂ ਗਿਆਨੀ ਗੁਰਬਚਨ ਸਿੰਘ ਨੇ ਮੇਰੀ ਸੁਖਬੀਰ ਸਿੰਘ ਬਾਦਲ ਨਾਲ ਗੱਲ ਕਰਵਾਈ। ਸੁਖਬੀਰ ਬਾਦਲ ਵਾਰ ਵਾਰ ਮੈਨੂੰ ਅੜੀ ਨਾ ਕਰਨ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਪ੍ਰਕਿਰਿਆ ਵਿਚ ਸਹਾਇਤਾ ਦੇਣ ਦੀ ਗੱਲ ਮਨ ਲੈਣ ’ਤੇ ਜ਼ੋਰ ਦਿੰਦੇ ਰਹੇ। ਮੈਂ ਕਿਹਾ ਕਿ ਡੇਰਾ ਮੁਖੀ ਨੇ ਸਾਡੇ ਗੁਰੂ ਦਾ ਸਵਾਂਗ ਬਣਾਇਆ ਹੈ ਇਸ ਲਈ ਇਸ ਮਾਮਲੇ ’ਤੇ ਸਾਨੂੰ ਘਟੋ ਘੱਟ ਫੈਸਲਾ ਲੈਣ ਸਮੇਂ ਪੰਥਕ ਭਾਵਨਾਵਾਂ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਿੱਜੀ ਸਹਾਇਕ ਤੇ ਕੁਝ ਹੋਰ ਨੇੜਲੇ ਸਾਥੀ ਵੀ ਉਨਾਂ ਦੀ ਰਿਹਾਇਸ਼ ’ਤੇ ਆ ਗਏ ਤੇ ਉਨਾਂ ’ਤੇ ਦਬਾਅ ਬਣਾਉਣ ਦਾ ਸਿਲਸਿਲਾ ਤੇਜ਼ ਹੁੰਦਾ ਗਿਆ। ਨਿੱਜੀ ਤੌਰ ’ਤੇ ਦਬਾਅ ਬਣਾਉਣ ਦੇ ਨਾਲ ਨਾਲ ਸੁਖਬੀਰ ਸਿੰਘ ਬਾਦਲ ਨਾਲ ਫੋਨ ’ਤੇ ਗੱਲ ਕਰਵਾਉਣਾ ਦੇਰ ਰਾਤ ਤੱਕ ਜਾਰੀ ਰਿਹਾ। ਮੈਂ ਮੰਨਦਾ ਨਹੀਂ ਸੀ, ਸਾਰਾ ਦਬਾਅ ਸਿਰਫ ਮੇਰੇ ’ਤੇ ਹੀ ਪਾਇਆ ਜਾ ਰਿਹਾ ਸੀ। ਬਾਦਲ ਮੈਨੂੰ ਵਾਰ ਵਾਰ ਕਹਿ ਰਹੇ ਸਨ ਕਿ ਜਦ ਬਾਕੀ ਸਿੰਘ ਸਾਹਿਬ ਮੰਨ ਗਏ ਤੁਸੀਂ ਕਿਉਂ ਨਹੀਂ ਮੰਨ ਰਹੇ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਸੁਖਬੀਰ ਸਿੰਘ ਬਾਦਲ ਨੂੰ ਫੋਨ ’ਤੇ ਕਿਹਾ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੋ, ਸਿੱਖ ਵੀ ਹੋ, ਸਰਕਾਰ ਰਹੇ ਜਾਂ ਨਾ ਰਹੇ ਪ੍ਰੰਪਰਾਵਾਂ ਨੂੰ ਢਾਹ ਨਹੀਂ ਲਗਣੀ ਚਾਹੀਦੀ। ਮੈਂ ਤੁਹਾਨੂੰ 16 ਸਤੰਬਰ ਨੂੰ ਵੀ ਕਿਹਾ ਸੀ ਕਿ ਇਹ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਆ ਲੈਣ ਦਿਓ, ਇਸ ਨੂੰ ਖਾਲਸਾ ਪੰਥ ਕੋਲ ਪੇਸ਼ ਕਰਾਂਗੇ, ਫਿਰ ਇਸ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਹੋਣ ’ਤੇ 6 ਮਹੀਨੇ ਦਾ ਸਮਾਂ ਲਗ ਸਕਦਾ ਹੈ। ਮਸਲਾ ਵੱਡਾ ਹੈ। ਪੰਥ ਨਾਲ ਮੀਟਿੰਗਾਂ ਕਰਕੇ ਹੀ ਫੈਸਲਾ ਹੋਵੇਗਾ। ਜਿਸ ਤੇਜ਼ੀ ਨਾਲ ਤੁਸੀਂ ਸਾਡੇ ਕੋਲੋਂ ਫੈਸਲਾ ਕਰਵਾਉਣਾ ਚਾਹੁੰਦੇ ਹੋ ਇਸ ਤਰਾਂ ਨਾਲ ਪੰਥ ਤਖ਼ਤਾਂ ਤੋਂ ਬਾਗੀ ਹੋ ਜਾਵੇਗਾ। ਸੁਖਬੀਰ ਸਿੰਘ ਬਾਦਲ ਦੇ ਵਾਰ ਵਾਰ ਫੋਨ ਆ ਰਹੇ ਸਨ, ਗਿਆਨੀ ਗੁਰਬਚਨ ਸਿੰਘ ਖ਼ੁਦ ਗੱਲ ਕਰਨ ਦੀ ਬਜਾਏ ਮੈਨੂੰ ਵਾਰ ਵਾਰ ਫੋਨ ਦੇ ਰਹੇ



ਸਨ। ਮੈਂ ਮਾਨਿਸਕ ਦਬਾਅ ਵਿਚ ਸੀ ਤੇ ਹਰ ਵਾਰ ਸਮਾਂ ਮੰਗਦਾ ਰਿਹਾ ਕਿ ਸਾਨੂੰ 2 ਮਹੀਨੇ, 1 ਮਹੀਨਾ, 15 ਦਿਨ ਦਾ ਹੀ ਸਮਾਂ ਦਿਓ ਤਾਂ ਕਿ ਅਸੀਂ ਪੰਥ ਸਾਹਮਣੇ ਸੱਚੇ ਰਹਿ ਸਕੀਏ, ਪਰ ਸੁਖਬੀਰ ਸਿੰਘ ਬਾਦਲ ਟਸ ਤੋਂ ਮੱਸ ਨਹੀ ਸਨ ਹੋ ਰਹੇ ਸਨ। ਮੀਟਿੰਗ ਅੱਗੇ ਪਾਉਣ ਲਈ ਕੋਈ ਵੀ ਤਿਆਰ ਨਹੀਂ ਸੀ।

24 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰਾਂ ਦੀ ਮੀਟਿੰਗ ਸ਼ੁਰੂ ਹੋਈ। ਉਥੇ ਪੰਜਾਬੀ ਵਿਚ ਲਿਖਿਆ ਇਕ ਪੱਤਰ ਸਾਨੂੰ ਦਿਖਾਇਆ ਗਿਆ ਜਿਸ ਬਾਰੇ ਅਸੀਂ ਵਿਚਾਰ ਕਰਨੀ ਸੀ। ਇਹ ਪੱਤਰ ਕੌਣ ਲਿਆਇਆ ਇਸ ਬਾਰੇ ਕੋਈ ਜਾਣਕਾਰੀ ਨਹੀਂ ਦੇ ਰਹੇ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੱਤਰ ਲਿਆਉਣ ਦਾ ਇਕ ਵਿਧੀ ਵਿਧਾਨ ਹੈ ਪੱਤਰ ਕੌਣ ਲੈ ਕੇ ਆਇਆ ਕਿਸ ਨੇ ਪੱਤਰ ਪ੍ਰਾਪਤ ਕੀਤਾ, ਇਕ ਰਜਿਸਟਰ ਤੇ ਨੋਟ ਕੀਤਾ ਜਾਂਦਾ ਹੈ ਤੇ ਹੁਣ ਤਾਂ ਉਸ ਦੀ ਤਸਵੀਰ ਵੀ ਲਈ ਜਾਂਦੀ ਹੈ। ਇਹ ਗਿਆਨੀ ਗੁਰਬਚਨ ਸਿੰਘ ਦਸ ਸਕਦੇ ਹਨ ਕਿ ਸਿਰਸਾ ਡੇਰਾ ਮੁਖੀ ਦਾ ਇਹ ਪੱਤਰ ਉਨਾਂ ਨੂੰ ਕੌਣ ਦੇ ਕੇ ਗਿਆ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੇਰੇ ਬਾਰੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ 22 ਸਤੰਬਰ 2015 ਨੂੰ ਮੈਂ ਫਿਲਮੀ ਅਦਾਕਾਰ ਅਕਸ਼ੈ ਕੁਮਾਰ ਦੀ ਕੋਠੀ ਵਿਚ ਗਿਆ ਜਿੱਥੇ ਸੁਖਬੀਰ ਸਿੰਘ ਬਾਦਲ, ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ, ਅਕਸ਼ੈ ਕੁਮਾਰ ਅਤੇ ਮੈਂ ਮੀਟਿੰਗ ਕੀਤੀ ਤੇ ਪੱਤਰ ਹਾਸਲ ਕੀਤਾ। ਮੇਰੇ ਬਾਰੇ ਇਹ ਵੀ ਕਿਹਾ ਗਿਆ ਕਿ ਇਹ ਫੈਸਲਾ ਕਰਵਾਉਣ ਦੇ ਇਵਜ਼ ਵਿਚ ਮੈਂ 60 ਏਕੜ ਜ਼ਮੀਨ, 2 ਹਜ਼ਾਰ ਗਜ਼ ਦੀ ਕੋਠੀ, 7 ਪਲਾਟ, 7 ਕਰੋੜ ਰੁਪਏ ਤੇ ਦੁਬਈ ਵਿਚ ਫਲੈਟ ਵੀ ਬਾਦਲਾਂ ਕੋਲੋਂ ਹਾਸਲ ਕੀਤਾ ਤੇ ਇਹ ਫੈਸਲਾ ਕਰਵਾਇਆ। 22 ਸਤੰਬਰ ਨੂੰ ਮੈਂ ਬਾਬਾ ਬਿੱਧੀ ਚੰਦ ਜੀ ਦੇ ਦਿਹਾੜੇ ਵਿਚ ਸ਼ਾਮਲ ਹੋਣ ਲਈ ਸੁਰ ਸਿੰਘ ਗਿਆ ਹੋਇਆ ਸੀ। ਵਾਪਸੀ ਸਮੇਂ ਮੇਰੇ ਨਾਲ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵੀ ਸਨ।

24 ਸਤੰਬਰ ਦੀ ਮੀਟਿੰਗ ਵਿਚ ਹਰ ਮਨ ਵਿਚ ਚਿੰਤਾ ਸੀ ਕਿ ਪਾਵਨ ਤਖ਼ਤਾਂ ਤੋਂ ਕੌਮ ਬਾਗੀ ਹੋ ਜਾਵੇਗੀ, ਪ੍ਰੈਸ਼ਰ ਇੰਨਾ ਜ਼ਿਆਦਾ ਸੀ ਕਿ ਮੈਂ ਦਸ ਵੀ ਨਹੀਂ ਸਕਦਾ। ਸਮਝ ਨਹੀਂ ਆ ਰਹੀ ਸੀ ਕਿ ਇੰਨੇ ਦਬਾਅ ਵਿਚ ਵੀ ਸਾਨੂੰ ਸੇਵਾ ਕਰਨੀ ਪੈ ਸਕਦੀ ਹੈ। ਮੀਟਿੰਗ ਸ਼ੁਰੂ ਹੋਈ। ਲੰਮਾਂ ਸਮਾਂ ਵਿਚਾਰ ਹੋਈ ਕਿ ਇਸ ਪੱਤਰ ਦਾ ਕਰਨਾ ਕੀ ਹੈ। 2007 ਤੋਂ ਲੈ ਕੇ ਹੁਣ ਤਕ ਸਾਰਾ ਮਾਮਲਾ ਫਿਰ ਤੋਂ ਪੜਿਆ ਗਿਆ। ਕੇਸ ਕਿਵੇਂ ਚਲਿਆ, ਡੇਰਾ ਸਿਰਸਾ ਨਾਲ ਸਬੰਧਤ ਫਾਇਲ ਵਿਚ ਤਿੰਨ ਪੱਤਰਕਾਵਾਂ ਪਹਿਲਾਂ ਹੀ ਮੌਜੂਦ ਸਨ। ਆਖਿਰ ਫੈਸਲਾ ਹੋਇਆ ਕਿ ਪੱਤਰ ਪ੍ਰਵਾਨ ਕੀਤਾ ਜਾਵੇ, ਮੁਆਫੀ ਨਹੀਂ ਦਿੱਤੀ, ਪੱਤਰ ਹੀ ਪ੍ਰਵਾਨ ਕੀਤਾ ਸੀ। ਅਖਬਾਰਾਂ ਲਈ ਜਾਰੀ ਪ੍ਰੈਸ ਨੋਟ ਵਿਚ ਕਿਹਾ ਗਿਆ ਸੀ ਕਿ ਪੱਤਰ ਪ੍ਰਵਾਨ ਕੀਤਾ ਜਾਂਦਾ ਹੈ, ਪਰ ਅਖਬਾਰਾਂ ਨੇ ਇਸ ਪ੍ਰਵਾਨਗੀ ਨੂੰ ਮੁਆਫੀ ਦਾ ਨਾਮ ਦੇ ਦਿੱਤਾ ਅਤੇ ਇਸ ਨੂੰ ਬਿਨਾ ਮੰਗੀ ਮੁਆਫੀ ਛਾਪ ਦਿੱਤਾ। ਪੰਥ ਵਿਚ ਰੋਸ ਫੈਲ ਗਿਆ। ਸਾਡਾ ਸਪੱਸ਼ਟੀਕਰਨ ਸੁਨਣ ਲਈ ਕੋਈ ਤਿਆਰ ਨਹੀਂ ਸੀ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਕੌਮ ਵਿਚ ਤਣਾਅ ਤੇ ਜਥੇਦਾਰਾਂ ਨਾਲ ਦੂਰੀ ਵਧ ਗਈ, ਸਾਨੂੰ ਜਨਤਕ ਤੌਰ ’ਤੇ ਸੰਗਤੀ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਧਾਰਮਿਕ ਸਮਾਗਮਾਂ ਵਿਚ ਸਾਡੀ ਸ਼ਮੂਲੀਅਤ ਖਤਮ ਹੋ ਗਈ, ਜਥੇਦਾਰ ਪ੍ਰਭਾਵਹੀਣ ਹੋ ਗਏ।

ਇਸ ਦੌਰਾਨ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਹੋਈ। ਮੈਂ ਸ੍ਰ ਬਾਦਲ ਨਾਲ ਗਿਲਾ ਕੀਤਾ ਕਿ ਪੰਥ ਨੂੰ ਦਸੋ ਕਿ ਚਿਠੀ ਲੈ ਕੇ ਕੌਣ ਆਇਆ। ਸੁਖਬੀਰ ਬਾਦਲ ਨੇ ਕਿਹਾ ਕਿ 2 ਦਿਨਾਂ ਵਿਚ ਸਪੱਸ਼ਟ ਕਰ ਦਿਆਂਗੇ ਕਿ ਤੁਸੀਂ ਚਿੱਠੀ ਨਹੀਂ ਲਿਆਏ। ਹਲਾਤ ਜਿਉਂ ਦੇ ਤਿਉਂ ਸਨ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਡਾਕਟਰ ਦਲਜੀਤ ਸਿੰਘ ਚੀਮਾ ਨਾਲ ਗੱਲਬਾਤ ਕੀਤੀ। ਮੀਟਿੰਗ ਵਿਚ ਤੁਸੀਂ ਵੀ ਸੀ, ਪੱਤਰ ਤੁਸੀਂ ਪੜਾਇਆ ਪਰ ਅੱਜ ਮੇਰਾ ਨਾਮ ਬੋਲ ਰਿਹਾ ਹੈ ਕਿ ਅਕਸ਼ੈ ਕੁਮਾਰ ਦੀ ਕੋਠੀ ਵਿਚੋਂ ਪੱਤਰ ਮੈਂ ਲਿਆਇਆ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਸਮਾਂ ਆਪਣੀ ਚਾਲੇ ਚਲਦਾ ਰਿਹਾ। ਮੈਂ ਗੁਰਮਤਿ ਦੇ ਪ੍ਰਚਾਰ ਲਈ ਦੇਸ਼ ਭਰ ਵਿਚ ਜਾਂਦਾ ਰਿਹਾ ਪਰ ਜਦ ਵੀ ਸਿਰਸਾ ਵਾਲੇ ਦੀ ਕਿਧਰੇ ਵੀ ਗੱਲ ਹੁੰਦੀ ਤਾਂ ਚਿੱਠੀ ਬਾਰੇ ਵੀ ਗੱਲ ਚਲਦੀ। ਮੈਂ ਵਾਰ ਵਾਰ ਹਰ ਜਥੇਦਾਰ ਅਕਾਲੀ ਆਗੂ ਨੂੰ ਚਿੱਠੀ ਮਾਮਲੇ ਤੇ ਸੱਚ ਸੰਗਤਾਂ ਦੇ ਅੱਗੇ ਰਖਣ ਲਈ ਕਹਿੰਦਾ ਰਿਹਾ ਪਰ ਮੇਰੀ ਕਿਸੇ ਨੇ ਨਹੀਂ ਸੁਣੀ। ਇਸ ਸਮੇਂ ਦੌਰਾਨ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੰਦ ਕਮਰਾ ਮੀਟਿੰਗਾਂ ਨਾ ਕਰਨ ਲਈ ਸਾਥੀ ਜਥੇਦਾਰਾਂ ਨੂੰ ਮਨਾਉਂਦਾ ਰਿਹਾ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 1 ਫਰਵਰੀ ਨੂੰ ਡੇਰਾ ਸਿਰਸਾ ਨੇ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਇਸ ਤੋਂ ਬਾਅਦ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਾ ਮੈਨੂੰ ਫੋਨ ਆਇਆ ਕਿ ਚੋਣਾਂ ਦਾ ਸਮਾਂ ਹੈ ਤੇ ਸਾਨੂੰ ਡੇਰਾ ਸਿਰਸਾ ਕੋਲੋਂ ਸਮਰਥਨ ਲੈਣਾ ਪੈ ਰਿਹਾ ਹੈ। ਡੇਰੇ ਵਲੋਂ ਅਕਾਲੀ ਦਲ ਦੇ ਸਮਰਥਨ ਦਾ ਐਲਾਨ ਕਰਨ ਤੋਂ ਬਾਅਦ ਸਿੱਖ ਸੰਗਤਾਂ ਦੇ ਮਨਾਂ ਵਿਚ ਰੋਸ ਦੀ ਭਾਵਨਾ ਪੈਦਾ ਹੋਈ। 2 ਫਰਵਰੀ ਨੂੰ ਫਿਰ ਮਨਜਿੰਦਰ ਸਿਰਸਾ ਨੇ ਫੋਨ ਕੀਤਾ ਤੇ ਕਿਹਾ ਕਿ ਤੁਸੀਂ ਕਾਇਮ ਰਹਿਣਾ ਅਸੀਂ ਮਜਬੂਰੀ ਵਸ ਡੇਰੇ ਦਾ ਸਮਰਥਨ ਲਿਆ ਹੈ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਮਨਜਿੰਦਰ ਸਿਰਸਾ ਨੂੰ ਦਸਿਆ ਕਿ ਹੁਣ ਕਾਇਮ ਰਹਿਣ ਦੀ ਸ਼ਕਤੀ ਨਹੀਂ ਰਹੀ। ਸ੍ਰ ਸਿਰਸਾ ਨੇ ਕਿਹਾ ਕਿ ਮੈਂ ਸਮਝਦਾ ਹਾਂ ਪਰ ਬੌਸ ਨਹੀਂ ਮੰਨਦਾ। ਬੌਸ ਤੋਂ ਭਾਵ ਸੁਖਬੀਰ ਸਿੰਘ ਬਾਦਲ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਸ੍ਰ ਸਿਰਸਾ ਨੂੰ ਕਿਹਾ ਕਿ ਤੁਸੀਂ ਅਕਾਲੀ ਦਲ ਵਲੋਂ ਐਲਾਨ ਕਰ ਦਿਓ ਕਿ ਅਸੀਂ ਪੰਥ ਦਾ ਸਮਰਥਨ ਲੈ ਕੇ ਚੋਣ ਲੜ ਰਹੇ ਹਾਂ ਤਾਂ ਪੰਥ ਤੁਹਾਨੂੰ ਵੋਟਾਂ ਦੇ ਕੇ ਨਿਹਾਲ ਕਰ ਦੇਵੇਗਾ। ਪਰ ਸ੍ਰ ਸਿਰਸਾ ਨਹੀਂ ਮੰਨੇ। ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ 3 ਫਰਵਰੀ ਨੂੰ ਮੈਂ ਨਿੱਜੀ ਚੈਨਲਾਂ ’ਤੇ ਆਪਣੇ ਵਿਚਾਰ ਦਿੱਤੇ ਜਿਸ ਤੋਂ ਬਾਅਦ ਸਿਰਸਾ ਦਾ ਫਿਰ ਫੋਨ ਆਇਆ ਕਿ ਤੁਸੀਂ ਸਾਡੇ ਨਾਲ ਨਹੀਂ ਖੜੇ ਹੁਣ ਜਥੇਦਾਰੀ ਦੀ ਵੀ ਆਸ ਨਾ ਰਖੋ । ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਸ੍ਰ ਸਿਰਸਾ ਨੂੰ ਕਿਹਾ ਕਿ ਇਹ ਜਥੇਦਾਰੀਆਂ ਗੁਰੂ ਪੰਥ ਦੀ ਬਖਸ਼ਿਸ਼ ਹਨ ਮੈਂ ਤੁਹਾਡੇ ਨਿੱਜੀ ਕਾਰਖਾਨੇ ਵਿਚ ਕੰਮ ਨਹੀਂ ਕਰਦਾ ਜੋ ਕਿਹਾ ਨਾ ਮੰਨਣ ਕਰਕੇ ਤੁਸੀਂ ਮੈਨੂੰ ਹਟਾ ਦਿਓਗੇ।

ਭਾਈ ਗੁਰਮੁੱਖ ਸਿੰਘ ਨੇ ਦਸਿਆ ਕਿ ਮੈਂ ਸਾਰਾ ਸਪੱਸ਼ਟ ਕਰ ਦਿੱਤਾ ਹੈ ਤੇ ਹੁਣ ਫੈਸਲਾ ਪੰਥ ਨੇ ਲੈਣਾ ਹੈ। ਭਾਈ ਗੁਰਮੁੱਖ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਸਲਾਹ ਦਿੱਤੀ ਕਿ ਉਹ ਪਿਛਲੀਆਂ ਭੁਲਾ ਮੰਨ ਕੇ ਪੰਥ ਦੀ ਸ਼ਰਨ ਵਿਚ ਆ ਜਾਣ।

# ਜੋਤੀ ਜੋਤਿ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਿੰ. ਕੁਲਵੰਤ ਸਿੰਘ ਅਣਖੀ

ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਵਿਖੇ, ਜੋ ਸਤਿਗੁਰਾਂ ਨੇ ਸੰਮਤ 1561 ਵਿਚ ਵਸਾਇਆ ਸੀ, ਜੋਤੀ ਜੋਤਿ ਸਮਾਏ ਸਨ। ਇਸ ਪਵਿੱਤਰ ਅਸਥਾਨ ਤੇ ਦੇਸ਼ਾਂ ਦੇਸ਼ਾਂਤਰਾਂ ਵਿਚ ਸਿੱਖ ਧਰਮ ਦਾ ਉਪਦੇਸ਼ ਦੇਣ ਉਪਰੰਤ ਸਤਿਗੁਰੂ ਜੀ ਨੇ ਸੰਮਤ 1579 ਵਿਚ ਰਹਾਇਸ਼ ਕੀਤੀ ਸੀ। ਭਾਈ ਗੁਰਦਾਸ ਜੀ ਲਿਖਦੇ ਹਨ :

**'ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ।।**

ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ।'

ਇਸ ਨਗਰ ਦੇ ਵਸਾਉਣ ਵਿਚ ਭਾਈ ਦੋਦਾ ਅਤੇ ਦੁਨੀ ਚੰਦ (ਕਰੋੜੀ ਮੱਲ) ਦਾ ਉੱਦਮ ਹੋਇਆ, ਜਿਨਾਂ ਨੇ ਸਤਿਗੁਰੂ ਲਈ ਪਿੰਡ ਵਸਾ ਕੇ ਧਰਮਸ਼ਾਲ ਬਣਵਾਈ। ਬਾਬਾ ਲਹਿਣਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਤਾਰਪੁਰ ਸਾਹਿਬ ਵਿਖੇ ਅਕਤੂਬਰ-ਨਵੰਬਰ ਸੰਨ 1532 ਵਿਚ ਹੋਇਆ। ਰੂਹ ਨੂੰ ਅਜਿਹੀ ਖਿੱਚ ਪਈ ਕਿ ਉਹ ਗੁਰ ਚਰਨ-ਕਮਲਾਂ ਦੇ ਭੌਰੇ ਹੋ ਗਏ। ਪਰਿਵਾਰਕ ਜ਼ਿੰਮੇਵਾਰੀਆਂ ਤੋਂ ਜਦੋਂ ਵੀ ਮੌਕਾ ਮਿਲਦਾ, ਖਡੂਰ ਸਾਹਿਬ ਤੋਂ ਕਰਤਾਰਪੁਰ ਪਹੁੰਚ ਜਾਂਦੇ। ਗੁਰੂ ਨਾਨਕ ਦੇਵ ਜੀ ਵੀ ਮਾਝੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਾਬਾ ਲਹਿਣਾ ਜੀ ਪਾਸ ਖਡੂਰ ਸਾਹਿਬ ਠਹਿਰਦੇ ਸਨ। ਸਮੇਂ ਨਾਲ ਭਾਈ ਲਹਿਣਾ ਜੀ ਦਾ ਕਰਤਾਰਪੁਰ ਵਿਖੇ ਠਹਿਰਨ ਦਾ ਵਕਤ ਵਧਦਾ ਗਿਆ। ਕਰਤਾਰਪੁਰ ਰਹਿੰਦਿਆਂ ਅੰਮ੍ਰਿਤ ਵੇਲੇ ਸੰਗਤਾਂ ਉੱਠਦੀਆਂ ਤੇ ਗੁਰੂ ਨਾਨਕ ਦੇਵ ਜੀ ਦੇ ਰਚੇ ਸ਼ਬਦ ਪੜਦੀਆਂ। ਸ਼ਾਮ ਵੇਲੇ ਸੋਦਰ ਤੇ ਆਰਤੀ ਦਾ ਪਾਠ ਹੁੰਦਾ ਸੀ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 38ਵੀਂ ਪਾਉੜੀ ਵਿਚ ਦਰਜ ਹੈ :

**ਸੋਦਰ ਆਰਤੀ ਗਾਵੀਐ,**

**ਅੰਮ੍ਰਿਤ ਵੇਲੇ ਜਾਪ ਉਚਾਰਾ।।**

ਅੰਮ੍ਰਿਤ ਵੇਲੇ ਪਾਠ ਕਰਨ ਲਈ ਕੋਈ ਨਿਸ਼ਚਿਤ ਬਾਣੀ ਨਹੀਂ ਸੀ। ਮਿਹਰਬਾਨ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਮਨ ਵਿਚ ਖ਼ਿਆਲ ਆਇਆ ਕਿ ਇਕ ਬਾਣੀ ਇਸ ਤਰਾਂ ਦੀ ਹੋਣੀ ਚਾਹੀਦੀ ਹੈ ਜੋ ਵਿਸ਼ੇਸ਼ ਅੰਮ੍ਰਿਤ ਵੇਲੇ ਸੰਗਤਾਂ ਪੜਨ। ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਬਚਨ ਕੀਤਾ ਕਿ ਉਨਾਂ ਦੀ ਰਚਨਾ ਵਿੱਚੋਂ ਇਕ ਜਪੁ ਸੰਗ੍ਰਹਿ ਕਰਨਾ ਹੈ ਜੋ ਆਪਣੇ ਆਪ ਵਿਚ ਇਕ ਸੰਪੂਰਣ ਰਚਨਾ ਹੋਵੇ। ਗੁਰੂ ਸਾਹਿਬ ਨੇ ਆਪਣੀ ਰਚੀ ਬਾਣੀ ਭਾਈ ਲਹਿਣਾ ਜੀ ਨੂੰ ਦੇ ਦਿੱਤੀ ਤੇ ਆਗਿਆ ਕੀਤੀ ਕਿ ਇਨਾਂ ਵਿੱਚੋਂ ਅਕਾਲ ਪੁਰਖ ਦੀ ਉਸਤਤ ਦੀਆਂ ਪਉੜੀਆਂ ਨੂੰ ਵੱਖ ਕਰਨ। ਇਸ ਸੰਗ੍ਰਹਿ ਦਾ ਮੁੱਢ ਗੁਰੂ ਸਾਹਿਬ ਨੇ ਇਨਾਂ ਸ਼ਬਦਾਂ ਨਾਲ ਕੀਤਾ :

**ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।**

ਭਾਈ ਲਹਿਣਾ ਜੀ ਨੇ ਪਾਉੜੀਆਂ ਦੀ ਚੋਣ ਆਰੰਭ ਦਿੱਤੀ। ਭਾਈ ਲਹਿਣਾ ਜੀ ਹਰ ਰੋਜ਼ ਅੰਮ੍ਰਿਤ ਵੇਲੇ ਪਾਉੜੀਆਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਉਂਦੇ। ਗੁਰੂ ਸਾਹਿਬ ਭਾਈ ਲਹਿਣਾ ਜੀ ਦੀ ਚੋਣ ਨੂੰ ਬਹੁਤ ਧਿਆਨ ਨਾਲ ਵੇਖਦੇ। ਇਸ ਤਰਾਂ ਫਿਰ ਇਕ ਦਿਨ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਸਾਹਿਬ ਦੀ ਸਾਰੀ ਰਚਨਾ ਵਿੱਚੋਂ 38 ਪਾਉੜੀਆਂ ਚੁਣ ਕੇ ਅੰਮ੍ਰਿਤ ਵੇਲੇ ਬਾਬਾ ਜੀ ਨੂੰ ਸੁਣਾਈਆਂ। ਇਹ 38 ਪਾਉੜੀਆਂ ਦੀ ਚੋਣ ਬਾਬਾ ਜੀ ਨੇ ਪ੍ਰਵਾਨ ਕਰ ਲਈ। ਇਸ ਤਰਾਂ ਜਪੁਜੀ ਸਾਹਿਬ ਜਿਸ ਵਿਚ ਅਠੱਤੀ ਪਾਉੜੀਆਂ ਅਤੇ ਸਲੋਕ ਹਨ, ਦੀ ਮੌਜੂਦਾ ਤਰਤੀਬ ਹੋਂਦ ਵਿਚ ਆਈ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪੜਦੇ ਹੋਏ ਬਾਣੀ ਨੂੰ ਪੂਰਨ ਰੂਪ ਵਿਚ ਧਾਰਨ ਕਰ ਲਿਆ। ਉਨਾਂ ਦਾ ਅੰਤਰੀਵ ਬਾਣੀ ਸਰੂਪ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੇ ਗਲ਼ ਲਾਇਆ ਤੇ ਆਖਿਆ, 'ਤੇਰੇ ਮੇਰੇ ਵਿਚ ਕੋਈ ਵਿੱਥ ਨਹੀਂ ਰਹੀ।' ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦਾ ਨਵਾਂ ਨਾਂ ਧਰ ਦਿੱਤਾ- ਅੰਗਦ। ਜੀਵਨ ਤਬਦੀਲ ਕਰ ਦਿੱਤਾ, ਨਾਂ ਵੀ ਤਬਦੀਲ ਕਰ ਦਿੱਤਾ।

ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ 2 ਅੱਸੂ ਸੰਮਤ 1596, ਮੁਤਾਬਿਕ 2 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੀ ਨੇ ਸਭ ਪਰਿਵਾਰ ਨੂੰ ਇਕੱਠਾ ਕੀਤਾ। ਪਿੰਡ ਦੇ ਸਭ ਲੋਕਾਂ ਨੂੰ ਸੱਦਿਆ ਤੇ ਸਾਰਿਆਂ ਦੇ ਸਾਹਮਣੇ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ। ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾ ਕੇ ਆਪਣੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ। ਉਹ ਪੋਥੀ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਅਤੇ ਬਾਬਾ ਫ਼ਰੀਦ ਜੀ, ਭਗਤ ਨਾਮਦੇਵ, ਭਗਤ ਕਬੀਰ, ਰਵਿਦਾਸ ਜੀ ਸਮੇਤ ਸਾਰੇ ਭਗਤਾਂ ਦੀ ਬਾਣੀ ਲਿਖ ਕੇ ਰੱਖੀ ਹੋਈ ਸੀ, ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਵਲਾਇਤ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ, 'ਤਿਤੁ ਮਹਲਿ ਜੋ ਸ਼ਬਦ ਹੋਆ ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।'

ਭਾਈ ਕਰਮ ਸਿੰਘ ਰਚਿਤ 'ਗੁਰੂ ਪੁਰਬ ਨਿਰਣਯ' ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸਰੀਰਕ ਤੌਰ ਤੇ ਉਮਰ ਸੱਤਰ ਸਾਲ, ਪੰਜ ਮਹੀਨੇ, ਤਿੰਨ ਦਿਨ ਸੀ। ਵਲਾਇਤ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਦਰਜ ਹੈ ਕਿ ਆਪ ਜੀ 23 ਅੱਸੂ ਸੰਮਤ 1596, ਮੁਤਾਬਕ 22 ਸਤੰਬਰ 1539 ਈਸਵੀ ਨੂੰ ਜੋਤੀ ਜੋਤਿ ਸਮਾਏ। ਵਲਾਇਤ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਅੰਕਿਤ ਹੈ ਕਿ ਜਦੋਂ ਗੁਰੂ ਜੀ ਜੋਤੀ ਜੋਤਿ ਸਮਾਏ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਝਗੜਾ ਹੋ ਗਿਆ। ਹਿੰਦੂ ਕਹਿਣ ਕਿ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਗੁਰੂ ਹਨ, ਉਨਾਂ ਦੀ ਦੇਹ ਦਾ ਸਸਕਾਰ ਕਰਨਾ ਹੈ। ਮੁਸਲਮਾਨ ਦਾਅਵਾ ਕਰਨ ਕਿ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਦੇ ਪੀਰ ਹਨ ਤੇ ਉਨਾਂ ਦੀ ਦੇਹ ਨੂੰ ਦਫ਼ਨਾਉਣਾ ਹੈ। ਪ੍ਰੰਤੂ ਮਿਹਰਬਾਨ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਝਗੜੇ ਵਾਲਾ ਬਿਰਤਾਂਤ ਦਰਜ ਨਹੀਂ ਹੈ।

ਵਲਾਇਤ ਵਾਲੀ ਜਨਮ ਸਾਖੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਲਿਖੀ ਗਈ। ਇਸੇ ਸਮੇਂ 'ਦਬਿਸਤਾਨ-ਇ-ਮਜ਼ਾਹਬ' ਪੁਸਤਕ ਲਿਖੀ ਗਈ, ਜਿਸ ਵਿਚ ਇੰਨ-ਬਿੰਨ ਹਿੰਦੂ-ਮੁਸਲਮਾਨਾਂ ਦੇ ਝਗੜੇ ਵਾਲੀ ਗੱਲ ਕਬੀਰ ਸਾਹਿਬ ਦੇ ਦਿਹਾਂਤ ਮਗਰੋਂ ਲਿਖੀ ਹੋਈ ਹੈ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਉਨਾਂ ਦਾ ਪਰਿਵਾਰ ਬਾਬਾ ਸ੍ਰੀਚੰਦ, ਬਾਬਾ ਲਖਮੀ ਦਾਸ ਤੇ ਉਨਾਂ ਦੀ ਸੁਪਤਨੀ ਮਾਤਾ ਸੁਲੱਖਣੀ ਜੀ ਕਰਤਾਰਪੁਰ ਸਾਹਿਬ ਹੀ ਮੌਜੂਦ ਸਨ। ਅੰਤਮ ਸਸਕਾਰ ਦਾ ਹੱਕ ਪਰਿਵਾਰ ਦਾ ਹੁੰਦਾ ਹੈ। ਇਤਿਹਾਸਕਾਰ ਕਿਰਪਾਲ ਸਿੰਘ ਰਚਿਤ ਜਨਮ ਸਾਖੀ ਪਰੰਪਰਾ ਵਿਚ ਦਰਜ ਹੈ ਕਿ ਉਨਾਂ (ਪਰਿਵਾਰ) ਦੇ ਹੁੰਦਿਆਂ ਹਿੰਦੂ ਤੇ ਮੁਸਲਮਾਨਾਂ ਦਾ ਝਗੜਾ ਸੰਭਵ ਨਹੀਂ ਜਾਪਦਾ। ਗੁਰੂ ਨਾਨਕ ਦੇਵ ਜੀ ਦੀ ਸਿੱਖਿਆ, ਸਿਧਾਂਤ, ਫਲਸਫ਼ਾ ਅਤੇ ਵਿਚਾਰ, ਜੋ ਉਨਾਂ ਦੀ ਰਚੀ ਬਾਣੀ ਵਿਚ ਹੈ, ਨਿਰੋਲ ਮਾਨਵੀ ਅਤੇ ਕੁਦਰਤ ਅਨੁਸਾਰੀ ਹਨ। ਇਸ ਉੱਤਮ ਮਾਰਗ ਦੀ ਅਨੁਯਾਈ ਸਮੁੱਚੀ ਮਾਨਵਤਾ ਨੇ ਜ਼ਾਤ-ਪਾਤ, ਇਲਾਕੇ ਅਤੇ ਧਾਰਮਿਕ ਵਖਰੇਵਿਆਂ ਨੂੰ ਲਾਂਭੇ ਰੱਖ ਕੇ ਗੁਰੂ ਨਾਨਕ ਦੇਵ ਜੀ ਦਾ ਸ਼ਰਧਾ ਭਾਵਨਾ ਸਹਿਤ ਸਤਿਕਾਰ ਸਨਮਾਨ ਨੂੰ ਆਪਣੇ ਹਿਰਦਿਆਂ 'ਚ ਪੱਕਾ ਵਸਾ ਲਿਆ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਤਾਂ ਹਿੰਦੂ ਮੁਸਲਮਾਨਾਂ ਸਮੇਤ ਸਾਰੇ ਧਰਮਾਂ ਦੇ ਲੋਕ ਵਿਜੋਗੀ ਮਾਨਸਿਕ ਅਵਸਥਾ ਵਿਚ ਸਨ।

ਭਾਈ ਕਾਨ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ ਅੰਤਮ ਸੰਸਕਾਰ ਕਰਨ ਲਈ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ ਕਿਉਂਕਿ ਇਹ ਸਭ ਜਗਤ ਗੁਰੂ ਨੂੰ ਕੇਵਲ ਆਪਣਾ ਗੁਰੂ ਪੀਰ ਮੰਨਦੇ ਸਨ। ਅੰਤ ਨੂੰ ਗੁਰੂ ਸਾਹਿਬ ਦਾ ਵਸਤਰ ਲੈ ਕੇ ਮੁਸਲਮਾਨਾਂ ਨੇ ਕਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸਸਕਾਰ ਕੀਤਾ। ਗੁਰੂ ਅਰਜਨ ਦੇਵ ਜੀ ਰਾਗ ਗਾਉੜੀ ਵਿਚ ਫ਼ੁਰਮਾਉਂਦੇ ਹਨ :

**ਹਰਖ ਅਨੰਤ ਸੋਗ ਨਹੀ ਬੀਆ,**

**ਸੋ ਘਰੁ ਗੁਰਿ ਨਾਨਕ ਕਉ ਦੀਆ।।**

ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ 18 ਸਾਲ ਗੁਜ਼ਾਰੇ। ਰਾਵੀ ਦਰਿਆ ਦੇ ਕੰਢੇ ਇਸ ਅਸਥਾਨ 'ਤੇ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਜਿਸ ਅਸਥਾਨ ਪੁਰ ਸਿੱਖਾਂ ਅਤੇ ਹਿੰਦੂਆਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਦੇਹ ਦਾ ਸਸਕਾਰ ਕੀਤਾ ਸੀ, ਉਸ ਜਗਾ ਸਮਾਧ ਬਣਾ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਦਿੱਤੀ। ਉਸੇ ਅਸਥਾਨ ਤੋਂ 5-7 ਗਜ਼ ਹਟ ਕੇ ਜਿੱਥੇ ਮੁਸਲਮਾਨ ਸ਼ਰਧਾਲੂਆਂ ਨੇ ਗੁਰੂ ਸਾਹਿਬ ਦੇ ਵਸਤਰਾਂ ਨੂੰ ਦਫ਼ਨਾਇਆ ਸੀ, ਉਸ ਕਬਰ 'ਤੇ ਸੁੰਦਰ ਮਜ਼ਾਰ ਸੁਸ਼ੋਭਿਤ ਹੈ।

ਇਸ ਪਵਿੱਤਰ ਅਸਥਾਨ ਦੀ ਖ਼ਾਸੀਅਤ ਹੈ ਕਿ ਗੁਰਦੁਆਰਾ ਸਾਹਿਬ ਅਤੇ ਮਜ਼ਾਰ ਸਾਹਿਬ ਇਕੱਠੇ ਹਨ। ਸੰਨ 1919 ਵਿਚ ਰਾਵੀ ਦਰਿਆ ਵਿਚ ਆਏ ਹੜਾਂ ਨੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੀ ਪਵਿੱਤਰ ਇਤਿਹਾਸਕ ਇਮਾਰਤ ਲਈ ਖ਼ਤਰਾ ਪੈਦਾ ਕਰ ਦਿੱਤਾ। ਸਿੱਖ ਸੰਗਤ ਦੇ ਸਹਿਯੋਗ ਸਦਕਾ ਮਹਾਰਾਜਾ ਪਟਿਆਲਾ ਸਰ ਭੁਪਿੰਦਰ ਸਿੰਘ ਨੇ ਇਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਖ਼ਰਚ ਕੇ ਮੌਜੂਦਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਦੀ ਇਮਾਰਤ ਨੂੰ ਤਿਆਰ ਕਰਨ ਦੀ ਸੇਵਾ ਕੀਤੀ ਅਤੇ ਦਰਿਆ ਰਾਵੀ ਤੇ ਕਰਤਾਰਪੁਰ ਸਾਹਿਬ ਵੱਲ ਬੰਨ ਬੰਨਿਆ।

9 ਨਵੰਬਰ 2019 ਵਾਲੇ ਸੁਭਾਗੇ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਸਦਰ ਇਮਰਾਨ ਖ਼ਾਨ ਨੇ ਗੁਰੂ ਨਾਨਕ ਦੇਵ ਦੇ ਮਾਨਵੀ ਸਾਂਝੀਵਾਲਤਾ ਦੇ ਸੰਦੇਸ਼ 'ਤੇ ਅਮਲ ਕਰਦਿਆਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦਾ ਉਦਘਾਟਨ ਕੀਤਾ। ਕੋਵਿਡ-19 ਕਾਰਨ ਬੰਦ ਹੋਏ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਮੁੜ ਖੁੱਲਣ ਲਈ ਸੰਗਤਾਂ ਬੜੀ ਤਾਂਘ ਨਾਲ ਉਡੀਕ ਕਰ ਰਹੀਆਂ ਹਨ।

# ਧਾਰਮਿਕ ਵਿਚਾਰਧਾਰਾ 'ਤੇ ਰਾਜਨੀਤਕ ਪਸਾਰਾ



ਸਰਬਜੀਤ ਕੌਰ ਸਰਬ

ਇਸ ਸਮੇਂ ਪੰਜਾਬ ਦੇ ਜੋ ਹਾਲਾਤ ਚੱਲ ਰਹੇ ਹਨ ਉਨਾਂ ਹਾਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਸ ਗੱਲ ਦਾ ਕਿਆਸ ਲਾਇਆ ਜਾ ਸਕਦਾ ਹੈ ਕਿ ਧਰਮ ਵਿਚ ਵੀ ਰਾਜਨੀਤੀ ਨੇ ਥਾਂ ਲੈ ਲਈ ਹੈ। ਧਰਮ ਦੇ ਨਾਮ ਉੱਤੇ ਆਪਸੀ ਝਗੜੇ ਕਰਵਾਏ ਜਾ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋ ਰਹੀਆਂ ਬੇਅਦਬੀਆਂ ਵੀ ਰਾਜਨੀਤਿਕ ਸਿਆਸਤ ਦਾ ਇਕ ਅੰਗ ਹਨ। ਸਿੱਖ ਕੌਮ ਵਿੱਚ ਪਈਆਂ ਵੰਡੀਆਂ ਵੀ ਰਾਜਨੀਤੀ ਦੀ ਹੀ ਦੇਣ ਹੈ। ਜੇਕਰ ਅਸੀਂ ਆਪਣੇ ਸਿੱਖ ਇਤਿਹਾਸ ਵੱਲ ਨਜ਼ਰਸਾਨੀ ਕਰਦੇ ਹਾਂ, ਉਸ ਤੋਂ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਾਡੀ ਕੌਮ ਤਾਂ ਹੀ ਬਹਾਦਰ ਅਖਵਾਉਂਦੀ ਸੀ ਜੇ ਇਹ ਏਕਤਾ ਕੇਵਲ ਇਕ ਆਸ਼ੇ ਵਿਚ ਵਿਸ਼ਵਾਸ ਰੱਖ ਕੇ ਜੰਗਾਂ ਯੁੱਧਾਂ ਨੂੰ ਫਤਿਹ ਕਰਦੀ ਸੀ। ਪਰ ਅਫਸੋਸ ਅੱਜ ਸਿੱਖ ਕੌਮ ਵਿਚ ਉਹ ਏਕਤਾ ਨਹੀਂ ਰਹੀ ਜਿਸ ਦਾ ਉਪਦੇਸ਼ ਸਾਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਦਿੱਤਾ ਸੀ । ਧੰਨ ਸ੍ਰੀ ਗੁਰੂ ਨਾਨਕ ਦੇਵ ਨੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਜੋ ਉਪਦੇਸ਼ ਆਮ ਲੋਕਾਈ ਨੂੰ ਦਿੱਤਾ ਸੀ ਉਹ ਸਾਡੀਆਂ ਅੱਖੋਂ ਓਹਲੇ ਹੋ ਗਿਆ ਹੈ । ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਹੱਕ ਸੱਚ ਦੀ ਲੜਾਈ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਲਈ ਆਪਣੇ ਆਪ ਨੂੰ ਵਾਰਨ ਦਾ ਜੋ ਜੋਸ਼ ਸਾਡੇ ਮਨ ਵਿਚ ਭਰਿਆ ਸੀ ਅੱਜ ਉਹ ਕੇਵਲ ਆਪਣੇ ਆਪ ਤਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਦੂਜੇ ਉੱਤੇ ਜ਼ੁਲਮ ਹੁੰਦਾ ਵੇਖ ਕੇ ਅਸੀਂ ਚੁੱਪ ਹਾਂ, ਸਾਨੂੰ ਕੇਵਲ ਅੱਜ ਆਪਣੀ ਲੋੜ ਹੀ ਨਜ਼ਰ ਆਉਂਦੀ ਹੈ। ਕਿਸੇ ਗ਼ਰੀਬ ਨਾਲ ਕੋਈ ਧੱਕਾ ਹੋ ਰਿਹਾ ਹੈ ਜਾਂ ਫੇਰ ਧਰਮ ਦੇ ਉੱਤੇ ਵਾਰ ਹੋ ਰਿਹਾ ਹੈ, ਅਸੀਂ ਲੋਕ ਕੇਵਲ ਉਸ ਨੂੰ ਚੁੱਪ-ਚਾਪ ਦੇਖ ਰਹੇ ਹਾਂ। ਜਿਵੇਂ ਅਸੀਂ ਕਿਸੇ ਨੂੰ ਉਡੀਕਦੇ ਹਾਂ ਕਿ ਇਸ ਮਸਲੇ ਦਾ ਹੱਲ ਕਰਨ ਲਈ ਕੋਈ ਆਵੇਗਾ। ਪਰ ਅਸੀਂ ਇਹ ਗੱਲ ਭੁੱਲ ਗਏ ਹਾਂ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਖਿਆ ਗਿਆ ਹੈ ਕਿ ,



ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ ਪੰਨਾ 1105

ਅਸਲ ਸੂਰਮਾ ਹੀ ਉਹ ਹੈ ਜੋ ਵੈਰੀਆਂ ਦਾ ਟਾਕਰਾ ਕਰਨ ਲਈ ਆਣ ਖਲੋਤੇ ਅਤੇ ਉਹ ਐਵੇਂ ਸਮਝੇ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਸ ਜੰਗ ਨੂੰ ਜਿੱਤਿਆ ਜਾ ਸਕਦਾ ਹੈ। ਕਹਿਣ ਤੋਂ ਭਾਵ ਵੈਰੀ ਚਾਹੇ ਮਨੁੱਖ ਦੀ ਅੰਦਰੂਨੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਨੂੰ ਮਾਰਨਾ ਹੋਵੇ ਜਾਂ ਫੇਰ ਬਾਹਰਲੇ ਵੱਕਾਰਾਂ ਦਾ ਟਾਕਰਾ ਕਰਨਾ ਹੋਵੇ ਜਿੱਥੇ ਝੂਠ ਸੱਚ ਦੀ ਲੜਾਈ ਲੜੀ ਜਾਂਦੀ ਹੈ। ਇਸ ਲੜਾਈ ਨੂੰ ਜਿੱਤਣ ਵਾਲਾ ਹੀ ਅਸਲ ਸੂਰਮਾ ਹੈ। ਸਾਨੂੰ ਕਿਸੇ ਦਾ ਇੰਤਜਾਰ ਨਹੀਂ ਕਰਨਾ ਚਾਹੀਦਾ ਕਿ ਕੋਈ ਆਵੇਗਾ ਅਤੇ ਇਸ ਕੌਮ ਨੂੰ ਅੰਦਰੂਨੀ ਅਤੇ ਬਾਹਰੀ ਵਿਕਾਰਾਂ ਤੋਂ ਬਚਾ ਲਵੇਗਾ। ਇਸ ਦੇ ਲਈ ਸਾਨੂੰ ਖੁਦ ਨੂੰ ਉੱਠਣਾ ਪੈਣਾ ਹੈ ਸੱਚ ਅਤੇ ਝੂਠ ਦੀ ਇਸ ਜੰਗ ਵਿੱਚ ਸੱਚ ਦਾ ਸਾਥ ਦੇਣਾ ਪੈਣਾ ਹੈ ।

ਜੇਕਰ ਗੱਲ ਰਾਜਨੀਤਕ ਸਿਆਸਤ ਦੀ ਕੀਤੀ ਜਾਵੇ ਤਾਂ ਇਸ ਸਮੇਂ ਨਵਜੋਤ ਸਿੰਘ ਸਿੱਧੂ ਨੇ ਜੋ ਅਸਤੀਫਾ ਦਿੱਤਾ ਹੈ ਉਹ ਕਿਤੇ ਨਾ ਕਿਤੇ ਸੱਚ ਨੂੰ ਬਿਆਨ ਕਰਨ ਦੇ ਲਈ ਤੇ ਆਪਣੀ ਜ਼ਮੀਰ ਨੂੰ ਜਾਗਦਾ ਰੱਖਣ ਦੇਣ ਲਈ ਦਿੱਤਾ ਹੈ। ਮੇਰਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਰੋਕਾਰ ਨਹੀਂ ਹੈ। ਇੱਥੇ ਗੱਲ ਕੇਵਲ ਇਕ ਸੱਚ ਦੀ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਸਭ ਤੋਂ ਵੱਡਾ ਉਪਦੇਸ਼ ਇਹੋ ਹੀ ਦਿੱਤਾ ਗਿਆ ਹੈ ਕਿ ਇਨਸਾਨੀਅਤ ਹੀ ਅਸਲ ਧਰਮ ਹੈ। ਪਰ ਸਾਡੇ ਅਜੋਕੇ ਧਰਮ ਪ੍ਰਚਾਰਕਾਂ ਨੇ ਧਰਮ ਦੇ ਵਿੱਚ ਹੀ ਵੰਡੀਆਂ ਪਾ ਕੇ ਬੁਰੇ ਲੋਕਾਂ ਨੂੰ ਇਸ ਉੱਤੇ ਰਾਜਨੀਤਿਕ ਸਿਆਸਤ ਖੇਡਣ ਦਾ ਮੌਕਾ ਦੇ ਦਿੱਤਾ ਹੈ। ਇਕ ਸਿੱਖ ਕੌਮ ਦੇ ਵਿੱਚ ਹੀ ਅਨੇਕਾਂ ਸਿੱਖ ਜਥੇਬੰਦੀਆਂ ਬਣ ਗਈਆਂ ਹਨ ਜੋ ਆਪਣੀ ਸੋਚ ਦੇ ਮੁਤਾਬਕ ਪੰਥਕ ਕਾਰਜ ਕਰਦੀਆਂ ਹਨ। ਜੇਕਰ ਸਿੱਖ ਕੌਮ ਇਕ ਹੋ ਜਾਵੇ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਿੱਤੇ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰੇ ਤਾਂ ਰਾਜਨੀਤਿਕ ਸਿਆਸਤਾਂ ਨਾ ਹੋਵੇ ਅਤੇ ਨਾ ਹੀ ਧਰਮ ਦੇ ਨਾਮ ਉੱਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਜਾਵੇ, ਕੇਵਲ ਇਕ ਅਕਾਲ ਪੁਰਖ ਦੀ ਛਤਰ ਛਾਇਆ ਹੇਠ ਮਨੁੱਖ ਆਪਣਾ ਜੀਵਨ ਸੱਚ ਦੀ ਕਿਰਤ ਕਾਰਨ ਤੇ ਨਾਮ ਦਾ ਅਭਿਆਸ ਕਾਰਨ ਵਿੱਚ ਬਤੀਤ ਕਰੇ ਤਾਂ ਜੋ ਇਸ ਧਰਤੀ ਉੱਤੇ ਆਉਣ ਦਾ ਅਸਲ ਮਕਸਦ ਨੂੰ ਪਾ ਸਕੀਏ।

# ਦਿਮਾ.ਗ ਦਾ ਵਿਕਾਸ ਅਤੇ ਮੋਬਾਇਲ ਫੋਨ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

**ਫੋਨ ਨੰ: 0175-2216783**

ਜ਼ਿੰਦਗੀ ਸ਼ੁਰੂ ਹੀ ਦਿਮਾ.ਗ ਦੇ ਸੈੱਲਾਂ ਨਾਲ ਹੁੰਦੀ ਹੈ। ਮਾਂ ਦੇ ਢਿੱਡ ਅੰਦਰ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਭਰੂਣ ਦੇ ਦਿਮਾ.ਗ ਦੇ ਸੈੱਲਾਂ ਦੇ ਜੋੜ ਬਣਨੇ ਸ਼ੁਰੂ ਹੋ ਜਾਂਦੇ ਹਨ ਜੋ ਸਰੀਰ ਦੀ ਹਿਲਜੁਲ ਨੂੰ ਕੰਟਰੋਲ ਕਰਦੇ ਹਨ ਅਤੇ ਬਾਹਰੀ ਸੁਨੇਹਿਆਂ ਨੂੰ ਇੱਕਠਾ ਕਰਨ ਦਾ ਕੰਮ ਕਰਦੇ ਹਨ। ਤਿੰਨ ਤੋਂ 6 ਮਹੀਨਿਆਂ ਦੇ ਭਰੂਣ ਵਿਚ ਦਿਮਾ.ਗ ਦਾ ਕਾਫ਼ੀ ਵੱਡਾ ਹਿੱਸਾ ਬਣਨਾ ਸ਼ੁਰੂ ਹੋ ਜਾਂਦਾ ਹੈ ਜਿਸ ਵਿਚ ਸੋਚਣ ਸਮਝਣ ਅਤੇ ਬੌਧਿਕ ਵਿਕਾਸ ਦੇ ਅੰਸ਼ ਪਨਪਦੇ ਹਨ। ਇਸ ਦੌਰਾਨ ਢੇਰ ਸਾਰੇ ਹੋਰ ਜੋੜ ਬਣਦੇ ਹਨ। ਸੱਤ ਤੋਂ ਨੌਂ ਮਹੀਨਿਆਂ ਦੇ ਭਰੂਣ ਵਿਚ ਸੋਚਣ ਸਮਝਣ ਤੇ ਸਮੋਣ ਦਾ ਵੱਡਾ ਹਿੱਸਾ ਤਿਆਰ ਹੋ ਜਾਂਦਾ ਹੈ ਜਿਸ ਨੇ ਪੈਦਾ ਹੁੰਦੇ ਸਾਰ ਜਿੰਨੇ ਵੀ ਸੁਨੇਹੇ ਮਿਲਣੇ ਹੁੰਦੇ ਹਨ, ਉਨਾਂ ਨਾਲ ਦਿਮਾ.ਗ ਵਿਚਲੀ ਹਾਰਡ ਡਿਸਕ ਨੂੰ ਭਰਨਾ ਹੁੰਦਾ ਹੈ।

ਇਹੀ ਦਿਮਾ.ਗ ਵਿਚਲੀ 'ਹਾਰਡ ਡਿਸਕ' ਅੱਗੋਂ ਜ਼ਬਾਨ, ਲਿਆਕਤ, ਬੌਧਿਕ ਵਿਕਾਸ ਅਤੇ ਵਰਤਾਰੇ ਬਾਰੇ ਨੀਂਹ ਪੱਕੀ ਕਰਦੀ ਹੈ।

ਜੰਮਣ ਤੋਂ ਬਾਅਦ ਜਿਸ ਤਰਾਂ ਬੱਚੇ ਨਾਲ ਵਿਹਾਰ ਕੀਤਾ ਜਾਂਦਾ ਹੈ, ਉਸੇ ਅਨੁਸਾਰ ਦਿਮਾ.ਗ ਦੀ ਬਣਤਰ ਵਿਚ ਸਦੀਵੀ ਛਾਪ ਤਿਆਰ ਹੁੰਦੀ ਹੈ ਤੇ ਉਸੇ ਵੇਲੇ ਹੀ ਬੱਚੇ ਦੇ ਵੱਡੇ ਹੋ ਜਾਣ ਉੱਤੇ ਕਿਹੋ ਜਿਹਾ ਕਿਰਦਾਰ ਤਿਆਰ ਹੋਣਾ ਹੈ, ਤੈਅ ਹੋ ਜਾਂਦਾ ਹੈ।

ਮਿਸਾਲ ਵਜੋਂ ਪਿਆਰ ਦੁਲਾਰ ਨਾਲ ਪਲਿਆ ਬੱਚਾ ਜ਼ਿਆਦਾ ਲਾਇਕ ਹੋਣਾ ਸੁਭਾਵਿਕ ਹੈ। ਇੰਜ ਹੀ ਜਿੰਨੀ ਬੱਚੇ ਨਾਲ ਗੱਲਬਾਤ ਵੱਧ ਕੀਤੀ ਜਾਵੇ, ਓਨੇ ਹੀ ਵੱਧ ਦਿਮਾ.ਗ ਦੇ ਸੈੱਲਾਂ ਦੇ ਜੋੜ ਬਣਦੇ ਹਨ ਤੇ ਓਨਾ ਹੀ ਬੱਚਾ ਵੱਧ ਲਾਇਕ ਬਣਦਾ ਹੈ। ਉਸ ਦੇ ਦਿਮਾ.ਗ ਅੰਦਰ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਸਾਂਭਣ ਦੀ ਥਾਂ ਵੱਧ ਬਣ ਜਾਂਦੀ ਹੈ।

ਦੁਨੀਆ ਦੇ ਚੋਟੀ ਦੇ ਜਨਰਲ 'ਪੀਡੀਐਟਰਿਕਸ' ਵਿੱਚ ਸੰਨ 2011 ਅਪ੍ਰੈਲ ਵਿਚ ਕਈ ਸਾਲਾਂ ਤੱਕ ਚੱਲੀ ਖੋਜ ਦੇ ਨਤੀਜੇ ਛਪੇ ਜਿਸ ਵਿੱਚ ਸਤਮਾਹੇ ਜੰਮੇ ਬੱਚਿਆਂ ਦੇ ਦਿਮਾ.ਗ ਦੇ ਵਿਕਾਸ ਬਾਰੇ ਦੱਸਿਆ ਗਿਆ ਕਿ ਪੂਰੇ ਸਮੇਂ ਉੱਤੇ ਜੰਮੇ ਬੱਚਿਆਂ ਦੇ 'ਆਈ ਕਿਊ' 83.8 ਤੋਂ 96 ਫੀਸਦੀ ਸੀ ਜਦ ਕਿ ਸਤਮਾਹੇ ਜੰਮਿਆਂ ਦਾ 78.9 ਫੀਸਦੀ ਤੋਂ 90 ਫੀਸਦੀ ਦੇ ਵਿਚਕਾਰ।

ਇਸ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਿੰਨਾ ਵੱਧ ਵਕਤ ਤੋਂ ਪਹਿਲਾਂ ਜੰਮਿਆ ਬੱਚਾ ਹੋਵੇ, ਓਨਾ ਹੀ ਉਸ ਦਾ ਦਿਮਾ.ਗ ਘੱਟ ਵਿਕਸਿਤ ਹੁੰਦਾ ਹੈ ਕਿਉਂਕਿ ਸੈੱਲਾਂ ਦੇ ਜੋੜ ਪੂਰੇ ਨਹੀਂ ਹੁੰਦੇ। ਇਸ ਖੋਜ ਵਿਚ ਇੱਕ ਗੱਲ ਬਹੁਤ ਕਮਾਲ ਦੀ ਪਤਾ ਲੱਗੀ ਕਿ ਜਿਹੜੇ ਮਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ਨਾਲ ਮਾਂ ਜਾਂ ਪਿਓ ਵੱਧ ਗੱਲਾਂ ਕਰਦੇ ਰਹੇ ਹੋਣ, ਉਨਾਂ ਸਤਮਾਹੇ ਜੰਮੇਂ ਬੱਚਿਆਂ ਦੇ ਦਿਮਾ.ਗ ਦੇ ਸੈੱਲਾਂ ਦੇ ਜੋੜ ਕਾਫ਼ੀ ਬਣ ਚੁੱਕੇ ਹੋਏ ਸਨ ਤੇ ਉਨਾਂ ਦੇ ਦਿਮਾ.ਗ ਦਾ ਵਿਕਾਸ ਬਾਕੀਆਂ ਨਾਲੋਂ ਵਧੀਆ ਹੋਇਆ ਲੱਭਿਆ।

9 ਜਨਵਰੀ 2011 ਨੂੰ ਮੋਬਾਇਲ ਫੋਨਾਂ ਦਾ ਦੋ ਤੋਂ 18 ਹਫ਼ਤਿਆਂ ਦੇ ਭਰੂਣ ਉੱਤੇ ਅਸਰ ਬਾਰੇ ਖੋਜ ਛਪੀ। ਉਸ ਵਿੱਚ ਸਪੱਸ਼ਟ ਕੀਤਾ ਗਿਆ ਕਿ ਮੋਬਾਇਲ ਫ਼ੋਨਾਂ ਵਿੱਚੋਂ ਮਾਈਕਰੋਵੇਵ ਵਰਗੀਆਂ ਰੇਡੀਓ ਤਰੰਗਾਂ ਨਿਕਲਦੀਆਂ ਹਨ ਪਰ ਉਨਾਂ ਦਾ ਜੱਚਾ ਅਤੇ ਮਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ਦੇ ਵਧਣ ਫੁੱਲਣ ਉੱਤੇ ਕੋਈ ਮਾੜਾ ਅਸਰ ਨਹੀਂ ਦਿਸਿਆ।

15 ਮਾਰਚ 2012 ਨੂੰ ਯੇਲ ਯੂਨੀਵਰਸਿਟੀ ਵਿਖੇ ਹੋਈ ਖੋਜ ਦੇ ਨਤੀਜੇ ਛਾਪੇ ਗਏ। ਉਸ ਵਿਚ ਮੋਬਾਇਲ ਫ਼ੋਨ ਨਾਲ ਗਰਭ ਵਿੱਚ ਪਲ ਰਹੇ ਬੱਚੇ ਦੇ ਦਿਮਾ.ਗ ਉੱਤੇ ਪੈਂਦੇ ਅਸਰ ਘੋਖੇ ਗਏ ਸਨ। ਇਹ ਖੋਜ 'ਨੇਚਰ' ਰਸਾਲੇ ਵਿਚ ਛਪੀ। ਡਾ. ਹੁੱਗ ਟੇਲਰ ਨੇ ਚੂਹਿਆਂ ਉੱਤੇ ਕੀਤੀ ਖੋਜ ਦੇ ਨਤੀਜਿਆਂ ਬਾਰੇ ਦੱਸਿਆ ਸੀ ਕਿ ਗਰਭਵਤੀ ਚੂਹੀਆਂ ਨੂੰ ਜਿਸ ਪਿੰਜਰੇ ਅੰਦਰ ਰੱਖਿਆ ਗਿਆ ਸੀ, ਉਸ ਪਿੰਜਰੇ ਉੱਤੇ 'ਮਿਊਟ' ਕਰ ਕੇ ਮੋਬਾਇਲ ਫੋਨ ਰੱਖੇ ਗਏ ਜਿਨਾਂ ਉੱਤੇ 'ਕਾਲ' ਕੀਤੀ ਜਾ ਰਹੀ ਸੀ। ਲਗਾਤਾਰ ਕੁੱਝ ਘੰਟੇ ਵਾਰ ਵਾਰ 'ਕਾਲਾਂ' ਕੀਤੀਆਂ ਗਈਆਂ ਤੇ 15 ਤੋਂ 20 ਮਿੰਟ ਤੱਕ ਇਕ ਕਾਲ ਜਾਰੀ ਰੱਖੀ ਗਈ।

ਇਹ ਵੇਖਣ ਵਿਚ ਆਇਆ ਕਿ ਨਵਜੰਮੀਆਂ ਚੂਹੀਆਂ ਦੇ ਦਿਮਾ.ਗ ਦੇ ਅਗਲੇ ਸਿਰੇ (ਪ੍ਰੀ ਫਰੰਟਲ ਕੋਰਟੈਕਸ) ਵਿੱਚ ਸੈੱਲ ਵੀ ਘੱਟ ਬਣੇ ਅਤੇ ਜੋੜ ਵੀ। ਨਤੀਜੇ ਵਜੋਂ ਉਹ ਲੋੜੋਂ ਵੱਧ ਕਾਹਲੇ, ਚਿੜਚਿੜੇ, ਧਿਆਨ ਨਾ ਲਾ ਸਕਣ ਵਾਲੇ ਅਤੇ ਗੁਸੈਲ ਬਣੇ।

ਜਿਹੜੀਆਂ ਗਰਭਵਤੀ ਚੂਹੀਆਂ ਦੇ ਨੇੜੇ ਫ਼ੋਨ ਪੂਰਾ ਬੰਦ ਕਰ ਕੇ ਰੱਖਿਆ ਗਿਆ ਤੇ ਕੋਈ ਵੀ ਕਾਲ ਨਾ ਕੀਤੀ ਗਈ, ਉਨਾਂ ਦੇ ਬੱਚਿਆਂ ਵਿਚ ਕੋਈ ਨੁਕਸ ਨਾ ਲੱਭਿਆ।

ਇਸੇ ਯੇਲ ਯੂਨੀਵਰਸਿਟੀ ਦੇ ਡਾ. ਤਾਮਿਰ ਅਲਦਾਦ ਨੇ ਵੀ ਆਪਣੀ ਖੋਜ ਬਾਰੇ ਦੱਸਿਆ ਕਿ ਚੂਹੀਆਂ ਵਿਚ ਗਰਭ ਦਾ ਸਮਾਂ ਸਿਰਫ਼ 19 ਦਿਨਾਂ ਦਾ ਹੁੰਦਾ ਹੈ ਤੇ ਫਿਰ ਵੀ ਉਸ ਦੌਰਾਨ ਏਨਾ ਤਗੜਾ ਅਸਰ ਮੋਬਾਇਲ ਦੀਆਂ ਕਿਰਨਾਂ ਦਾ ਦਿਸਿਆ ਹੈ। ਇਸੇ ਲਈ ਮਨੁੱਖ ਦੇ ਬੱਚਿਆਂ ਦੇ ਦਿਮਾ.ਗ ਉੱਤੇ ਵੀ ਜ਼ਰੂਰ ਮਾੜਾ ਅਸਰ ਪੈਂਦਾ ਹੋਵੇਗਾ ਕਿਉਂਕਿ ਉਹ ਲੰਮੇ ਸਮੇਂ ਤੱਕ ਮੋਬਾਇਲ ਦੀਆਂ ਕਿਰਨਾਂ ਦੇ ਅਸਰ ਹੇਠ ਰਹਿੰਦੇ ਹਨ।

ਇਸ ਖੋਜ ਤੋਂ ਬਾਅਦ ਅਗਲੀ ਖੋਜ ਆਰੰਭ ਹੋਈ ਜੋ 5 ਸਤੰਬਰ 2017 ਵਿਚ ਨਾਮਵਰ 'ਬਰਿਟਿਸ਼ ਮੈਡੀਕਲ ਜਰਨਲ' ਵਿਚ ਛਪੀ। ਉਸ ਖੋਜ ਵਿਚ 45,389 ਨਾਰਵੇ ਦੀਆਂ ਮਾਂਵਾਂ ਸ਼ਾਮਲ ਕੀਤੀਆਂ ਗਈਆਂ ਜਿਹੜੀਆਂ ਮੋਬਾਇਲ ਦੀ ਵਰਤੋਂ ਕਰ ਰਹੀਆਂ ਸਨ।

ਇਨਾਂ ਸਾਰੀਆਂ ਦੇ ਗਰਭ ਦੌਰਾਨ ਵੀ ਭਰੂਣ ਦਾ ਚੈੱਕਅੱਪ ਕੀਤਾ ਗਿਆ ਤੇ ਬੱਚਾ ਜੰਮਣ ਤੋਂ ਪੰਜ ਸਾਲ ਬਾਅਦ ਤੱਕ ਵੀ ਲਗਾਤਾਰ ਚੈੱਕ ਕੀਤਾ ਗਿਆ। ਇਨਾਂ ਵਿੱਚੋਂ ਕਿਸੇ ਦੇ ਵੀ ਬੱਚੇ ਦੇ ਦਿਮਾਗ ਉੱਤੇ ਮੋਬਾਇਲ ਦੇ ਮਾੜੇ ਅਸਰ ਨਹੀਂ ਲੱਭੇ।

ਇਸ ਖੋਜ ਦੌਰਾਨ ਬਹੁਤ ਮਹੱਤਵਪੂਰਨ ਚੀਜ਼ਾਂ ਬਾਰੇ ਪਤਾ ਲੱਗਿਆ ਕਿਉਂਕਿ ਖਤਰਾ ਭਾਂਪਦਿਆਂ ਸਾਰੀਆਂ ਮਾਂਵਾਂ ਨੂੰ ਅਜਿਹੀ ਖ਼ੁਰਾਕ ਦਿੱਤੀ ਗਈ ਸੀ ਜੋ ਭਰੂਣ ਦੇ ਦਿਮਾ.ਗ ਦਾ ਵਿਕਾਸ ਵਧੀਆ ਕਰਨ ਵਿੱਚ ਮਦਦ ਕਰਦੀ ਸੀ। ਇਸੇ ਲਈ ਉਸ ਖੋਜ ਤੋਂ ਬਆਦ ਸਾਰੀਆਂ ਗਰਭਵਤੀ ਮਾਂਵਾਂ ਲਈ ਉਹੀ ਖ਼ੁਰਾਕ ਦੇਣ ਬਾਰੇ ਜ਼ੋਰ ਪਾਇਆ ਗਿਆ ਹੈ। ਇਹ ਖ਼ੁਰਾਕ ਹੈ :-

1. ਸਾਲਮਨ ਮੱਛੀ :- ਪ੍ਰੋਟੀਨ ਤੇ ਕੈਲਸ਼ੀਅਮ ਭਰਪੂਰ ਹੋਣ ਦੇ ਨਾਲੋ-ਨਾਲ ਇਸ ਵਿਚਲੇ ਓਮੇਗਾ ਤਿੰਨ ਫੈੱਟੀ ਏਸਿਡ ਭਰੂਣ ਦੇ ਦਿਮਾ.ਗ ਨੂੰ ਵਧਣ ਫੁੱਲਣ ਵਿਚ ਮਦਦ ਕਰਦੇ ਹਨ।

2. ਚੁਲਾਈ:- ਲੋਹ ਕਣ ਤੇ ਫੋਲੇਟ ਭਰਪੂਰ ਚੁਲਾਈ ਜਿੱਥੇ ਔਲ ਨੂੰ ਤੰਦਰੁਸਤ ਰੱਖਦੀ ਹੈ, ਭਰੂਣ ਦੇ ਵਧਣ ਫੁੱਲਣ ਵਿਚ ਸਹਾਈ ਹੁੰਦੀ ਹੈ, ਉੱਥੇ ਹੀ ਭਰੂਣ ਦੇ ਦਿਮਾ.ਗ ਦੇ ਸੈੱਲਾਂ ਨੂੰ ਵੀ ਸਿਹਤਮੰਦ ਰੱਖਦੀ ਹੈ।

3. ਹਰੀਆਂ ਸਬਜ਼ੀਆਂ ਤੇ ਫਲ :- ਛੋਲੀਏ ਦੇ ਪੱਤੇ, ਮੂਲੀ ਦੇ ਪੱਤੇ, ਪੱਤ-ਗੋਭੀ, ਹਰੀਆਂ ਸਬਜ਼ੀਆਂ ਤੇ ਫਲਾਂ ਵਿੱਚ ਐਂਟੀਆਕਸੀਡੈਂਟ ਭਰੇ ਪਏ ਹਨ ਜੋ ਭਰੂਣ ਦੇ ਦਿਮਾਗ ਉੱਤੇ ਪੈਂਦੇ ਮਾੜੇ ਅਸਰਾਂ ਤੋਂ ਬਚਾਓ ਕਰਦੇ ਹਨ।

ਇਨਾਂ ਵਿਚਲੇ ਲੋਹ ਕਣ ਭਰੂਣ ਨੂੰ ਆਕਸੀਜਨ ਵੀ ਪੂਰੀ ਪਹੁੰਚਾ ਦਿੰਦੇ ਹਨ।

4. ਪ੍ਰੋਟੀਨ :- ਅੰਡੇ, ਦਾਲਾਂ, ਦੁੱਧ, ਪਨੀਰ ਤੇ ਸੁੱਕੇ ਮੇਵੇ ਜਿੱਥੇ ਜੱਚਾ ਨੂੰ ਤੰਦਰੁਸਤ ਰੱਖਦੇ ਹਨ, ਉੱਥੇ ਭਰੂਣ ਦੇ ਦਿਮਾਗ ਲਈ ਵੀ ਬਿਹਤਰੀਨ ਸਾਬਤ ਹੋ ਚੁੱਕੇ ਹਨ।

5. ਤਿਲ :- ਤਿਲ ਯਾਦਾਸ਼ਤ ਤੇਜ਼ ਰੱਖਣ ਵਿੱਚ ਸਹਾਈ ਹੁੰਦੇ ਹਨ।

ਉੱਪਰ ਦੱਸੇ ਖਾਣੇ ਜੇ ਹਰ ਜੱਚਾ ਸਹੀ ਮਿਕਦਾਰ ਵਿੱਚ ਲੈਂਦੀ ਰਹੇ ਤਾਂ ਉਸ ਦੇ ਢਿੱਡ ਅੰਦਰ ਪਲ ਰਹੇ ਬੱਚੇ ਦੇ ਦਿਮਾਗ ਦਾ ਵਿਕਾਸ ਵੀ ਵਧੀਆ ਹੋ ਜਾਂਦਾ ਹੈ ਅਤੇ ਮਾੜੇ ਅਸਰਾਂ ਤੋਂ ਬਚਾਓ ਵੀ ਹੋ ਜਾਂਦਾ ਹੈ।

20 ਨਵੰਬਰ 2018 ਨੂੰ ਭਰੂਣਾਂ ਉੱਤੇ ਕੀਤੀ ਇੱਕ ਹੋਰ ਖੋਜ ਸਾਹਮਣੇ ਆਈ ਜਿਸ ਵਿੱਚ 'ਫੰਕਸ਼ਨਲ ਐਮ.ਆਰ. ਆਈ. ਸਕੈਨ' ਰਾਹੀਂ ਭਰੂਣਾਂ ਦੇ ਦਿਮਾ.ਗ ਦੇ ਕੰਮਕਾਰ ਬਾਰੇ ਲੱਭਣ ਦੀ ਕੋਸ਼ਿਸ਼ ਕੀਤੀ ਗਈ। ਉਸ ਵਿੱਚ ਪਤਾ ਲੱਗਿਆ ਕਿ ਕਿਵੇਂ ਢਿੱਡ ਅੰਦਰ ਭਰੂਣ ਸ਼ੈਤਾਨੀਆਂ ਕਰਦੇ, ਖੇਡਦੇ, ਘੁੰਮਦੇ ਅਤੇ ਸੌਂਦੇ ਹਨ।

ਗਰਭ ਠਹਿਰਨ ਦੇ ਤੀਜੇ ਹਫ਼ਤੇ ਵਿਚ ਹੀ ਭਰੂਣ ਦੀ ਦਿਮਾ.ਗ ਦੇ ਪਹਿਲੇ ਪੁੰਗਰੇ ਸੈੱਲਾਂ ਦੀ ਅੱਗੋਂ ਵੰਡ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਨਾਂ ਵਿੱਚੋਂ ਕੁੱਝ ਜੋੜ ਬਣਾਉਣੇ ਸ਼ੁਰੂ ਕਰ ਦਿੰਦੇ ਹਨ। ਨੌਵੇਂ ਹਫ਼ਤੇ ਦੇ ਭਰੂਣ ਵਿਚਲੇ ਨਿੱਕੇ ਜਿਹੇ ਦਿਮਾ.ਗ ਵਿੱਚੋਂ ਕੈਮੀਕਲ ਰਾਹੀਂ ਸੁਨੇਹੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਇਹ ਕੈਮੀਕਲ ਬਾਹਰਲੇ ਸੁਨੇਹੇ ਫੜਨ ਲਈ ਕਈ ਨਵੇਂ ਜੋੜ ਬਣਾਉਣ ਵਿਚ ਵੀ ਮਦਦ ਕਰਦੇ ਹਨ।

ਜੰਮਣ ਤੋਂ ਬਾਅਦ ਤੱਕ ਇਹ ਜੋੜ ਬਣਦੇ ਰਹਿੰਦੇ ਹਨ। ਪਹਿਲੇ ਦੋ ਸਾਲਾਂ ਦੀ ਉਮਰ ਵਿਚ ਦਿਮਾ.ਗ ਵਿਚ ਸਭ ਤੋਂ ਵੱਧ ਤਬਦੀਲੀਆਂ ਹੁੰਦੀਆਂ ਹਨ ਅਤੇ ਬਾਹਰਲੇ ਸੁਨੇਹਿਆਂ ਤੋਂ ਖਰਬਾਂ ਨਵੇਂ ਜੋੜ ਬਣਦੇ ਜਾਂਦੇ ਹਨ। ਇਨਾਂ ਨੂੰ 'ਸਾਇਨੈਪਟਿਕ ਬਿਗ ਬੈਂਗ' ਕਹਿੰਦੇ ਹਨ।

ਦੋ ਸਾਲਾਂ ਤੋਂ ਬਾਅਦ ਹੌਲੀ ਹੌਲੀ ਦਿਮਾ.ਗ ਵਿੱਚ ਵੱਖ ਤਰਾਂ ਦੀ ਤਬਦੀਲੀ ਹੁੰਦੀ ਹੈ ਜਿਸ ਵਿੱਚ ਅੱਧ ਪਚੱਧ ਬਣੇ ਜੋੜ ਖੁਰਨ ਲੱਗ ਪੈਂਦੇ ਹਨ। ਉਸ ਹਿੱਸੇ ਦੇ ਸੈੱਲ ਜਿਹੜੇ ਬਿਲਕੁਲ ਵਰਤੋਂ ਵਿਚ ਨਾ ਆ ਰਹੇ ਹੋਣ, ਦਿਮਾਗ ਆਪੇ ਹੀ ਬੇਲੋੜੇ ਮੰਨ ਕੇ ਉਨਾਂ ਨੂੰ ਖ਼ਤਮ ਕਰ ਦਿੰਦਾ ਹੈ। ਇਹ ਸਫ਼ਾਈ ਇਸ ਲਈ ਕੀਤੀ ਜਾਂਦੀ ਹੈ ਤਾਂ ਜੋ ਲੋੜ ਵਿਚ ਆ ਰਹੇ ਹਿੱਸੇ ਨੂੰ ਹੋਰ ਥਾਂ ਮਿਲ ਸਕੇ ਤੇ ਉਹ ਪ੍ਰਫੁੱਲਿਤ ਹੋ ਸਕੇ।

ਬੇਅੰਤ ਖੋਜਾਂ ਰਾਹੀਂ ਪਤਾ ਲੱਗ ਚੁੱਕਿਆ ਹੈ ਕਿ ਇਸ ਸਮੇਂ ਦੌਰਾਨ ਪਿਆਰ, ਝਿੜਕਾਂ, ਤਿੱਖੀ ਲਾਈਟ, ਸ਼ੋਰ-ਸ਼ਰਾਬਾ, ਤਾਪਮਾਨ ਵਿੱਚ ਗੜਬੜੀ, ਕੁੱਟ-ਮਾਰ, ਮਾਹੌਲ ਵਿਚ ਵਾਰ-ਵਾਰ ਤਬਦੀਲੀ ਆਦਿ ਦਿਮਾ.ਗ ਦੇ ਕੰਮ ਕਾਰ ਉੱਤੇ ਸਦੀਵੀ ਅਸਰ ਪਾ ਦਿੰਦੇ ਹਨ ਕਿਉਂਕਿ ਸੈੱਲਾਂ ਵਿਚਕਾਰ ਬਣ ਰਹੇ ਜੋੜ ਸਹੀ ਥਾਂ ਨਹੀਂ ਜੁੜਦੇ ਜਿਸ ਸਦਕਾ ਸਹੀ ਸੁਨੇਹੇ ਫੜਨ ਵਿਚ ਗੜਬੜੀ ਹੋ ਜਾਂਦੀ ਹੈ।

13 ਮਾਰਚ 2018 ਵਿਚ 'ਯੂ.ਸੀ.ਇਰਵਿਨ ਹੈਲਥ ਰਿਸਰਚ' ਵਿਚ ਦੁੱਧ ਪਿਆਉਂਦੀਆਂ ਚੂਹੀਆਂ ਦੇ ਨੇੜੇ ਮੋਬਾਇਲ ਦੀ ਵਰਤੋਂ ਬਾਰੇ ਇੱਕ ਹੋਰ ਖੋਜ ਛਪੀ ਜਿਸ ਰਾਹੀਂ ਸਪਸ਼ਟ ਹੋ ਗਿਆ ਕਿ ਉਨਾਂ ਤਰੰਗਾਂ ਦਾ ਨਿੱਕੇ ਚੂਹਿਆਂ ਦੇ ਦਿਮਾ.ਗ ਉੱਤੇ ਤਗੜਾ ਅਸਰ ਪਿਆ ਜਿਸ ਸਦਕਾ ਉਨਾਂ ਵਿੱਚੋਂ ਕੁੱਝ ਉੱਕਾ ਹੀ ਦੁਬਕ ਕੇ ਬਹਿ ਗਏ ਤੇ ਕੁੱਝ ਬੇਹੱਦ ਚਿੜਚਿੜੇ ਹੋ ਗਏ।

ਇਸ ਦੌਰਾਨ ਕਈ ਸਾਲ ਲਗਾਤਾਰ ਮੋਬਾਇਲ ਦੀਆਂ ਤਰੰਗਾਂ ਉੱਤੇ ਚੱਲ ਰਹੀਆਂ ਵੱਖੋਂ ਵੱਖ ਖੋਜਾਂ ਦੇ ਨਤੀਜੇ ਸਾਹਮਣੇ ਆਉਣ ਲੱਗੇ :-

1. ਨੈਸ਼ਨਲ ਸੈਂਟਰ ਫੌਰ ਹੈਲਥ ਰੀਸਰਚ ਅਨੁਸਾਰ ਕੰਨ ਨਾਲ ਲਾ ਕੇ ਲਗਾਤਾਰ ਮੋਬਾਇਲ ਸੁਣਦੇ ਰਹਿਣ ਨਾਲ 15 ਤੋਂ 20 ਸਾਲਾਂ ਬਾਅਦ ਦਿਮਾ.ਗ ਦੇ ਕੈਂਸਰ ਹੋਣ ਦਾ ਖ਼ਤਰਾ ਕਈ ਗੁਣਾਂ ਵੱਧ ਜਾਂਦਾ ਹੈ।

2. 'ਅਮਰੀਕਨ ਅਕੈਡਮੀ ਔਫ਼ ਪੀਡੀਐਟਰਿਕਸ' ਨੇ ਬੱਚਿਆਂ ਵਿੱਚ ਹੋਈਆਂ ਅਨੇਕ ਖੋਜਾਂ ਬਾਅਦ ਇਹ ਲੱਭਿਆ ਕਿ ਮੋਬਾਇਲ ਵਿੱਚੋਂ ਨਿਕਲਦੀਆਂ ਤਰੰਗਾਂ ਬੱਚਿਆਂ ਦੇ ਦਿਮਾ.ਗ ਉੱਤੇ ਵੱਡਿਆਂ ਨਾਲੋਂ ਦੁਗਣਾ ਵੱਧ ਅਸਰ ਪਾਉਂਦੀਆਂ ਹਨ। ਬੱਚੇ ਦੇ ਦਿਮਾ.ਗ ਨੂੰ ਕੱਜ ਰਹੀ ਹੱਡੀ ਪਤਲੀ ਹੁੰਦੀ ਹੈ, ਇਸੇ ਲਈ ਉਸ ਹੱਡੀ ਉੱਤੇ ਤਰੰਗਾਂ ਦਾ ਵੱਡਿਆਂ ਨਾਲੋਂ 10 ਗੁਣਾਂ ਵੱਧ ਅਸਰ ਪੈਂਦਾ ਹੈ।

ਇਸੇ ਲਈ 6 ਮਹੀਨਿਆਂ ਦੀ ਉਮਰ ਤੋਂ ਹੀ ਜਿਨਾਂ ਬੱਚਿਆਂ ਨੂੰ ਮੋਬਾਇਲ ਫੋਨ ਖਿਡੌਣੇ ਵਾਂਗ ਫੜਾਉਣੇ ਸ਼ੁਰੂ ਕਰ ਦਿੱਤੇ ਗਏ ਸਨ, ਉਨਾਂ ਵਿੱਚੋਂ ਭਾਰੀ ਗਿਣਤੀ ਬੱਚੇ ਜ਼ਿੱਦੀ, ਚਿੜਚਿੜੇ, ਲੜਾਕੇ ਅਤੇ ਟਿਕ ਕੇ ਨਾ ਬਹਿ ਸਕਣ ਵਾਲੇ ਬਣ ਗਏ ਲੱਭੇ।

3. ਕੋਰੀਆ ਵਿਚ ਬੱਚਿਆਂ ਵਿਚ ਹੋਈ ਖੋਜ ਵਿਚ ਵੀ ਮੋਬਾਇਲ ਦੀ ਵਾਧੂ ਵਰਤੋਂ ਕਰਨ ਵਾਲੇ ਬੱਚਿਆਂ ਵਿਚ ਟਿਕ ਕੇ ਨਾ ਬਹਿ ਸਕਣ ਦੀ ਬੀਮਾਰੀ ਲੱਭੀ। ਇਨਾਂ ਬੱਚਿਆਂ ਦੇ ਲਹੂ ਵਿੱਚ 'ਸਿੱਕੇ' ਦੀ ਮਾਤਰਾ ਵੀ ਵਧੀ ਹੋਈ ਸੀ ਜਿਸ ਦੇ ਵੱਖ ਕਾਰਨ ਸਨ।

ਇਨਾਂ ਖੋਜਾਂ ਤੋਂ ਬਾਅਦ ਫਿਰ 4 ਅਗਸਤ 2021 ਨੂੰ ਵਿਸ਼ਵ ਭਰ ਦੇ ਬੱਚਿਆਂ ਲਈ ਖ਼ਾਸ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਮੋਬਾਇਲ ਵਿੱਚੋਂ ਨਿਕਲੀਆਂ ਤਰੰਗਾਂ ਦੇ ਮਾੜੇ ਅਸਰਾਂ ਤੋਂ ਬਚਣ ਲਈ ਮੋਬਾਇਲ ਨੂੰ ਕੰਨਾਂ ਤੋਂ ਪਰਾਂ ਰੱਖਣ ਉੱਤੇ ਜ਼ੋਰ ਪਾਇਆ ਗਿਆ ਹੈ।

ਐੱਪਲ ਫ਼ੋਨ ਵਾਲੇ ਸਪਸ਼ਟ ਕਹਿ ਰਹੇ ਹਨ ਕਿ ਆਈ ਫ਼ੋਨ 12 ਦਿਮਾ.ਗ ਤੋਂ 5 ਮਿਲੀਮੀਟਰ ਦੂਰ ਰੱਖ ਕੇ ਗੱਲ ਸੁਣਨੀ ਚਾਹੀਦੀ ਹੈ। ਇਹੋ ਕੁੱਝ ਗੂਗਲ ਪਿਕਸਲ 4 ਵਾਲੇ ਕਹਿਣ ਲੱਗ ਪਏ ਹਨ। ਸੈਮਸੰਗ ਗਲੈਕਸੀ ਤਾਂ ਘੱਟੋ-ਘੱਟ ਕੰਨ ਤੋਂ 1.5 ਸੈਂਟੀਮੀਟਰ ਪਰਾਂ ਫੋਨ ਰੱਖ ਕੇ ਗੱਲ ਸੁਣਨ ਬਾਰੇ ਕਹਿੰਦਾ ਹੈ।

ਇਹ ਸਭ ਇਸਲਈ ਕਿਹਾ ਜਾ ਰਿਹਾ ਹੈ ਕਿਉਂਕਿ ਮਾਈਕਰੋਵੇਅ ਦੀਆਂ ਤਰੰਗਾਂ ਬਾਰੇ ਤਾਂ ਸੰਨ 2014 ਵਿਚ ਹੀ ਲੱਭ ਲਿਆ ਗਿਆ ਸੀ ਕਿ ਇਨਾਂ ਨਾਲ ਸਿੱਧਾ ਸੰਪਰਕ ਹੁੰਦੇ ਰਹਿਣ ਨਾਲ ਕੈਂਸਰ ਹੋਣ ਦਾ ਖ਼ਤਰਾ ਹੈ।

ਹੁਣ ਅਮਰੀਕਾ ਵਿਚ ਬੱਚਿਆਂ ਦੇ ਖਿਡੌਣਿਆਂ ਵਿਚ ਵੀ ਵਾਇਰਲੈਸ ਅਤੇ ਰੇਡੀਓ ਟਰਾਂਸਮੀਟਰ ਲਾਉਣ ਉੱਤੇ ਮਨਾਹੀ ਲਾ ਦਿੱਤੀ ਗਈ ਹੈ ਕਿਉਂਕਿ ਇਹ ਤਰੰਗਾਂ ਬੱਚੇ ਦੇ ਦਿਮਾ.ਗ ਦੇ ਪਿਛਲੇ ਹਿੱਸੇ 'ਸੈਰੀਬੈਲਮ' ਵਿਚ ਵੱਡਿਆਂ ਨਾਲੋਂ ਢਾਈ ਗੁਣਾ ਵੱਧ ਅੰਦਰ ਪਹੁੰਚ ਜਾਂਦੀਆਂ ਹਨ।

ਸੰਨ 2019 ਵਿਚ ਛਪੀ ਖੋਜ ਵਿਚ ਵੀ ਕਈ ਸਾਲ ਚੱਲੀ ਖੋਜ ਦੇ ਸਿੱਟਿਆਂ ਬਾਅਦ ਇਨਾਂ ਤਰੰਗਾਂ ਨਾਲ ਬੱਚਿਆਂ ਦੀਆਂ ਸਿਰ ਦੀਆਂ ਹੱਡੀਆਂ ਉੱਤੇ ਅਸਰ ਲੱਭੇ ਸਨ। ਕੁੱਝ ਕੁ ਬੱਚਿਆਂ ਦੇ ਡੀ.ਐਨ.ਏ. ਉੱਤੇ ਵੀ ਅਸਰ ਪਏ ਲੱਭੇ।

ਹੁਣ ਤੱਕ ਦੀ ਸਭ ਤੋਂ ਲੰਮੇ ਸਮੇਂ ਤੱਕ ਚੱਲੀ ਖੋਜ ਵਿਚ ਵੱਡਿਆਂ ਉੱਤੇ ਪੂਰੀ ਉਮਰ ਦੌਰਾਨ 1640 ਘੰਟੇ ਦੇ ਮੋਬਾਇਲ ਦੀ ਵਰਤੋਂ ਬਾਅਦ ਅਸਰ ਘੋਖੇ ਗਏ ਸਨ। ਉਸ ਵਿਚਲੇ ਨਤੀਜੇ ਅੱਖਾਂ ਖੋਲਣ ਵਾਲੇ ਹਨ :-

1. ਮੋਬਾਇਲ ਦੀ ਕੰਨ ਨਾਲ ਲਾ ਕੇ ਕੀਤੀ ਵਾਧੂ ਵਰਤੋਂ ਨਾਲ 15 ਤੋਂ 20 ਸਾਲਾਂ ਬਾਅਦ ਦਿਮਾ.ਗ ਦੇ ਟੈਂਪੋਰਲ ਹਿੱਸੇ ਦੇ ਕੈਂਸਰ ਦਾ ਖ਼ਤਰਾ ਦੁਗਣਾ ਹੋ ਜਾਂਦਾ ਹੈ।

2. ਰੋਜ਼ ਦੀ 30 ਮਿੰਟ ਦੀ ਲਗਾਤਾਰ 10 ਸਾਲ ਤੱਕ ਮੋਬਾਇਲ ਦੀ ਵਰਤੋਂ ਬਾਅਦ ਦਿਮਾ.ਗ ਦੇ ਕੈਂਸਰ ਦਾ ਖ਼ਤਰਾ 40 ਫ਼ੀਸਦੀ ਵੱਧ ਹੋ ਜਾਂਦਾ ਹੈ।

ਹੁਣ ਦੁਨੀਆਂ ਭਰ ਵਿੱਚ ਸੈੱਲ ਫ਼ੋਨ ਤੋਂ ਹੋ ਰਹੇ ਮਾੜੇ ਅਸਰਾਂ ਤੋਂ ਬਚਾਓ ਬਾਰੇ ਦੱਸਿਆ ਜਾਣ ਲੱਗ ਪਿਆ ਹੈ। ਇਨਾਂ ਮਾੜੇ ਅਸਰਾਂ ਤੋਂ ਬਚਣ ਲਈ ਜੋ ਮਾਹਿਰਾਂ ਵਲੋਂ ਸੁਝਾਓ ਦਿੱਤੇ ਗਏ ਹਨ, ਉਹ ਹਨ :-

1. ਨਿੱਕੇ ਬੱਚਿਆਂ ਤੋਂ ਮੋਬਾਇਲ ਦੂਰ ਰੱਖੋ ਤੇ ਇਸ ਨੂੰ ਖਿਡੌਣੇ ਵਾਂਗ ਨਾ ਫੜਾਓ।

2. ਰਾਤ ਸੌਣ ਲੱਗਿਆਂ ਮੋਬਾਇਲ ਜਾਂ ਤਾਂ ਏਰੋਪਲੇਨ ਮੋਡ ਉੱਤੇ ਜਾਂ ਕਮਰੇ ਤੋਂ ਬਾਹਰ ਰੱਖੋ।

3. ਪੂਰੇ ਸੈੱਲ ਫ਼ੋਨ ਉੱਤੇ ਮੋਟੇ ਕਵਰ ਚਾੜੋ ਜਿਵੇਂ ਫੋਮ ਜਾਂ ਚਮੜੇ ਦੇ।

4. ਕੰਨ ਨਾਲ ਕਦੇ ਵੀ ਲਾ ਕੇ ਮੋਬਾਇਲ ਫ਼ੋਨ ਨਾ ਸੁਣਿਆ ਜਾਵੇ।

5. ਹੱਥ ਖਾਲੀ ਰੱਖ ਕੇ, ਫ਼ੋਨ ਪਰਾਂ ਰੱਖ ਕੇ ਈਅਰ ਫ਼ੋਨ ਰਾਹੀਂ ਗੱਲ ਕੀਤੀ ਜਾ ਸਕਦੀ ਹੈ ਜਾਂ ਸਪੀਕਰ ਰਾਹੀਂ ਗੱਲ ਕਰਨੀ ਸਭ ਤੋਂ ਬਿਹਤਰ ਹੈ।

6. ਜਿੰਨਾ ਹੋ ਸਕੇ, ਸੁਨੇਹੇ ਟਾਈਪ ਕਰ ਕੇ ਗੱਲ ਕਰ ਲੈਣੀ ਚਾਹੀਦੀ ਹੈ।

7. ਮੋਬਾਇਲ ਫ਼ੋਨ ਉੱਤੇ ਲੰਮੀ ਗੱਲ ਬਿਲਕੁਲ ਨਹੀਂ ਕਰਨੀ ਚਾਹੀਦੀ।

ਸਾਰ :- ਨਵੀਆਂ ਖੋਜਾਂ ਜਿੱਥੇ ਜ਼ਿੰਦਗੀ ਆਸਾਨ ਬਣਾ ਦਿੰਦੀਆਂ ਹਨ, ਉੱਥੇ ਕੁੱਝ ਮਾੜੇ ਅਸਰ ਵੀ ਨਾਲ ਹੀ ਲੈ ਕੇ ਆਉਂਦੀਆਂ ਹਨ। ਮੋਬਾਇਲ ਫ਼ੋਨਾਂ ਨੇ ਇੱਕ ਪਾਸੇ ਵਿਛੜਿਆਂ ਨੂੰ ਮਿਲਾ ਦਿੱਤਾ ਹੈ ਤਾਂ ਦੂਜੇ ਪਾਸੇ ਦੋਸਤਾਂ ਦੀਆਂ ਗਲਵਕੜੀਆਂ ਵਿਚ ਵਿੱਥ ਵੀ ਪਾ ਦਿੱਤੀ ਹੈ।

ਮੋਬਾਇਲ ਵਰਤੀਏ ਜ਼ਰੂਰ ਪਰ ਇਹ ਧਿਆਨ ਰੱਖ ਕੇ ਕਿ ਮਾੜੀ ਬੀਮਾਰੀ ਨਾ ਸਹੇੜ ਲਈਏ। ਸੋ ਬੱਚਿਆਂ ਤੋਂ ਦੂਰ ਰੱਖ ਕੇ, ਬੱਚਿਆਂ ਨਾਲ ਬੇਸ਼ਕੀਮਤੀ ਸਮਾਂ ਬਿਤਾ ਕੇ, ਉਨਾਂ ਦੇ ਪਿਆਰ ਦੁਲਾਰ ਦੇ ਸਮੇਂ ਨੂੰ ਖੋਹ ਕੇ ਮੋਬਾਇਲ ਨੂੰ ਨਾ ਦੇਈਏ ਤਾਂ ਜਿੱਥੇ ਘਰ ਦਾ ਮਾਹੌਲ ਸੁਖਾਵਾਂ ਹੋ ਜਾਵੇਗਾ, ਉੱਥੇ ਮੋਬਾਇਲ ਤੋਂ ਹੋ ਰਹੀਆਂ ਬੀਮਾਰੀਆਂ ਤੋਂ ਵੀ ਬਚਾਓ ਹੋ ਜਾਵੇਗਾ।

ਸੋ, ਖ਼ੁਸ਼ ਰਹੋ, ਤੰਦਰੁਸਤ ਰਹੋ, ਆਬਾਦ ਰਹੋ ਪਰ ਮੋਬਾਇਲ ਤੋਂ ਜ਼ਰਾ ਬਚ ਕੇ ।

# ਗੁਰਮੁਖੀ ਲਿੱਪੀ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਭਾਸ਼ਾ ਅਤੇ ਲਿੱਪੀ ਦੇ ਰੂਪ ਸੰਸਾਰ ਵਿਚ ਵਸੇ ਸਮੂਹਾਂ ਵਿਚ ਬਦਲਦੇ ਰਹਿੰਦੇ ਹਨ। ਆਧੁਨਿਕ ਯੁੱਗ ਵਿਚ ਭਾਵੇਂ ਇਨਾਂ ਨੂੰ ਸੀਮਤ ਕਰਨ ਦੇ ਯਤਨ ਹੁੰਦੇ ਰਹਿੰਦੇ ਹਨ। ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਸੰਸਕ੍ਰਿਤ ਦੇ ਸ਼ਬਦਾਂ ਦਾ ਰਲੇਵਾਂ ਹੈ। ਗੁਰਮੁਖੀ ਤੋਂ ਇਕ ਹਜ਼ਾਰ ਸਾਲ ਪਹਿਲਾਂ ਸੰਸਕ੍ਰਿਤ ਪ੍ਰਚਲਤ ਸੀ। ਸੰਸਕ੍ਰਿਤ ਸਿੱਧ ਪੁਰਸ਼ਾਂ ਦੀ ਬੋਲੀ ਸੀ। ਜੋ ਸਿੱਧ ਮਾਤ੍ਰਿਕਾਂ ਵਜੋਂ ਪ੍ਰਸਿੱਧ ਸੀ। ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਨੂੰ ਗੁਰਮੁਖ ਕਹਿੰਦੇ ਹਨ। ਗੁਰਮੁਖਾਂ ਵਲੋਂ ਵਰਤੀ ਜਾਂਦੀ ਬੋਲੀ ਦਾ ਨਾਂ ਗੁਰਮੁਖੀ ਪ੍ਰਸਿੱਧ ਹੋਇਆ। ਲਿੱਪੀ ਤੋਂ ਬੋਲੀ ਨੂੰ ਜੀਵਨ ਮਿਲਦਾ ਹੈ। ਅਵਾਜ ਨਾਲ ਦੂਰ ਦੂਰ ਤੱਕ ਪਹੁੰਚਦੀ ਹੈ। ਦੂਰੀਆਂ ਮਿਟਾ ਦਿੰਦੀ ਹੈ। ਲਿੱਪੀ ਅਤੇ ਬੋਲੀ ਇਕ ਦੂਸਰੇ ਦੀਆਂ ਪੂਰਕ ਹਨ। ਲਿੱਪੀ ਗਿਆਨ ਦੀ ਦੌਲਤ ਹੈ ਜੋ ਖਿਆਲਾਂ ਨੂੰ ਚਿਰੰਜੀਵ ਬਣਾਉਂਦੀ ਹੈ। ਲਿੱਪੀ ਮਨੁੱਖ ਦੀ ਕਾਢ ਹੈ। ਜਿਸ ਦਾ ਰੂਪ ਵਿਕਸਿਤ ਹੁੰਦਾ ਗਿਆ। ਲਿੱਪੀ ਤੋਂ ਪਹਿਲਾਂ ਕੰਨੀਂ ਸੁਣ ਕੇ ਕੰਠ ਕਰ ਲਿਆ ਜਾਂਦਾ ਸੀ ਭਾਵ ਜੁਬਾਨੀ ਯਾਦ ਕਰ ਲਿਆ ਜਾਂਦਾ ਸੀ।

ਲਿੱਪੀ ਤੋਂ ਪਹਿਲਾਂ ਹਾਵ ਭਾਵ ਦਰਸਾਉਣ ਲਈ ਰੰਗ ਬਿਰੰਗੇ ਧਾਗਿਆਂ ਦੀਆਂ ਗੰਡਾਂ ਦੇ ਸੰਕੇਤ ਸਨ। ਪਰ ਇਹ ਪ੍ਰਕਿਰਿਆ ਸੀਮਤ ਸੀ। ਲਿੱਪੀ ਵਿਕਾਸ ਵਿਚ ਚਿੱਤਰ ਲਿੱਪੀ ਹੋਂਦ ਵਿਚ ਆਈ। ਜਿਸ ਦਾ ਸੰਕੇਤ ਸ਼ਿਲਾਲੇਖਾਂ ਵਿਚ ਮਿਲਦਾ ਹੈ। ਖੁਸ਼ੀ ਗਮੀ ਦੇ ਪ੍ਰਭਾਵ ਪ੍ਰਗਟ ਕਰਨ ਲਈ ਸੁਨੇਹੇ ਭੇਜਣ ਲਈ ਚਿੱਤਰ ਨੀਯਤ ਕੀਤੇ ਗਏ। ਜਿਸ ਤੋਂ ਸੁਨੇਹਾ ਬਣਦਾ ਸੀ। ਜੋ ਆਵਾਜ ਪ੍ਰਤੀਨਿਧ ਦੀ ਥਾਂ ਭਾਵ ਲਿੱਪੀ ਪ੍ਰਤੀਨਿਧ ਸੀ। ਇਸ ਵਿਚ ਕਈ ਘਾਟਾਂ ਸਨ ਕਿ ਇਕ ਚਿੱਤਰ ਦੇ ਮਰਜ਼ੀ ਅਨੁਸਾਰ ਕਈ ਭਾਵ ਕੱਢੇ ਜਾਂਦੇ। ਚਿੱਤਰ ਨੂੰ ਸੰਖੇਪ ਕਰਕੇ ਅੱਖਰ ਬਣਾ ਲਏ। ਇਸ ਨਾਲ ਧੁੰਨੀ ਲਿੱਪੀਆਂ ਆਈਆਂ। ਹਜ਼ਾਰਾਂ ਸਾਲਾਂ ਤੋਂ ਲਿੱਪੀਆਂ ਜਾਂ ਵਰਣਮਾਲਾ ਦਾ ਵਿਕਾਸ ਹੋਇਆ। ਜਿਸ ਤੋਂ ਲਿੱਪੀਆਂ ਵਿਕਸਿਤ ਹੋਈਆਂ। ਸਥਾਨਕ ਲੋੜ ਨੇ ਬੋਲੀਆਂ ਲਿਖਣ ਦਾ ਢੰਗ ਲਿਆਂਦਾ। ਵਪਾਰ ਦਾ ਹਿਸਾਬ ਚਲਾਉਣ ਲਈ ਗਿਣਤੀ ਦੇ ਹਿੰਦਸੇ ਜਾਂ ਅੰਕ ਦੀ ਜਾਣਕਾਰੀ ਅਤੇ ਲਿੱਪੀ ਦੇ ਹੁਨਰ ਤੋਂ ਭਾਰਤ ਲੋਕ ਜਾਣੂ ਹੋਏ।

ਭਾਰਤ ਵਿਚ ਵਰਤੀਆਂ ਜਾਣ ਵਾਲੀਆਂ ਬੋਲੀਆਂ ਹਨ-ਬੰਗਲਾ, ਉੜੀਸਾ, ਕੈਥੀ (ਬਿਹਾਰੀ), ਦੇਵਨਗਰੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਮਲਿਆਲਮ, ਤੁਲੂ, ਕਨੜੀ, ਗ੍ਰੰਥ ਲਿੱਪੀ, ਉਰਦੂ ਆਦਿ।

ਪੰਜਾਬ ਦੀਆਂ ਪ੍ਰਸਿੱਧ ਲਿੱਪੀਆਂ 1. ਸ਼ਾਰਦਾ, ਦਸਵੀਂ ਸਦੀ ਵਿਚ ਕੁਟਿਲ ਲਿੱਪੀ ਦਾ ਪਸਾਰਾ ਕਸ਼ਮੀਰ ਅਤੇ ਪੰਜਾਬ ਵਿਚ ਰਿਹਾ। ਜਿਸ ਤੋਂ ਸ਼ਾਰਦਾ ਲਿੱਪੀ ਆਈ। ਕਸ਼ਮੀਰ ਦੇ ਵਿਦਵਾਨ ਸਰਸਵਤੀ ਨਦੀ ਦੇ ਕੰਢੇ ਵਸਣ ਵਾਲੇ ਸਨ, ਵਲੋਂ ਵਰਤੀ ਜਾਣ ਵਾਲੀ ਲਿੱਪੀ ਦਾ ਨਾਂ 'ਸ਼ਾਰਦਾ' ਪੈ ਗਿਆ। ਸਰਸਵਤੀ ਨਦੀ ਤੋਂ ਪਰਯਾਗ ਤੱਕ ਗੰਗਾ ਯਮਨਾ ਵਾਦੀ 'ਬ੍ਰਹਿਮਾਵਰਤ' ਕਹਾਉਂਦੀ ਸੀ। ਇਥੋਂ ਦੀ ਬੋਲੀ ਬ੍ਰਹਮੀ ਸੀ। ਪੰਜਾਬ ਦੀਆਂ ਲਿੱਪੀਆਂ ਵੀ ਮੂਲ ਸੋਮੇ ਬ੍ਰਹਮੀ ਨਾਲ ਨੇੜਤਾ ਰੱਖਦੀ ਹਨ। ਦਸਵੀਂ ਸਦੀ ਵਿਚ ਪੰਜਾਬ ਦੇ ਲੋਕ ਕਸ਼ਮੀਰ ਜਾ ਵਸੇ ਤਾਂ ਉਨਾਂ ਦੇ ਨਾਲ ਉਨਾਂ ਦੀ ਬੋਲੀ ਸ਼ਾਰਦਾ ਹੀ ਸੀ। ਜਿਸ ਦਾ ਨਵਾਂ ਰੂਪ ਦੇਵਨਗਰੀ ਹੋ ਗਿਆ।

2. ਟਾਕਰੀ : ਪੰਜਾਬ ਦੇ ਉੱਤਰ ਵੱਲ ਦੇ ਪਹਾੜੀ ਇਲਾਕੇ ਵਿਚ ਪ੍ਰਚਲਤ ਹੈ। ਜਿਵੇਂ ਜੰਮੂ ਵਿਚ ਡੋਗਰੀ, ਚੰਬੇ ਵਿਚ ਚੰਬਿਆਲੀ। ਪੰਜਾਬ ਦੇ ਟੱਕ ਜਾਤੀ ਦੇ ਹਿੱਸੇ ਨੂੰ ਟੱਕ ਕਿਹਾ ਜਾਂਦਾ ਸੀ। ਇਹ ਟੱਕ ਦੇਸ਼ ਵਿਚ ਵਰਤੀ ਜਾਂਦੀ ਲਿੱਪੀ ਟਾਕਰੀ ਹੈ।

3. ਲੰਡੇ : ਲੰਡੇ ਜਾਂ ਮਹਾਜਨੀ ਪੰਜਾਬ ਦੇ ਵਪਾਰੀਆਂ ਨੇ ਲੰਡੇ ਅੱਖਰ ਅਪਣਾਏ। ਵਪਾਰਕ ਵਹੀ ਖਾਤਿਆਂ ਵਿਚ ਮਹਾਜਨਾਂ ਜਾਂ ਸਰਾਫਾਂ ਵਲੋਂ ਲੰਡੇ ਬੋਲੀ ਵਰਤੀ ਜਾਂਦੀ ਸੀ। ਅੱਗੇ ਇਸ ਦੀਆਂ ਕਈ ਲਿੱਪੀਆਂ ਬਣੀਆਂ।

4. ਗੁਰਮੁਖੀ : ਵਿਦਵਾਨ ਐਲਬਡਨੀ ਅਨੁਸਾਰ ਭਾਰਤੀ ਲਿੱਪੀਆਂ ਵਿਚ ਇਕ ਅਰਧਨਾਗਰੀ ਲਿੱਪੀ ਹੈ। ਇਹ ਸਿਧ-ਮਾਤ੍ਰਿਕਾ ਅਤੇ ਮਾਲਵਾ (ਉਜੈਨ) ਦੀ ਨਾਗਰ ਲਿੱਪੀ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਵਿਚ ਵਰਤੀ ਜਾਂਦੀ ਸੀ। ਜਿਸ ਨੂੰ ਭਟਾਖਰੀ ਵੀ ਕਿਹਾ ਜਾਂਦਾ ਸੀ। ਦਸਵੀਂ ਸਦੀ ਵਿਚ ਬਠਿੰਡਾ ਇਕ ਵੱਡਾ ਰਾਜ ਸੀ। ਪੰਡਿਤ ਗੌਰੀ ਸ਼ੰਕਰ ਓਝਾ ਅਨੁਸਾਰ ਕਿ ਪੰਜਾਬ ਵਿਚ ਮਿਲਦੀ ਇਕ ਹੋਰ ਪੁਰਾਣੀ ਬੋਲੀ ਜੋ ਨਾਗਰੀ ਨਾਲ ਮਿਲਦੀ ਹੈ ਅਤੇ ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਮਿਲਦੀ ਹੈ ਤੋਂ 'ਗੁਰਮੁਖੀ ਲਿੱਪੀ' ਦਾ ਵਿਕਾਸ ਹੋਇਆ। ਏ.ਪੀ. ਨਿਊਟਨ ਅਨੁਸਾਰ ਪੰਜਾਬੀ ਦੇ ਕਈ ਅੱਖਰ ਸ਼ਿਲਾਲੇਖਾਂ ਵਿਚ ਹਨ। ਤੀਸਰੀ, ਪੰਜਵੀਂ ਅਤੇ ਦਸਵੀਂ ਸਦੀ ਵਿਚ ਮਿਲਦੀ ਲਿੱਪੀ ਤੋਂ ਵਿਕਸਿਤ ਹੁੰਦੀ ਮੌਜੂਦਾ ਅੱਖਰ ਰੂਪ ਦਾ ਪ੍ਰਕਾਸ਼ ਅਤੇ ਵਿਕਾਸ ਹੋਇਆ।

ਹਰ ਬੋਲੀ ਬੋਲਣ ਵਾਲੇ ਇਲਾਕਿਆਂ ਨਾਲ ਸਬੰਧ ਰੱਖਦੇ ਬੋਲੀਆਂ ਦੇ ਨਾਂ ਰੱਖੇ ਗਏ। ਮੁਗਲਾਂ ਦੇ ਵਧਦੇ ਜ਼ੁਲਮਾਂ ਹੇਠ ਪੰਜਾਬੀ ਲਿੱਪੀ ਵੀ ਦੱਬੀ ਗਈ। ਮਨੁੱਖਤਾ ਵਿਚ ਸਵੈ ਮਾਣ ਜਗਾਉਣ ਲਈ ਸਿੱਖ ਗੁਰੂਆਂ ਨੇ ਲਿੱਪੀ ਵਿਚ ਆਈ ਖੜੋਤ ਨੂੰ ਮੁੜ ਸੁਰਜੀਤ ਕੀਤਾ। ਗੁਰੂ ਦੀ ਆਗਿਆ ਮੰਨਣ ਵਾਲੇ ਨੂੰ ਗੁਰਮੁਖ ਕਿਹਾ ਜਾਂਦਾ ਹੈ, ਭਾਵ ਭਲਾ ਪੁਰਸ਼। ਗੁਰਮੁਖਾਂ ਵਲੋਂ ਪ੍ਰਚਾਰ ਲਈ ਵਰਤੀ ਜਾਂਦੀ ਬੋਲੀ ਦਾ ਨਾਉਂ 'ਗੁਰਮੁਖੀ' ਮਸ਼ਹੂਰ ਹੋਇਆ। ਸਿੱਧੀ ਸਾਦੀ ਸਰਲ, ਸੁਚੱਜੀ ਮਿੱਠੀ ਬੋਲੀ। ਭਗਤਾਂ, ਗੁਰੂਆਂ, ਸਿੱਖਾਂ ਵਲੋਂ ਵੀ ਇਹ ਲਿੱਪੀ ਵਰਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋ ਕੇ ਅਮੀਰ ਬਣੀ। ਇਸ ਦਾ ਬੇਸ਼ਕੀਮਤੀ ਸਾਹਿਤ ਖਜ਼ਾਨਾ




ਹੈ। ਜਿਸ ਲਈ ਅਨੇਕ ਵੱਖ ਵੱਖ ਵਿਸ਼ਿਆਂ ਵਿਚ ਸਾਹਿਤ ਸਾਂਭਿਆ ਪਿਆ ਹੈ ਜੋ ਪੰਜਾਬੀ ਦੇ ਅਮੀਰ ਵਿਰਸੇ ਦਾ ਦਸਤਾਵੇਜ ਹੈ। ਜਿਸ ਨੇ ਪੰਜਾਬੀ ਮਾਂ ਬੋਲੀ ਨੂੰ ਸਦੀਵੀ ਬਣਾਇਆ ਹੈ। ਜੋ ਪੰਜਾਬੀ ਲਿੱਪੀ ਦਾ ਮਹੱਤਵ ਪ੍ਰਗਟ ਕਰਦਾ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਬੋਲੀ ਅਤੇ ਗੁਰਧਾਮਾਂ ਦਾ ਵਿਕਾਸ ਹੋਇਆ।

ਅੱਜ ਪੰਜਾਬੀ ਮਾਂ ਬੋਲੀ ਪੰਜਾਬ ਰਾਜ ਦੀ ਪ੍ਰਬੰਧਕੀ ਬੋਲੀ ਹੈ। ਉਪਰੰਤ ਪੰਜਾਬੀ ਜਿੱਥੇ ਵੀ ਪ੍ਰਦੇਸ਼ਾਂ ਵਿਚ ਜਾ ਵਸੇ, ਉਸ ਨੇ ਆਪਣੀ ਮਾਂ ਬੋਲੀ ਪੰਜਾਬੀ ਦਾ ਸੰਗੀਤ, ਸੱਭਿਆਚਾਰ ਅਤੇ ਸਾਹਿਤ ਦਾ ਪਾਸਾਰ ਅਤੇ ਪ੍ਰਚਾਰ ਕੀਤਾ। ਉਨਾਂ ਆਪਣੇ ਗੌਰਵਮਈ ਇਤਿਹਾਸ ਨੂੰ ਸਾਂਭ ਰੱਖਿਆ ਹੈ। ਗੁਰਦੁਆਰਿਆਂ ਵਿਚ ਗੁਰਮਤਿ, ਕਥਾ ਕੀਰਤਨ, ਕਵੀ ਦਰਬਾਰ, ਢਾਡੀ ਵਾਰਾਂ, ਨਗਰ ਕੀਰਤਨ, ਲੰਗਰ, ਗਤਕਾ, ਸਿੱਖ ਬੱਚਿਆਂ ਦੇ ਦਿਨ ਮਨਾਏ ਜਾਂਦੇ ਹਨ ਜਿਸ ਵਿਚ ਬੱਚਿਆਂ ਨੂੰ ਸਿੱਖ ਧਰਮ ਦੇ ਵਿਰਸੇ ਨਾਲ ਜੋੜਿਆ ਜਾਂਦਾ ਹੈ। ਗੁਰਮੁਖੀ ਲਿੱਪੀ ਬਾਰੇ ਗੁਰਬਾਣੀ ਉਪਦੇਸ਼ਾਂ ਦਾ ਹਵਾਲਾ ਹੈ ਕਿ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ। ਉਸ ਦਾ ਨਿਯਮ ਵੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ। ਉਹ ਆਪ ਅਕਾਲ ਪੁਰਖ ਬੇਅੰਤ ਹੈ। ਅਸੀਂ ਜੀਵ ਉਸ ਪਾਸੋਂ ਦਾਤਾਂ ਮੰਗਦੇ ਹਾਂ। ਆਖਦੇ ਹਾਂ, ਹੇ ਹਰੀ ਸਾਨੂੰ ਦਾਤਾਂ ਦੇ। ਉਹ ਦਾਤਾਰ ਬਖਸਿਸ਼ ਕਰਦਾ ਹੈ। ਉਸ ਦੀ ਬੋਲੀ ਪ੍ਰੇਮ ਹੈ। ਪ੍ਰੇਮ ਹੀ ਵਸੀਲਾ ਹੈ। ਜਿਸ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਅੰਗ-2

ਉਸ ਮਨੁੱਖ ਦੀ ਉੱਚੀ ਆਤਮਿਕ ਅਵਸਥਾ ਦੱਸੀ ਨਹੀਂ ਜਾ ਸਕਦੀ। ਜਿਸ ਨੇ ਅਕਾਲ ਪੁਰਖ ਦੇ ਨਾਮ ਨੂੰ ਮੰਨ ਲਿਆ ਹੈ। ਭਾਵ ਜਿਸ ਦੀ ਲਗਨ ਨਾਮ ਨਾਲ ਲੱਗ ਗਈ ਹੈ। ਜੋ ਕੋਈ ਮਨੁੱਖ ਬਿਆਨ ਕਰੇ ਵੀ, ਉਹ ਪਿਛੋਂ ਪਛਤਾਉਂਦਾ ਹੈ ਕਿ ਮੈਂ ਹੋਛਾ ਯਤਨ ਕੀਤਾ ਹੈ। ਮਨੁੱਖ ਰਲ ਕੇ ਨਾਮ ਵਿਚ ਪਤੀਜ਼ੇ ਹੋਣ ਦੀ ਆਤਮਿਕ ਅਵਸਥਾ ਦਾ ਅੰਦਾਜ਼ਾ ਲਾਉਂਦੇ ਹਨ। ਪਰ ਕਾਗਜ ਉੱਤੇ ਕਲਮ ਨਾਲ ਕੋਈ ਮਨੁੱਖ ਲਿਖਣ ਦਾ ਸਮਰੱਥ ਨਹੀਂ। ਅਕਾਲ ਪੁਰਖ ਦਾ ਨਾਂ ਬਹੁਤ ਉੱਚਾ ਹੈ ਅਤੇ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ। ਇਸ ਵਿਚ ਜੁੜਨ ਵਾਲਾ ਵੀ ਉੱਚੀ ਆਤਮਿਕ ਅਵਸਥਾ ਵਾਲਾ ਹੋ ਜਾਂਦਾ ਹੈ। ਪਰ ਇਹ ਗੱਲ ਤਾਂ ਹੀ ਸਮਝ ਆਉਂਦੀ ਹੈ ਜੇ ਕੋਈ ਮਨੁੱਖ ਆਪਣੇ ਅੰਦਰ ਲਗਨ ਲਾ ਕੇ ਵੇਖੇ।

ਭਾਵ ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉੱਚਾ ਹੈ। ਉਸ ਦੇ ਨਾਮ ਵਿਚ ਸ਼ਰਤ ਜੋੜ ਕੇ ਜਿਸ ਮਨੁੱਖ ਦੇ ਮਨ ਵਿਚ ਉਸ ਦੀ ਲਗਨ ਲੱਗ ਜਾਂਦੀ ਹੈ, ਉਸ ਦੀ ਵੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ।

ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਵੇ, ਉਸ ਦੀ ਆਤਮਿਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ ਨਾ ਕੋਈ ਲਿਖ ਸਕਦਾ ਹੈ। ਅੰਗ-3

ਸ੍ਰਿਸ਼ਟੀ ਵਿਚ ਕਈ ਜਾਤਾਂ ਦੇ, ਕਈ ਕਿਸਮਾਂ ਦੇ ਅਤੇ ਕਈ ਨਾਵਾਂ ਦੇ ਜੀਵ ਹਨ। ਇਨਾਂ ਸਭਨਾਂ ਨੇ ਇਕ-ਤਾਰ ਚਲਦੀ ਕਲਮ ਨਾਲ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਿਖਿਆ ਹੈ। ਪਰ ਕੋਈ ਵਿਰਲਾ ਮਨੁੱਖ ਇਹ ਲੇਖਾ ਲਿਖਣਾ ਜਾਣਾ ਹੈ। ਭਾਵ ਪ੍ਰਮਾਤਮਾ ਦੀ ਕੁਦਰਤ ਦਾ ਅੰਤ ਕੋਈ ਵੀ ਜੀਵ ਪਾ ਨਹੀਂ ਸਕਦਾ। ਜੇ ਲੇਖਾ ਲਿਖਿਆ ਵੀ ਜਾਵੇ ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕਿੱਡਾ ਵੱਡਾ ਹੋ ਜਾਵੇ। ਅਕਾਲ ਪੁਰਖ ਦਾ ਬੇਅੰਤ ਬਲ ਹੈ। ਬੇਅੰਤ ਸੁੰਦਰ ਰੂਪ ਹੈ। ਬੇਅੰਤ ਉਸ ਦੀ ਦਾਤ ਹੈ। ਇਸ ਦਾ ਕੌਣ ਅੰਦਾਜਾ ਲਾ ਸਕਦਾ ਹੈ ? ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸਾਰਾ ਸੰਸਾਰ ਬਣਾ ਦਿੱਤਾ ਹੈ। ਉਸ ਦੇ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ। ਅੰਗ-3

ਭਾਵੇਂ ਅਕਾਲ ਪੁਰਖ ਦੀ ਕੁਦਰਤ ਦਾ ਲੇਖਾ ਲਫ਼ਜ ਅਸੰਖ ਤਾਂ ਕਿਤੇ ਰਿਹਾ, ਕੋਈ ਵੀ ਸ਼ਬਦ ਕਾਫ਼ੀ ਨਹੀਂ ਹੈ। ਪਰ ਅਕਾਲ ਪੁਰਖ ਦਾ ਨਾਮ ਵੀ ਅੱਖਰਾਂ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸ ਦੀ ਸਿਫ਼ਤ ਸਲਾਹ ਵੀ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਰਾਹੀਂ ਹੀ ਉਸ ਦੇ ਗੀਤ ਅਤੇ ਗੁਣਾਂ ਤੋਂ ਵਾਕਫ ਹੋ ਸਕੀਦਾ ਹੈ। ਬੋਲੀ ਦਾ ਲਿਖਣਾ ਅਤੇ ਬੋਲਣਾ ਵੀ ਅੱਖਰਾਂ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਇਸ ਕਰਕੇ ਸ਼ਬਦ ਅਸੰਖ ਵਰਤਿਆ ਗਿਆ ਹੈ। ਉਂਝ ਜਿਸ ਅਕਾਲ ਪੁਰਖ ਨੇ ਜੀਵਾਂ ਦੇ ਸੰਯੋਗ ਦੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ 'ਤੇ ਕੋਈ ਲੇਖ ਨਹੀਂ ਹੈ। ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਜਿਸ ਤਰਾਂ ਤਰਾਂ ਉਹ ਅਕਾਲ ਪੁਰਖ ਹੁਕਮ ਕਰਦਾ ਹੈ, ਉਸੇ ਤਰਾਂ ਜੀਵ ਆਪਣੇ ਸੰਯੋਗ ਭੋਗਦਾ ਹੈ। ਇਸ ਤਰਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਮਨੁੱਖ ਨੂੰ ਆਪਣੀ ਲਿੱਪੀ, ਆਪਣੀ ਮਾਂ ਬੋਲੀ ਤੋਂ ਪ੍ਰਾਪਤ ਹੁੰਦਾ ਹੈ।

---

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਲਿਸ਼ਕ ਪੁਸ਼ਕ ਨਾ ਵੇਖ ਭਰਾਵਾ

**ਭਾਗ 5**



**ਰਿਸ਼ੀ ਗੁਲਾਟੀ**
Adelaide (Australia)
+61 433 442 722

ਜਦੋਂ ਵੀ ਕਿਸੇ ਦੇ ਬੇਵਕਤ ਦੁਨੀਆ ਤੋਂ ਤੁਰ ਜਾਣ ਦੀ ਖ਼ਬਰ ਮਿਲਦੀ ਹੈ ਤਾਂ ਮੇਰਾ ਦਿਲ ਖ਼ੂਨ ਦੇ ਹੰਝੂ ਰੋਂਦਾ ਹੈ, ਹਾਲਾਂਕਿ ਛੋਟੇ ਵੀਰ ਪ੍ਰੇਮ ਦੇ ਜਾਣ ਤੋਂ ਬਾਅਦ ਮੇਰੀਆਂ ਅੱਖਾਂ ਬਹੁਤ ਘੱਟ ਵਗਦੀਆਂ ਹਨ। ਇਹ ਸੱਚ ਹੈ ਕਿ ਨਾ ਤਾਂ ਮੈਂ ਸਾਰੇ ਜਾਣ ਵਾਲਿਆਂ ਨੂੰ ਜਾਣਦਾ ਹੁੰਦਾ ਹਾਂ, ਨਾ ਉਹਨਾਂ ਨਾਲ ਮੇਰਾ ਕੋਈ ਦੂਰ ਨੇੜੇ ਦਾ ਰਿਸ਼ਤਾ ਹੁੰਦਾ ਹੈ ਤੇ ਨਾ ਹੀ ਕਦੇ ਉਨਾਂ ਦੀ ਫੋਟੋ ਵੇਖੀ ਹੁੰਦੀ ਹੈ। ਕੋਈ ਸਾਂਝ ਨਾ ਹੋਣ ਦੇ ਬਾਵਜੂਦ ਵੀ ਉਨਾਂ ਨੂੰ ਆਪਣੇ ਚਿੱਤ ਵਿਚ ਉਲਾਂਭੇ ਦਿੰਦਾ ਹਾਂ ਕਿ 'ਕਿਸੇ ਨਾਲ ਆਪਣੇ ਅੰਦਰਲੇ ਦਰਦ ਦੀ ਬਾਤ ਤਾਂ ਪਾਈ ਹੁੰਦੀ, ਸ਼ਾਇਦ ਤੁਹਾਡੀਆਂ ਸਮੱਸਿਆਵਾਂ ਕੋਈ ਰਸਤਾ ਨਿਕਲ ਆਉਂਦਾ।'

ਆਪਣੀ ਪਹਿਲੀ ਕਿਤਾਬ 'ਜ਼ਿੰਦਗੀ ਅਜੇ ਬਾਕੀ ਹੈ' ਵਿਚ ਵੀ ਲਿਖਿਆ ਸੀ ਕਿ 'ਜੇਕਰ ਕੋਈ ਆਪਣੇ ਕਰਜੇ ਨੂੰ ਲੈ ਕੇ ਪ੍ਰੇਸ਼ਾਨ ਹੈ ਤੇ ਆਤਮਹੱਤਿਆ ਦਾ ਵਿਚਾਰ ਆਉਣ ਦੀ ਅਵਸਥਾ ਵਿਚ ਉਸਨੂੰ ਲੋੜ ਨੋਟਾਂ ਦੀ ਨਹੀਂ ਸਗੋਂ ਮਾਨਸਿਕ ਮਜਬੂਤੀ ਦੀ ਹੈ। ਉਸਨੂੰ ਇਸ ਅਹਿਸਾਸ ਦੀ ਲੋੜ ਹੈ ਕਿ ਹਾਲਾਤ ਚਾਹੇ ਜਿਹੋ ਜਿਹੇ ਵੀ ਹੋਣ, ਉਹ ਇਕੱਲਾ ਨਹੀਂ ਹੈ। ਉਸਨੂੰ ਜੇਕਰ ਉਸ ਸਮੇਂ ਨੋਟ ਮਿਲ ਵੀ ਜਾਣ ਤਾਂ ਭਵਿੱਖ ਵਿਚ ਮੁੜ ਅਜਿਹੇ ਹਾਲਾਤ ਪੈਦਾ ਹੋਣ 'ਤੇ ਉਹ ਜ਼ਿੰਦਗੀ ਨੂੰ ਦਾਅ 'ਤੇ ਲਾਉਣ 'ਚ ਸੰਕੋਚ ਨਹੀਂ ਕਰੇਗਾ।'

ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜਦੋਂ ਕੋਈ ਦੁਨੀਆ ਤੋਂ ਤੁਰ ਜਾਂਦਾ ਹੈ ਤਾਂ ਉਸਦੇ ਪਰਿਵਾਰ ਲਈ ਵੀ ਆਰਥਿਕ ਮੱਦਦ ਮੁਹੱਈਆ ਕਰਵਾਉਣ ਦੇ ਸ਼ਲਾਘਾਯੋਗ ਕਾਰਜ ਕੀਤੇ ਜਾਂਦੇ ਹਨ। ਵਿਚਾਰਨਯੋਗ ਇਹ ਵੀ ਹੈ ਕਿ ਕੀ ਇਸ ਨਾਲ ਤੁਰ ਜਾਣ ਵਾਲੇ ਦੀਆਂ ਸਮੱਸਿਆਵਾਂ ਦਾ ਹੱਲ ਹੋ ਗਿਆ ? ਕੀ ਪੈਸਾ ਹੀ ਸਭ ਸੁਆਲਾਂ ਦਾ ਜੁਆਬ ਹੁੰਦਾ ਹੈ ? ਮੰਨਿਆ ਕਿ ਉਹ ਪਰਿਵਾਰ ਆਰਥਿਕ ਤੌਰ 'ਤੇ ਤੰਗ ਹੈ ਪਰ ਕੁਝ ਸਮਾਂ ਪਾ ਕੇ ਪੈਸਾ ਤਾਂ ਮੁੱਕ ਜਾਵੇਗਾ, ਫਿਰ ਕੀ ਹੋਵੇਗਾ ? ਅਸਲ ਵਿਚ ਲੋੜ ਉਨਾਂ ਦੇ ਜਿਉਂਦੇ ਜੀਅ ਸਮੱਸਿਆਵਾਂ ਦੇ ਹੱਲ ਵਿਚ ਮੱਦਦ ਕਰਨ ਦੀ ਹੁੰਦੀ ਹੈ। ਪੈਸੇ ਇਕੱਠੇ ਕਰਕੇ ਪਰਿਵਾਰ ਨੂੰ ਦੇਣਾ ਸਿਰਫ਼ ਤੇ ਸਿਰਫ਼ ਆਪਣੇ ਆਪ ਨੂੰ ਸੰਤੁਸ਼ਟ ਕਰਨ ਦਾ ਯਤਨ ਹੋ ਸਕਦਾ ਹੈ, ਜਾਣ ਵਾਲੇ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ ਕਿ ਬਾਅਦ ਵਿਚ ਉਨਾਂ ਦੇ ਘਰ ਚਟਨੀ ਬਣਦੀ ਹੈ ਜਾਂ ਪਨੀਰ।

ਸਾਨੂੰ ਆਪਣੀ ਸੋਚ ਦਾ ਦਾਇਰਾ ਵਿਸ਼ਾਲ ਕਰਦਿਆਂ ਇਹ ਸਮਝਣ ਦੀ ਲੋੜ ਹੈ ਕਿ, 'ਦੁਖਿਆਰਿਆਂ ਜਾਂ ਜ਼ਿੰਦਗੀ ਖ਼ਤਮ ਕਰਨ ਦੀ ਸੋਚ ਵਲਿਆਂ ਦੀਆਂ ਸਮੱਸਿਆਵਾਂ ਦਾ ਕੇਂਦਰ ਬਿੰਦੂ ਕੀ ਹੈ ?' ਸਾਨੂੰ ਉਨਾਂ ਕੀਮਤੀ ਜਿੰਦੜੀਆਂ ਨੂੰ ਜਿਉਂਦੇ ਜੀਅ ਸਾਂਭਣ ਦੀ ਲੋੜ ਹੈ। ਕੀ ਇਹ ਚੰਗਾ ਨਹੀਂ ਹੋਵੇਗਾ ਜੇਕਰ ਉਹ ਸਮਾਂ ਹੀ ਨਾ ਆਉਣ ਦਿੱਤਾ ਜਾਵੇ ਕਿ ਕੋਈ ਬੇਵਕਤ ਇਸ ਦੁਨੀਆ ਤੋਂ ਜਾਣ ਦਾ ਫੈਸਲਾ ਕਰੇ। ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਕਿਸੇ ਨੂੰ ਕੀ ਪਤਾ ਕਿ ਕਿਸੇ ਹੋਰ ਦੇ ਅੰਦਰ ਕੀ ਚੱਲ ਰਿਹਾ ਹੈ ? ਇਸ ਲਈ ਆਪਾਂ ਨੂੰ ਸ਼ਬਦਾਂ ਦਾ ਸਹਾਰਾ ਲੈਣਾ ਪਵੇਗਾ। ਇਸ ਵਿਸ਼ੇ 'ਤੇ ਖੁੱਲ ਕੇ ਗੱਲ ਕਰਨੀ ਪਵੇਗੀ ਕਿ ਸਭ ਸਮੱਸਿਆਵਾਂ ਦਾ ਹੱਲ 'ਜ਼ਿੰਦਗੀ ਦਾ ਅੰਤ' ਨਹੀਂ ਹੈ।

ਕੀ ਇਹ ਗੱਲ ਕਹਿਣੀ ਵਾਜਿਬ ਹੈ ਕਿ ਅੱਜ ਸਮਾਜ ਨੂੰ 'ਸ਼ਬਦ-ਲੰਗਰਾਂ' ਦੀ ਬਹੁਤ ਲੋੜ ਹੈ ? ਹਰ ਨਿੱਜ ਤੋਂ ਉਪਰ ਉਠ ਕੇ, ਹਰ ਸਵਾਰਥ ਤੋਂ ਉਪਰ ਉਠ ਕੇ, ਅਤੇ ਸਭ ਤੋਂ ਲਾਜ਼ਮੀ ਇਹ ਕਿ ਵਾਹ-ਵਾਹੀ ਦੀ ਭੁੱਖ ਤੋਂ ਉਪਰ ਉਠ ਕੇ 'ਸ਼ਬਦ-ਲੰਗਰ' ਜੋ ਕਿ ਪ੍ਰਮਾਤਮਾ ਦੀ ਬਖ਼ਸ਼ੀਆਂ ਕੀਮਤੀ ਜਿੰਦੜੀਆਂ ਬਚਾਉਣ ਦਾ ਹੀ ਉਪਰਾਲਾ ਹੋਵੇਗਾ।

# ਹੜੱਪਾ ਸਭਿਅਤਾ ਦੇ ਪੁਰਾਣੇ ਮਹਾਂਨਗਰ

**ਯਾਦਵਿੰਦਰ ਸਿੰਘ ਯਾਦ**

ਮੈਂ ਪਿਛਲੇ ਦੋ ਸਾਲਾਂ ਤੋਂ ਗੁਜਰਾਤ ਦੇ ਰਾਜਕੋਟ ਕਾਲਜ ਵਿੱਚ ਬਤੌਰ ਅਧਿਆਪਕ ਕੰਮ ਕਰ ਰਿਹਾ ਹਾਂ, ਇਸ ਲਈ ਪੂਰੇ ਗੁਜਰਾਤ ਵਿੱਚ ਘੁੰਮਣ ਦਾ ਸੁਪਨਾ ਮੇਰੇ ਮਨ ਵਿੱਚ ਆ ਰਿਹਾ ਸੀ, ਧੋਲਾਵੀਰਾ ਵੀ ਇਸ ਸੁਪਨੇ ਵਿੱਚ ਸ਼ਾਮਲ ਸੀ, ਪਰ ਧੋਲਾਵੀਰਾ ਜਾਣ ਦਾ ਮੌਕਾ ਨਹੀਂ ਮਿਲ ਰਿਹਾ ਸੀ। ਅਗਸਤ ਦੇ ਅੰਤ ਵਿੱਚ, ਰਾਜਕੋਟ ਕਾਲਜ ਦੇ ਵਿਦਿਆਰਥੀਆਂ ਦੇ ਕੱਚੇ ਪੇਪਰ ਸਨ ਅਤੇ ਫਿਰ 4 ਸਤੰਬਰ ਨੂੰ ਪ੍ਰੈਕਟੀਕਲ ਵੀ ਖਤਮ ਹੋ ਗਏ ਸਨ। ਹੁਣ ਸਾਰੇ ਵਿਦਿਆਰਥੀ ਆਪਣੇ ਘਰ ਲਈ ਰਵਾਨਾ ਹੋ ਗਏ। ਮੈਂ ਵੀ ਮੁੰਡਿਆਂ ਦੇ ਹੋਸਟਲ ਵਿੱਚ ਰਹਿੰਦਾ ਹਾਂ, ਇਸ ਲਈ ਹੋਸਟਲ ਖਾਲੀ ਸੀ। ਮੈਂ ਕੱਛ ਦੇ ਨੇੜੇ ਰਹਿਣ ਵਾਲੇ ਇੱਕ ਵਿਦਿਆਰਥੀ ਦੇ ਨਾਲ ਧੋਲਾਵੀਰਾ ਜਾਣ ਦਾ ਪ੍ਰੋਗਰਾਮ ਬਣਾਇਆ। ਸ਼ਨੀਵਾਰ ਨੂੰ ਚਾਰ ਵਜੇ ਤੱਕ ਵਿਦਿਆਰਥੀ ਦਾ ਪ੍ਰੈਕਟੀਕਲ ਲੈਣ ਤੋਂ ਬਾਅਦ, ਇੱਕ ਵਿਦਿਆਰਥੀ ਦੀ ਮੋਟਰ ਸਾਈਕਲ ਲੈ ਕੇ, ਅਸੀਂ ਸ਼ਾਮ ਚਾਰ ਵਜੇ ਰਾਜਕੋਟ ਕਾਲਜ ਤੋਂ ਵਿਦਿਆਰਥੀ ਦੇ ਘਰ ਵੱਲ ਰਵਾਨਾ ਹੋਏ। ਦੋਸਤੋ, ਮੈਂ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਰੱਖਦਾ ਹਾਂ ਕਿਉਂਕਿ ਇਹ ਵਿਦਿਆਰਥੀ ਹੋਮਿਓਪੈਥੀ ਦੇ ਭਵਿੱਖ ਦੇ ਡਾਕਟਰ ਹਨ, ਜੋ ਡਾਕਟਰ ਬਣ ਕੇ ਮਨੁੱਖਤਾ ਦੀ ਸੇਵਾ ਕਰਨਗੇ। ਕਾਲਜ ਤੋਂ ਤਿੰਨ ਕਿਲੋਮੀਟਰ ਦੂਰ, ਅਸੀਂ ਮੋਟਰ ਸਾਈਕਲ ਨੂੰ ਕੁਵਾੜਵਾ ਸ਼ਹਿਰ ਦੇ ਚੌਂਕੀ (ਚੌਕ) ਤੋਂ ਵਾਕਨੇਰ ਵੱਲ ਚੱਲ ਪਏ। ਵਾਕਨੇਰ ਤੋਂ ਪਹਿਲਾਂ ਪੈਟਰੋਲ ਪੰਪ 'ਤੇ ਅਸੀਂ ਮੋਟਰ ਸਾਈਕਲ ਦੀ ਟੈਕੀਂ ਭਰ ਲਈ। ਵਾਕਾਨੇਰ ਗੁਜਰਾਤ ਵਿੱਚ ਸੌਰਾਸ਼ਟਰ ਦਾ ਇੱਕ ਪੁਰਾਣਾ ਰਿਆਸਤੀ ਸ਼ਹਿਰ ਹੈ। ਜਿੱਥੇ ਇੱਕ ਮਹਿਲ ਵੀ ਦੇਖਣ ਯੋਗ ਹੈ। ਇਸ ਵਾਰ ਸਮੇਂ ਦੀ ਘਾਟ ਕਾਰਨ ਮੈਂ ਵੈਂਕਨੇਰ ਦਾ ਮਹਿਲ ਨਹੀਂ ਵੇਖ ਸਕਿਆ। ਵਾਕਨੇਰ ਤੋਂ, ਅਸੀਂ ਹਾਈਵੇ 'ਤੇ ਚੜੇ। ਹੁਣ ਅਸੀਂ ਮੋਰਬੀ ਵੱਲ ਵਧਣਾ ਸ਼ੁਰੂ ਕਰ ਦਿੱਤਾ। ਮੋਰਬੀ ਗੁਜਰਾਤ ਦਾ ਇੱਕ ਜ਼ਿਲਾ ਹੈ, ਮੋਰਬੀ ਆਪਣੀਆਂ ਖੂਬਸੂਰਤ ਟਾਈਲਾਂ ਲਈ ਮਸ਼ਹੂਰ ਹੈ ਜੋ ਸਾਡੇ ਘਰਾਂ, ਰਸੋਈਆਂ, ਬਾਥਰੂਮਾਂ ਅਤੇ ਦਫਤਰਾਂ ਵਿੱਚ ਲੱਗਦੀਆਂ ਹਨ। ਇੱਥੇ ਵੱਖ-ਵੱਖ ਕੰਪਨੀਆਂ ਦੀਆਂ ਟਾਈਲਾਂ ਦੇ ਕਾਰਖਾਨੇ ਹਨ ਜੋ ਕਿ ਮੋਰਬੀ ਸ਼ਹਿਰ ਤੋਂ 10 ਕਿਲੋਮੀਟਰ ਪਹਿਲਾਂ ਸ਼ੁਰੂ ਹੋ ਜਾਂਦੇ ਹਨ ਅਤੇ 10 ਕਿਲੋਮੀਟਰ ਤੱਕ ਫੈਲੇ ਹਨ। ਜਿੱਥੇ ਖੂਬਸੂਰਤ ਟਾਈਲਾਂ ਵਾਲੇ ਇਸ਼ਤਿਹਾਰਾਂ ਦੇ ਬੋਰਡ ਲੱਗੇ ਹਨ ਹਾਈਵੇ ਦੇ ਦੋਵੇਂ ਪਾਸੇ। ਮੋਰਬੀ ਭੀੜ-ਭਾੜ ਵਾਲਾ ਸ਼ਹਿਰ ਹੈ। ਮੈਂ ਸੋਚਿਆ ਕਿ ਮੈਂ ਮੋਰਬੀ ਪਾਰ ਕਰਨ ਤੋਂ ਬਾਅਦ ਹੀ ਚਾਹ ਅਤੇ ਪਾਣੀ ਲਈ ਮੋਟਰਸਾਈਕਲ ਰੋਕ ਲਵਾਂਗਾ ਕਿਉਂਕਿ ਛੇ ਵਜੇ ਸਨ। ਮੋਟਰਸਾਈਕਲ ਚਲਾਉਂਦੇ ਹੋਏ ਦੋ ਘੰਟੇ ਹੋ ਗਏ ਸਨ। ਥੋੜੀ ਦੇਰ ਬਾਅਦ,

**ਧੋਲਾਵੀਰਾ ਦੀ ਯਾਤਰਾ**






ਮੋਰਬੀ ਪਾਰ ਕਰਨ ਤੋਂ ਬਾਅਦ, ਹਾਈਵੇਅ 'ਤੇ ਹੋਟਲ ਸਤਕਰ ਦਾ ਬੋਰਡ ਦਿਖਾਇਆ ਗਿਆ, ਸਤਕਰ ਦਾ ਨਾਮ ਪੰਜਾਬੀ ਸੀ ਅਤੇ ਫਿਰ ਮੋਟਰ ਸਾਈਕਲ ਦੀ ਬ੍ਰੇਕ ਲਗਾਈ। ਕੜਕ ਗੁਜਰਾਤੀ ਚਾਹ ਦੇ ਦੋ ਕੱਪ ਆਰਡਰ ਕਰਨ ਤੋਂ ਬਾਅਦ, ਮੈਂ ਆਪਣੇ ਵਿਦਿਆਰਥੀ ਰਣਜੀਤ ਨੂੰ ਕਿਹਾ, ਰਣਜੀਤ ਕੀ ਖਾਏਂਗਾ ?

ਉਸ ਨੇ ਕਿਹਾ ਸਰ ਜੀ ਤੁਸੀਂ ਜੋ ਤੁਹਾਡਾ ਮਨ ਹੈ ਮੰਗਵਾ ਲਵੋ।

ਮੈਂ ਹੋਟਲ ਦੀ ਕੰਧ ਵੱਲ ਦੇਖਿਆ ਪਰਾਂਠਾ, ਇਡਲੀ, ਡੋਸਾ ਅਤੇ ਸੇਵ ਉਸ਼ਨ ਦੀ ਤਸਵੀਰ ਸੀ। ਪਰਾਂਠਾ, ਇਡਲੀ, ਡੋਸਾ ਆਦਿ ਪਹਿਲਾਂ ਖਾਧਾ ਜਾ ਚੁੱਕਾ ਸੀ, ਫਿਰ ਸੇਵ ਉਸ਼ਨ ਦੀਆਂ ਦੋ ਪਲੇਟਾਂ ਮੰਗਵਾਈਆਂ ਗਈਆਂ। ਸੇਵ ਉਸ਼ਨ ਕੱਛ ਦੀ ਇੱਕ ਪਕਵਾਨ ਹੈ, ਇਹ ਦਿੱਖ ਵਿੱਚ ਮੈਗੀ ਵਰਗੀ ਲੱਗਦੀ ਹੈ ਪਰ ਸੁਆਦੀ ਸੀ। ਚਾਹ ਪੀਣ ਅਤੇ ਪੈਸੇ ਦੇਣ ਤੋਂ ਬਾਅਦ, ਅਸੀਂ ਦੁਬਾਰਾ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਰਾਜਕੋਟ ਤੋਂ ਭੁਜ ਜਾਣ ਵਾਲੇ ਹਾਈਵੇ 'ਤੇ ਆਏ। ਹਾਈਵੇਅ ਟਰੱਕਾਂ ਨਾਲ ਭਰਿਆ ਹੋਇਆ ਸੀ, ਮੋਟਰ ਸਾਈਕਲ ਨਾਲ ਵੱਡੇ ਵੱਡੇ ਟਰੱਕਾਂ ਨੂੰ ਪਿੱਛੇ ਛੱਡਣਾ, ਇੱਕ ਵੱਖਰੀ ਕਿਸਮ ਦੀ ਖੁਸ਼ੀ ਦੇ ਰਿਹਾ ਸੀ। ਮੋਰਬੀ ਤੋਂ 30 ਕਿਲੋਮੀਟਰ ਦੂਰ ਮਲੀਆ ਸ਼ਹਿਰ ਤੋਂ ਬਾਅਦ ਇੱਕ ਵੱਡਾ ਪੁਲ ਪਾਰ ਕਰਨ ਤੋਂ ਬਾਅਦ, ਅਸੀਂ ਮੋਰਬੀ ਜ਼ਿਲਾ ਛੱਡ ਦਿੱਤਾ ਅਤੇ ਭਾਰਤ ਦੇ ਸਭ ਤੋਂ ਵੱਡੇ ਜ਼ਿਲੇ ਕੱਛ ਵਿੱਚ ਦਾਖਲ ਹੋਏ। ਸਮਖਿਆਲੀ ਤੋਂ 15 ਕਿਲੋਮੀਟਰ ਪਹਿਲਾਂ ਅਸੀਂ ਭੁਜ ਹਾਈਵੇਅ ਛੱਡਿਆ ਅਤੇ ਲਿੰਕ ਰੋਡ ਤੇ ਮੋਟਰ ਸਾਈਕਲ ਮੋੜ ਲਿਆ। ਕੁਝ ਸਮੇਂ ਬਾਅਦ ਮੇਰੇ ਵਿਦਿਆਰਥੀ ਦਾ ਪਿੰਡ ਆਇਆ। ਜਿੱਥੇ ਸਾਡੀ ਅੱਜ ਦੀ ਰਾਤ ਦਾ ਟਿਕਾਣਾ ਸੀ। ਵਿਦਿਆਰਥੀ ਦੇ ਘਰ ਰਾਤ ਬਿਤਾਉਣ ਤੋਂ ਬਾਅਦ, ਅਗਲੀ ਸਵੇਰ ਸੱਤ ਵਜੇ ਅਸੀਂ ਹੜੱਪਾ ਦੇ ਪੁਰਾਣੇ ਮਹਾਂਨਗਰ, ਧੋਲਾਵੀਰਾ ਵੱਲ ਚੱਲ ਪਏ ਜੋ ਉਸਦੇ ਪਿੰਡ ਤੋਂ 120 ਕਿਲੋਮੀਟਰ ਦੂਰ ਸੀ। ਉਸਦੇ ਪਿੰਡ ਤੋਂ 30 ਕਿਲੋਮੀਟਰ ਦੂਰ ਰਾਪਰ ਨਾਂ ਦਾ ਇੱਕ ਸ਼ਹਿਰ ਆਇਆ ਜੋ ਧੋਲਾਵੀਰਾ ਦੇ ਨੇੜੇ ਸਭ ਤੋਂ ਵੱਡਾ ਸ਼ਹਿਰ ਹੈ ਜਿੱਥੋਂ ਧੋਲਾਵੀਰਾ 95 ਕਿਲੋਮੀਟਰ ਦੂਰ ਰਹਿੰਦਾ ਹੈ। ਰਾਪਰ ਤੋਂ ਧੋਲਾਵੀਰਾ ਤੱਕ ਦੀ ਸੜਕ ਪੂਰੀ ਤਰਾਂ ਸੁੰਨਸਾਨ ਹੈ, 15 ਕਿਲੋਮੀਟਰ ਤੱਕ ਕੋਈ ਅਬਾਦੀ ਜਾਂ ਘਰ ਨਹੀਂ ਹਨ, ਇੱਕ ਛੋਟਾ ਜਿਹਾ ਪਿੰਡ ਰਾਪਰ ਤੋਂ 15 ਕਿਲੋਮੀਟਰ ਬਾਅਦ ਆਉਂਦਾ ਹੈ। ਰਸਤੇ ਦੇ ਦੋਵੇਂ ਪਾਸੇ ਵੱਡੀਆਂ ਝਾੜੀਆਂ ਦਿਖਾਈ ਦਿੰਦੀਆਂ ਹਨ। ਰਾਪਰ ਅਤੇ ਧੋਲਾਵੀਰਾ ਦੇ ਵਿਚਕਾਰ ਇੱਕ ਜਗਾ ਤੇ ਅਸੀਂ ਊਠਾਂ ਦੇ ਝੁੰਡ ਨੂੰ ਵੇਖਿਆ ਜੋ ਮੈਂ ਆਪਣੇ ਮੋਬਾਈਲ ਵਿੱਚ ਕੈਦ ਕਰ ਲਿਆ। ਸਵੇਰੇ 9.40 ਵਜੇ ਅਸੀਂ ਧੋਲਾਵੀਰਾ ਪਹੁੰਚਦੇ ਹਾਂ, ਜਿੱਥੇ ਅਸੀਂ ਗੁਜਰਾਤ ਟੂਰਿਜ਼ਮ ਹੋਟਲ ਵਿੱਚ ਨਾਸ਼ਤਾ ਕੀਤਾ ਜਿਸ ਵਿੱਚ ਦਹੀ, ਮੱਖਣ ਟੋਸਟ, ਕੱਟੇ ਹੋਏ ਸੇਬ ਅਤੇ ਦੋ ਆਲੂ ਪਰਾਠੇ ਸ਼ਾਮਲ ਸਨ, ਰੇਟ 100 ਰੁਪਏ। ਮੇਰਾ ਉਦੇਸ਼ ਸਵੇਰੇ 10 ਵਜੇ ਧੋਲਾਵੀਰਾ ਪਹੁੰਚਣਾ ਸੀ ਕਿਉਂਕਿ ਧੋਲਾਵੀਰਾ ਅਜਾਇਬਘਰ ਸਵੇਰੇ 10 ਵਜੇ ਖੁੱਲਦਾ ਹੈ।

# ਗਰੀਬਾ ਉਪਰਿ ਜਿ ਖਿੰਜੈ ਦਾੜੀ ॥




ਗਰੀਬ ਮਨੁੱਖ ਸਿਰਫ ਪੈਸੇ ਕਰਕੇ ਹੀ ਨਹੀਂ ਹੁੰਦਾ , ਗਰੀਬੀ ਦੇ ਬਹੁਤ ਕਾਰਨ ਹਨ। ਕਿਸੇ ਦੀ ਕਿਸਮਤ ਵਿਚ ਔਲਾਦ ਹੈ ਨਹੀਂ ਕਿਸੇ ਦੀ ਕਿਸਮਤ ਵਿਚ ਤੰਦਰੁਸਤ ਸਰੀਰ ਹੈ ਨਹੀਂ, ਕਿਸੇ ਕੋਲ ਭੈਣ ਭਰਾ ਮਾਂ ਬਾਪ ਹੈ ਨਹੀਂ ਤੇ ਕਦੇ ਕਦੇ ਬਹੁਤੇ ਮਨੁੱਖਾਂ ਕੋਲ ਅਕਲ ਸਿਆਣਪ ਦੂਰ ਅੰਦੇਸ਼ੀ ਹੈ ਨਹੀਂ। ਉਹ ਦਿਮਾਗੀ ਤੌਰ 'ਤੇ ਬਹੁਤ ਗਰੀਬ ਹੁੰਦੇ ਨੇ ਜਿਨਾਂ ਨੂੰ ਸਿਰਫ ਜੀਣ ਤੱਕ ਹੀ ਪਤਾ ਹੁੰਦਾ। ਰੋਟੀ ਖਾ ਲਈ ਕੰਮ ਤੇ ਗਏ ਤੇ ਵਾਪਸ। ਜੇ ਨਹਾ ਲਿਆ ਤਾਂ ਵੀ ਠੀਕ, ਨਹੀਂ ਮਹੀਨਾ ਮਹੀਨਾ ਨਾ ਵੀ ਨਹਾਏ ਫੇਰ ਵੀ ਠੀਕ। ਇਨਾਂ ਨੂੰ ਸਫਾਈ ਤੇ ਮਲੀਨਤਾ ਦਾ ਬਹੁਤਾ ਫਰਕ ਨਹੀਂ ਲਗਦਾ

ਤਕਰੀਬਨ 30 ਕੁ ਸਾਲ ਪੁਰਾਣੀ ਗੱਲ ਹੈ ਮੈਂ ਮਾਈਨ ਵਿਚ ਕੰਮ ਕਰਦਾ ਸੀ ਉਦੋਂ। ਇਕ ਮਸ਼ੀਨ ਹੁੰਦੀ ਹੈ ਡਰੈਗਲਾਈਨ ਜਿਸ ਦੀ ਬੱਕਟ 150-200 ਟਨ ਦੀ ਹੁੰਦੀ ਹੈ ਤੇ ਉਹ 200 ਫੁੱਟ ਦੀ ਉਚਾਈ ਤੋਂ ਪਹਾੜ ਨੂੰ ਢਾਹ ਸਕਦੀ ਹੈ ਤੇ 190 ਫੁੱਟ ਤੱਕ ਡੂੰਘਾਈ ਵਿਚ ਪੁੱਟ ਸਕਦੀ ਹੈ। ਉਹਦੇ ਤੇ ਇਕ ਚਲਾਉਣ ਵਾਲਾ ਗੋਰਾ ਹੁੰਦਾ ਸੀ, ਇਕ ਮੈਂ ਹੁੰਦਾ ਸੀ। ਬੁਲਡੋਜ਼ਰ ਚਲਾਉਣ ਲਈ ਤੀਜਾ ਸੀ, ਇਹ ਸਿੱਧਰਾ ਜਿਹਾ ਮਨੁੱਖ ਜਿਸ ਦਾ ਨਾਮ ਸੀ ਇਯੂਜੀਨ। ਅਸੀਂ ਤਿੰਨਾਂ ਨੇ ਹੀ ਮਸ਼ੀਨ ਦੇ ਅੰਦਰ ਬਹਿ ਕੇ ਗੱਲ-ਬਾਤ ਮਾਰਨੀ। ਮੇਰਾ ਤੇ ਇਯੂਜੀਨ ਦਾ ਕੰਮ ਬਹੁਤਾ ਨਹੀਂ ਸੀ ਹੁੰਦਾ। ਉਹ ਸਫਾਈ ਵਗੈਰਾ ਕਰਦਾ ਤੇ ਤੇਲ ਗਰੀਸ ਦਿੰਦਾ ਸੀ। ਚਲਾਉਣ ਵਾਲਾ ਤਾਂ ਇਕ ਹੀ ਸੀ ਅਸੀਂ ਉਹਦੇ ਸਹਾਇਕ ਸੀ। ਇਸ ਸਿੱਧਰੇ ਬੰਦੇ ਨੇ ਜਨਾਨੀ ਸੁਪਨੇ ਵਿਚ ਵੀ ਨਹੀਂ ਦੇਖੀ ਹੋਣੀ ਤੇ ਇਹ 50 ਦੇ ਲਾਗੇ ਜਾ ਪੁੱਜਾ ਸੀ। ਗੰਦਾ ਬਹੁਤ ਸੀ। ਕੰਪਨੀ ਨੇ ਕਈ ਵਾਰ ਕਹਿ ਕੇ ਕੱਪੜੇ ਧੁਆਏ ਸੀ। ਇਹਦੇ ਕੋਲੋਂ ਮੁਸ਼ਕ ਬਹੁਤ ਆਉਂਦਾ ਹੁੰਦਾ ਸੀ।

ਇਹਨੂੰ ਆਪਣੇ ਇਕ ਬੰਦੇ ਨੇ ਪਤਿਆ ਲਿਆ ਕਿ ਤੈਨੂੰ ਮੈਂ ਆਪਣੀ ਭਾਣਜੀ ਦਾ ਰਿਸ਼ਤਾ ਕਰਾ ਦਿੰਨਾ ਤੇ ਉਹਨੂੰ ਇਕ ਫੋਟੋ ਦੇ ਦਿੱਤੀ। ਉਹ ਵਿਚਾਰਾ ਹਰ ਰੋਜ ਫੋਟੋ ਦਿਖਾਇਆ ਕਰੇ। ਫੇਰ ਕੰਮ ਚੱਲ ਪਿਆ ਪੈਸੇ ਲੈਣ ਦਾ। ਉਦੋਂ ਸਿਰਫ ਘਰ ਦੇ ਫ਼ੋਨ ਹੁੰਦੇ ਸੀ ਤੇ ਅਖਬਾਰ ਵਿਚ ਐਡ ਲੁਆਤੀ ਕਿ ਮੈਨੂੰ ਵਿਆਹ ਲਈ ਔਰਤ ਚਾਹੀਦੀ ਹੈ। ਫੇਰ ਭਾਣਜੀ ਕੋਲੋਂ ਫ਼ੋਨ ਕਰਾ ਲਿਆ ਤੇ ਗੱਲ ਬੜੀ ਲੰਮੀ ਹੋ ਜਾਣੀ ਕਿਵੇਂ ਉਹਨੇ ਉਹਨੂੰ ਝਾਂਸੇ ਵਿਚ ਲੈ ਲਿਆ ਤੇ ਹਰ ਮਹੀਨੇ ਉਹ ਉਸ ਕੁੜੀ ਨੂੰ ਪੈਸੇ ਭੇਜਦਾ ਕਿ ਵੀਜ਼ਾ ਲੱਗ ਜਾਵੇ। ਇਕ ਦਿਨ ਉਹਦੀ ਖੁਸ਼ੀ ਦਾ ਅੰਤ ਨੀ ਸੀ ਕਹਿੰਦਾ ਉਹਨੂੰ ਵੀਜ਼ਾ ਮਿਲ ਗਿਆ ਹੁਣ ਉਹਨੇ ਆ ਜਾਣਾ ਤੇ ਟਿਕਟ ਦੇ ਪੈਸੇ ਭੇਜੇ। ਮੁੜ ਉਹ ਫੇਰ ਉਦਾਸ ਹੋ ਗਿਆ ਕਿ ਹੁਣ ਉਹਦੀ ਮਾਂ ਬੀਮਾਰ ਹੋ ਗਈ ਹੈ ਹੁਣ ਉਹ ਅਟਕ ਕੇ ਆਊ। ਅਸਲ ਵਿਚ ਉਹ ਆ ਪੁੱਜੀ ਸੀ ਪਰ ਉਹਨੂੰ ਨੀ ਦੱਸਿਆ ਗਿਆ। ਉਹ ਪੈਸੇ ਭੇਜਦਾ ਰਿਹਾ ਤੇ 6 ਕੁ ਮਹੀਨੇ ਬਾਅਦ ਉਹਨੂੰ ਇਹ ਕਹਿ ਕੇ ਕਿ ਉਹ ਆ ਰਹੀ ਹੈ ਤੂੰ ਅਪਾਰਟਮੈਂਟ ਦਾ ਫ਼ਰਨੀਚਰ ਬਦਲ ਲੈ। ਉਹਨੇ ਵਿਚਾਰੇ ਨੇ ਚਾਅ ਚਾਅ ਵਿੱਚ ਨਵੇਂ ਸੋਫ਼ੇ, ਬੈਡ ਤੇ ਹੋਰ ਪਤਾ ਨੀ ਕੀ ਕੀ ਖ਼ਰੀਦਿਆ ਤੇ ਉਹ ਸਾਡੇ ਸ਼ਹਿਰ ਦਿਨ ਨੂੰ ਆਈ ਤੇ ਉਹਨੂੰ ਉਹਦੇ ਰਿਸ਼ਤੇਦਾਰ ਕਹਿੰਦੇ ਅੱਜ ਇਹ ਸਾਡੇ ਕੋਲ ਰਹੂ ਥੱਕੀ ਆਈ ਹੈ, ਅੱਜ ਤੂੰ ਕੰਮ ਤੇ ਜਾਹ। ਉਹ ਰਾਤ ਨੂੰ ਕੰਮ ਤੇ ਚਲੇ ਗਿਆ ਤੇ ਉਹਦੇ ਮਗਰੋਂ ਉਹ ਟਰੱਕ ਵਿਚ ਸਾਰਾ ਸਮਾਨ ਲੱਦ ਕੇ ਕੈਲਗਰੀ ਜਾ ਵੜੀ। ਉਨਾਂ 6 ਮਹੀਨੇ ਦਾ ਇਹੀ ਦਿਖਾਇਆ ਕਿ ਉਹ ਇਹਦੇ ਕੋਲ ਰਹੀ ਹੈ ਤੇ ਹੁਣ ਅਣਬਣ ਹੋ ਗਈ ਹੈ। ਉਹ ਵਿਚਾਰਾ ਫੇਰ ਫੋਟੋ ਹਿੱਕ ਨਾਲ ਲਾਈ ਫਿਰਿਆ ਕਰੇ। ਮੈਂ ਇਹ ਸਾਰਾ ਖ਼ੁਦ ਹੁੰਦਾ ਦੇਖਿਆ। ਇਹ ਗ਼ਰੀਬ-ਮਾਰ ਮੈਨੂੰ ਜਦ ਵੀ ਯਾਦ ਆਉਂਦੀ ਹੈ ਤਾਂ ਉਹ ਹਮਾਤੜ ਦੇ ਹਉਕੇ ਹੀ ਸੁਣਦੇ ਨੇ, ਕਾਸ਼ ਸਾਨੂੰ ਇੰਨਾ ਕੁ ਹੀ ਯਾਦ ਹੁੰਦਾ।

**ਗਉੜੀ ਮਹਲਾ ੫ ॥**
**ਗਰੀਬਾ ਉਪਰਿ ਜਿ ਖਿੰਜੈ ਦਾੜੀ ॥**
**ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥**
**ਪੂਰਾ ਨਿਆਉ ਕਰੇ ਕਰਤਾਰੁ ॥**

- ਸੁਰਜੀਤ ਸਿੰਘ ਵਿਰਕ

# ਹਰ.ਫਨਮੌਲਾ ਸੀ ਸੁਖਜਿੰਦਰ ਸ਼ੇਰਾ

**ਸ਼ਮਸ਼ੇਰ ਸਿੰਘ ਸੋਹੀ**

ਪੰਜਾਬੀ ਸਿਨਮਾ ਵਿੱਚ ਸੁਖਜਿੰਦਰ ਸ਼ੇਰਾ ਉਹ ਨਾਂ ਹੈ ਜਿਸ ਨੇ ਸੁਪਰਹਿੱਟ ਪੰਜਾਬੀ ਫ਼ਿਲਮ 'ਯਾਰੀ ਜੱਟ ਦੀ' ਦੀ ਕਹਾਣੀ ਤੇ ਡਾਇਲਾਗ ਲਿਖੇ ਤੇ ਵਰਿੰਦਰ ਦੀ ਆਖ਼ਰੀ ਫ਼ਿਲਮ 'ਜੱਟ ਤੇ ਜ਼ਮੀਨ' ਬਣਾਈ ਸੀ। ਪੰਜਾਬੀ ਫ਼ਿਲਮਾਂ 'ਚ ਉੱਚੇ ਲੰਮੇ ਗੱਭਰੂ, ਕੁੜਤੇ ਚਾਦਰੇ ਤੇ ਤੁਰਲੇ ਵਾਲੀ ਪੱਗ ਬੰਨੀ ਦੇਸੀ ਜਿਹੀ ਦਿੱਖ ਰੱਖਣ ਵਾਲੇ ਲੇਖਕ, ਅਦਾਕਾਰ ਤੇ ਨਿਰਦੇਸ਼ਕ ਸੁਖਜਿੰਦਰ ਸ਼ੇਰਾ ਦਾ ਜਨਮ ਲੁਧਿਆਣਾ ਜ਼ਿਲੇ ਵਿੱਚ ਜਗਰਾਓਂ ਨੇੜਲੇ ਪਿੰਡ ਮਲਕ ਵਿਖੇ ਹੋਇਆ। ਉਸ ਨੇ ਸ਼ੁਰੂਆਤੀ ਪੜਾਈ ਮਲਕ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ।

ਸੁਖਜਿੰਦਰ ਦੇ ਘਰ ਵਿੱਚ ਭਾਵੇਂ ਪਹਿਲਾਂ ਫ਼ਿਲਮਾਂ ਵਿੱਚ ਕੋਈ ਨਹੀਂ ਸੀ, ਪਰ ਉਸ ਨੂੰ ਕਹਾਣੀਆਂ ਲਿਖਣ ਦਾ ਸ਼ੌਂਕ ਤੇ ਫ਼ਿਲਮਾਂ ਦੇਖਣ ਦੀ ਚਿਣਗ ਬਚਪਨ ਤੋਂ ਹੀ ਲੱਗ ਗਈ ਸੀ। ਉਸ ਸਮੇਂ ਦੇ ਸੁਪਰਸਟਾਰ ਧਰਮਿੰਦਰ ਤੇ ਦਾਰਾ ਸਿੰਘ ਦੀਆਂ ਫ਼ਿਲਮਾਂ ਦੇਖ ਕੇ ਉਹ ਵੀ ਮਨ ਵਿੱਚ ਸੋਚਦਾ ਸੀ ਕਿ ਕਿਸੇ ਦਿਨ ਉਹ ਵੀ ਫ਼ਿਲਮ ਜ਼ਰੂਰ ਬਣਾਵੇਗਾ। ਉਸ ਦਾ ਇਹ ਸੁਪਨਾ ਉਦੋਂ ਪੂਰਾ ਹੋਇਆ ਜਦੋਂ ਉਸ ਦਾ ਮੇਲ ਉਸ ਸਮੇਂ ਦੇ ਮਸ਼ਹੂਰ ਲੇਖਕ, ਅਦਾਕਾਰ ਤੇ ਨਿਰਮਾਤਾ-ਨਿਰਦੇਸ਼ਕ ਵਰਿੰਦਰ ਨਾਲ ਹੋਇਆ।

ਸਭ ਤੋਂ ਪਹਿਲਾਂ ਸੁਖਜਿੰਦਰ ਸ਼ੇਰਾ 1983 ਵਿੱਚ ਬਣੀ ਪੰਜਾਬੀ ਫ਼ਿਲਮ 'ਬਟਵਾਰਾ' ਦੇ ਇੱਕ ਗੀਤ 'ਲੋਕੋ ਵੱਢਿਆ ਗੰਡਾਸਿਆਂ ਦੇ ਨਾਲ' ਵਿੱਚ ਵਰਿੰਦਰ ਤੇ ਮੋਹਨ ਬੱਗੜ ਨਾਲ ਨਜ਼ਰ ਆਇਆ। ਇਸ ਤੋਂ ਬਾਅਦ ਉਹ ਵਰਿੰਦਰ ਦਾ ਚੰਗਾ ਦੋਸਤ ਬਣ ਗਿਆ। ਵਰਿੰਦਰ ਦੀ ਸੋਚ ਸੀ ਕਿ ਪੰਜਾਬੀ ਫ਼ਿਲਮਾਂ ਦੀ ਸ਼ੂਟਿੰਗ ਵਿਦੇਸ਼ਾਂ ਵਿੱਚ ਵੀ ਕੀਤੀ ਜਾਵੇ ਤੇ ਫ਼ਿਲਮਾਂ ਵਿੱਚ ਉਹ ਕੁਝ ਦਿਖਾਇਆ ਜਾਵੇ ਜਿਸ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਦੇਖਣ ਨੂੰ ਮਿਲੇ। ਸ਼ੇਰਾ ਲਿਖਦਾ ਬਹੁਤ ਵਧੀਆ ਸੀ। ਇਸ ਕਰਕੇ ਵਰਿੰਦਰ ਨੂੰ ਸ਼ੇਰੇ ਦੀ ਲੇਖਣੀ ਬਹੁਤ ਪਸੰਦ ਆਈ। ਜਲਦੀ ਹੀ ਵਰਿੰਦਰ ਨੇ ਉਸ ਨੂੰ ਆਪਣੀ ਫ਼ਿਲਮ 'ਯਾਰੀ ਜੱਟ ਦੀ' ਵਿੱਚ ਕੰਮ ਕਰਨ ਲਈ ਕਿਹਾ। ਇਹ ਫ਼ਿਲਮ ਤੇ ਇਸ ਦਾ ਸੰਗੀਤ ਸੁਪਰਹਿੱਟ ਰਿਹਾ। ਇਹ ਪਹਿਲੀ



ਪੰਜਾਬੀ ਫ਼ਿਲਮ ਸੀ ਜਿਸ ਦੀ ਕੁਝ ਸ਼ੂਟਿੰਗ ਵਿਦੇਸ਼ ਵਿੱਚ ਹੋਈ। ਇਸ ਫ਼ਿਲਮ ਦੇ ਹਿੱਟ ਹੋਣ ਨਾਲ ਵਰਿੰਦਰ ਦੇ ਨਾਲ ਨਾਲ ਲੋਕਾਂ ਵਿੱਚ ਸ਼ੇਰੇ ਦੀ ਵੀ ਚੰਗੀ ਪਛਾਣ ਬਣ ਗਈ। ਵਰਿੰਦਰ ਦੀ ਆਖ਼ਰੀ ਫ਼ਿਲਮ 'ਜੱਟ ਤੇ ਜ਼ਮੀਨ' ਵਿੱਚ ਸ਼ੇਰੇ ਨੇ ਸਹਾਇਕ ਨਿਰਦੇਸ਼ਕ, ਨਿਰਮਾਤਾ ਤੇ ਸਕਰੀਨ ਪਲੇ ਵੱਜੋਂ ਕੰਮ ਕੀਤਾ ਤੇ ਇਸ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਵੀ ਆਪ ਹੀ ਲਿਖੇ।

ਇਸ ਤੋਂ ਬਾਅਦ ਸ਼ੇਰੇ ਨੇ 'ਸਿਰ ਧੜ ਦੀ ਬਾਜ਼ੀ', 'ਉੱਚਾ ਪਿੰਡ', 'ਜਗੀਰਾ', 'ਜ਼ੋਰ ਜੱਟ ਦਾ', 'ਹਥਿਆਰ', 'ਧਰਮ ਜੱਟ ਦਾ', 'ਮੋਹ ਪੰਜਾਬ ਦਾ', 'ਨਾ ਕਰ ਬਦਨਾਮ ਕੈਨੇਡਾ ਨੂੰ', 'ਸਿੱਧਾ ਚੱਲ ਕੈਨੇਡਾ ਨੂੰ', 'ਤੂੰ ਕੀ ਥਾਣੇਦਾਰ ਲੱਗਿਆ', 'ਕਤਲੇਆਮ', 'ਗੈਰਤ', 'ਪਗੜੀ ਸੰਭਾਲ ਜੱਟਾ', 'ਜੱਟ ਇਨ ਮੂਡ', 'ਸੁੱਖਾ ਜਿੰਦਾ', 'ਮਿਰਜ਼ਾ ਸਾਹਿਬਾ', 'ਦੇਹਿ ਸ਼ਿਵਾ ਬਰ ਮੋਹਿ' ਅਤੇ 'ਯਾਰ ਬੇਲੀ' ਫ਼ਿਲਮਾਂ ਕੀਤੀਆਂ।

ਸ਼ੇਰਾ ਸਿੱਧਾ ਸਾਦਾ ਪੇਂਡੂ ਜੱਟ ਲੱਗਦਾ ਸੀ। ਸ਼ੁਰੂ ਵਿੱਚ ਜਦੋਂ ਕਈ ਲੋਕ ਕਹਿੰਦੇ ਸਨ ਕਿ ਇਸ ਨੂੰ ਦੇਸੀ ਜਿਹੇ ਨੂੰ ਫ਼ਿਲਮਾਂ 'ਚ ਕੌਣ ਕੰਮ ਦੇਵੇਗਾ ਤਾਂ ਉਹ ਕਹਿੰਦਾ ਸੀ, 'ਮੈਨੂੰ ਆਪਣੀ ਪੇਂਡੂ ਜਿਹੀ ਦਿੱਖ 'ਤੇ ਮਾਣ ਹੈ, ਮੈਂ ਇੱਕ ਦਿਨ ਫ਼ਿਲਮਾਂ 'ਚ ਜ਼ਰੂਰ ਕੰਮ ਕਰਾਂਗਾ।' ਉਸ ਦਾ ਇਹ ਸੁਪਨਾ ਪੂਰਾ ਹੋਇਆ ਕਿਉਂਕਿ ਉਸ ਨੇ ਫ਼ਿਲਮਾਂ ਵਿੱਚ ਆਪਣੀ ਦਿੱਖ ਕਦੇ ਨਹੀਂ ਬਦਲੀ ਤੇ ਉਸੇ ਦੇਸੀ ਅੰਦਾਜ਼ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਨੂੰ ਫ਼ਿਲਮ ਦੀ ਕਹਾਣੀ ਲਿਖਣ ਦੀ ਪੂਰੀ ਮੁਹਾਰਤ ਹਾਸਲ ਸੀ। ਉਸ ਦੀ ਸੋਚ ਸੀ ਕਿ ਪੰਜਾਬੀ ਫ਼ਿਲਮ ਦੀ ਕਹਾਣੀ ਪੰਜਾਬੀ ਸੱਭਿਆਚਾਰ ਨਾਲ ਮੇਲ ਖਾਂਦੀ ਹੋਵੇ ਤੇ ਘਟੀਆ ਰੀਤੀ ਰਿਵਾਜਾਂ ਖਿਲਾਫ਼ ਆਵਾਜ਼ ਬੁਲੰਦ ਕਰਦੀ ਹੋਵੇ। ਉਸ ਦੀਆਂ ਕੁਝ ਫ਼ਿਲਮਾਂ ਭਾਵੇਂ ਹਿੱਟ ਨਹੀਂ ਰਹੀਆਂ, ਪਰ ਪੰਜਾਬੀ ਸਿਨਮਾ ਲਈ ਉਸ ਨੇ ਜੋ ਵੀ ਕੀਤਾ ਉਹ ਬਾਕਮਾਲ ਹੈ।

ਅਖੀਰ ਤੱਕ ਸ਼ੇਰੇ ਦੀ ਸੋਚ ਰਹੀ ਕਿ ਉਹ ਪੰਜਾਬੀ ਸਿਨਮਾ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਾਵੇ। ਉਹ ਦੁਬਾਰਾ ਉਹੀ ਕਿਰਦਾਰ ਲੈ ਕੇ 'ਯਾਰੀ ਜੱਟ ਦੀ-2' ਤੇ 'ਜੱਟ ਤੇ ਜ਼ਮੀਨ-2' ਫ਼ਿਲਮਾਂ ਬਣਾਉਣ ਬਾਰੇ ਸੋਚ ਰਿਹਾ ਸੀ, ਪਰ ਉਸ ਦਾ ਇਹ ਸੁਪਨਾ ਅਧੂਰਾ ਰਹਿ ਗਿਆ। ਕੰਮ ਦੇ ਸਿਲਸਿਲੇ ਵਿੱਚ ਉਹ ਅਫ਼ਰੀਕੀ ਦੇਸ਼ ਯੁਗਾਂਡਾ ਆਪਣੇ ਦੋਸਤ ਨੂੰ ਮਿਲਣ ਗਿਆ, ਪਰ ਉੱਥੇ ਬਿਮਾਰ ਹੋਣ ਕਰਕੇ ਉਹ ਰੁਖ਼ਸਤ ਹੋ ਗਿਆ। ਜਦੋਂ ਕਦੇ ਵੀ ਪੰਜਾਬੀ ਫ਼ਿਲਮਾਂ ਦੀ ਗੱਲ ਚੱਲੇਗੀ ਤਾਂ ਇਸ ਦੇਸੀ ਜਿਹੀ ਦਿੱਖ ਵਾਲੇ ਉੱਚੇ ਲੰਮੇ ਅਦਾਕਾਰ ਨੂੰ ਲੋਕ ਹਮੇਸ਼ਾ ਯਾਦ ਕਰਨਗੇ।

# ਲੋਕ ਕੀ ਕਹਿਣਗੇ ?



ਡਾ. ਹਰਸ਼ਿੰਦਰ ਕੌਰ, ਐਮ. ਡੀ.

ਜੇ ਕੋਈ ਬਜ਼ੁਰਗ ਚੁੱਪਚਾਪ ਘਰ ਦੇ ਕਿਸੇ ਕੋਨੇ ਵਿਚ ਬਹਿ ਜਾਵੇ ਤਾਂ ਘਰ ਆਉਣ-ਜਾਣ ਵਾਲੇ "ਧਰਤੀ ਉੱਤੇ ਭਾਰ ਕਹਿਣ ਲੱਗ ਪੈਂਦੇ ਹਨ। ਜੇ ਉਹ ਤਿਆਰ ਹੋ ਕੇ, ਟਾਈ ਲਾ ਕੇ ਬਾਹਰ ਘੁੰਮਣ ਨਿਕਲੇ ਤਾਂ ਲੋਕ ਬੁੱਢੇ ਨੂੰ ਚੜ੍ਹੀ ਜਵਾਨੀ ਕਹਿ ਕੇ ਲੰਘ ਜਾਂਦੇ ਹਨ।

ਜੇ ਔਰਤ ਘਰ ਦਾ ਕੰਮ ਹੀ ਕਰੇ ਤਾਂ ਨਿਕੰਮੀ ਤੇ ਜੇ ਬਾਹਰ ਕੰਮ ਕਰਨ ਲੱਗ ਪਵੇ ਤਾਂ "ਅਵਾਰਾ। ਜੇ ਬੱਚੇ ਸਰਕਾਰੀ ਸਕੂਲ ਵਿਚ ਪੜ੍ਹਨੇ ਪਾਓ ਤਾਂ ਲੋਕ ਕਹਿੰਦੇ ਨੇ ਨਾਲਾਇਕ ਹੋਵੇਗਾ। ਪਰ ਜੇ ਵਿੱਤੋਂ ਬਾਹਰ ਜਾ ਕੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨੇ ਪਾਓ ਤਾਂ "ਅਮੀਰੀ ਵਿਖਾਉਂਦੇ ਨੇ ਕਿਹਾ ਜਾਂਦਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਜੰਮਣ ਤੋਂ ਮਰਨ ਤੱਕ ਲੋਕਾਂ ਨੇ ਕੁੱਝ ਤਾਂ ਕਹਿਣਾ ਹੀ ਹੁੰਦਾ ਹੈ। ਇਸ ਕਹਿਣ ਉੱਤੇ ਅਣਗਿਣਤ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ ਕਿਉਂਕਿ ਬਹੁਗਿਣਤੀ ਲੋਕ ਆਪਣੀ ਮਰਜ਼ੀ ਤਿਆਗ ਕੇ ਸਿਰਫ਼ ਹੋਰਨਾਂ ਦੇ ਕਹੇ ਅਨੁਸਾਰ ਜਾਂ ਦੂਜਿਆਂ ਵੱਲੋਂ ਮਿਲੇ ਕੁਮੈਂਟ ਉੱਤੇ ਹੀ ਆਧਾਰਿਤ ਝੂਠ ਦੀ ਜ਼ਿੰਦਗੀ ਬਤੀਤ ਕਰਦੇ ਰਹਿੰਦੇ ਹਨ।

ਝੂਠ ਦੇ ਗਿਲਾਫ਼ ਹੇਠ ਅੱਜ ਦੇ ਦਿਨ ਲੱਖਾਂ ਲੋਕ ਆਪਣੀਆਂ ਸੱਧਰਾਂ ਦੱਬ ਕੇ ਜ਼ਿੰਦਗੀ ਲੰਘਾ ਰਹੇ ਹਨ। ਬਥੇਰੇ ਤਣਾਓ ਸਹੇੜ ਕੇ ਸਰੀਰ ਅਤੇ ਮਨ ਨੂੰ ਰੋਗੀ ਬਣਾ ਰਹੇ ਹਨ।

ਸੰਨ 2014 ਵਿਚ 'ਪਿਊ ਰਿਸਰਚ ਸੈਂਟਰ' ਵਿਚ ਸਪੱਸ਼ਟ ਹੋਇਆ ਕਿ ਹਰ ਪੰਜ ਇੰਟਰਨੈੱਟ ਵਰਤਣ ਵਾਲਿਆਂ ਵਿੱਚੋਂ ਇੱਕ ਜ਼ਰੂਰ ਮਾੜੇ 'ਕੁਮੈਂਟ' ਸਦਕਾ ਢਹਿੰਦੀ ਕਲਾ ਵੱਲ ਜਾ ਰਿਹਾ ਹੈ।

ਲੋਕ ਕੀ ਕਹਿਣਗੇ ਆਖ਼ਰ ਦਿਮਾਗ਼ ਨੂੰ ਘੇਰਦਾ ਕਿਵੇਂ ਹੈ:-

"ਲੋਕੋਂ ਵਿਚ ਅਣਗਿਣਤ ਅਣਪਛਾਤੇ ਲੋਕ ਸ਼ਾਮਲ ਹੁੰਦੇ ਹਨ। ਉਨਾਂ ਲੋਕਾਂ ਨੂੰ ਚੁੱਪ ਕਰਵਾਉਣਾ ਅਸੰਭਵ ਹੁੰਦਾ ਹੈ। ਇਹ ਲੋਕ ਸਾਡੇ ਕਾਬੂ ਵਿਚ ਨਹੀਂ ਹੁੰਦੇ। ਇਹੀ ਲੋਕ ਆਪਣੀਆਂ ਖ਼ਾਮੀਆਂ ਨੂੰ ਲੁਕਾਉਣ ਲਈ ਦਿਲ ਦੀ ਭੜਾਸ ਕੱਢਦੇ ਰਹਿੰਦੇ ਹਨ ਤੇ ਹੋਰਨਾਂ ਨੂੰ ਭੰਡਦੇ ਰਹਿੰਦੇ ਹਨ। ਕੁੱਝ ਲੋਕ ਕਿਸੇ ਹੋਰ ਦਾ ਗੁੱਸਾ ਕੱਢਣ ਲਈ ਵੀ ਥਾਂ ਭਾਲਦੇ ਹੁੰਦੇ ਹਨ ਅਤੇ ਕਿਸੇ ਵੀ ਦੂਜੇ ਨੂੰ ਨੀਵਾਂ ਵਿਖਾ ਕੇ ਮਨ ਸ਼ਾਂਤ ਕਰ ਲੈਂਦੇ ਹਨ।

ਅਜਿਹੇ ਕੁਮੈਂਟ ਵਿਚ ਬਹੁਤ ਡੂੰਘਿਆਈ ਨਹੀਂ ਹੁੰਦੀ। ਇਹ ਸਿਰਫ਼ ਬੇਕਾਬੂ ਜਬਾਨ ਦਾ ਹੀ ਤਿਲਕਣਾ ਮੰਨਿਆ ਗਿਆ ਹੈ। ਬਹੁਤੀ ਵਾਰ ਇਹ ਲੋਕ ਆਪ ਵੀ ਸਧਰਾਂ ਘੁੱਟ ਕੇ ਜੀਅ ਰਹੇ ਹੁੰਦੇ ਹਨ ਤੇ ਕਿਸੇ ਹੋਰ ਵਿਰੁੱਧ ਬੋਲ ਕੇ ਟੈਸਟ ਕਰ ਰਹੇ ਹੁੰਦੇ ਹਨ ਕਿ ਇਹ ਵੀ ਸਾਡੇ ਵਾਂਗ ਹੀ ਚੱਲੇਗਾ ਜਾਂ ਆਪਣੀ ਮਰਜ਼ੀ ਕਰਨ ਦੀ ਖੁੱਲ ਲੈ ਲਵੇਗਾ। ਜੇ ਖੁੱਲ ਲੈ ਲਵੇ ਤਾਂ ਬਥੇਰੀ ਵਾਰ ਕੂਮੈਂਟ ਕੱਸਣ ਵਾਲਾ ਆਪ ਵੀ ਆਪਣੀ ਮਰਜ਼ੀ ਕਰਨ ਦੀ ਖੁੱਲ ਲੈਣ ਲੱਗ ਪੈਂਦਾ ਹੈ ਤੇ 'ਲੋਕ ਕੀ ਕਹਿਣਗੇ' ਤੋਂ ਘਬਰਾਉਣਾ ਛੱਡ ਦਿੰਦਾ ਹੈ। ਜ਼ਿਆਦਾਤਰ ਕੂਮੈਂਟ ਕੱਸਣ ਵਾਲੇ ਘੱਟ ਪੜ੍ਹੇ-ਲਿਖੇ ਅਤੇ ਘੱਟ ਸੂਝ ਵਾਲੇ ਹੁੰਦੇ ਹਨ।ਬਥੇਰੀ ਵਾਰ ਬਹੁਤਾ ਕੰਮਕਾਰ ਨਾ ਹੋਣ ਕਾਰਨ ਵਿਹਲੇ ਵੀ ਹੁੰਦੇ ਹਨ।

**ਦਿਮਾਗ਼ ਉੱਤੇ ਅਸਰ ਕੀ ਪੈਂਦਾ ਹੈ ?**

ਕਿਸੇ ਵੱਲੋਂ ਮਿਲੀ ਤਰੀਫ਼ ਸਾਡੇ ਦਿਮਾਗ਼ ਅੰਦਰਲੀ ਡੋਪਾਮੀਨ ਨੂੰ ਵਧਾ ਕੇ ਸਾਨੂੰ ਇਸ ਦੀ ਆਦੀ ਬਣਾ ਦਿੰਦੀ ਹੈ ਜੋ ਸਾਨੂੰ ਨਿੱਕੀ ਮੋਟੀ ਖ਼ੁਸ਼ੀ ਨਾਲ ਭਰ ਦਿੰਦੀ ਹੈ। ਇੰਜ ਹੀ ਮਾੜਾ ਸੁਣਨਾ ਸਾਨੂੰ ਦੁਖੀ ਕਰ ਦਿੰਦਾ ਹੈ।

ਇਹੀ ਕਾਰਨ ਹੈ ਕਿ ਨਿੱਕੀ ਜਿਹੀ ਖ਼ੁਸ਼ੀ, ਭਾਵੇਂ ਝੂਠ-ਮੂਠ ਦੀ ਤਾਰੀਫ਼ ਹੀ ਹੋਵੇ, ਸਾਨੂੰ ਲੈਣ ਵਿਚ ਮਜ਼ਾ ਆਉਣ ਲੱਗ ਪੈਂਦਾ ਹੈ।ਜੇ ਲਗਾਤਾਰ ਮਾੜਾ ਬੋਲਿਆ ਜਾਵੇ ਤਾਂ ਬੰਦਾ ਦੋ ਤਰੀਕੇ ਸਹਿੰਦਾ ਹੈ -ਪਹਿਲਾ, ਦੂਜੇ ਮੂੰਹੋਂ ਤਾਰੀਫ਼ ਸੁਣਨ ਲਈ ਉਸ ਅਨੁਸਾਰ ਆਪਣੀ ਜ਼ਿੰਦਗੀ ਢਾਲ ਕੇ ਆਪਣੀ ਮਰਜ਼ੀ ਖ਼ਤਮ ਕਰ ਲਈ ਜਾਵੇ ਤੇ ਦੂਜਾ, ਢੱਠੇ ਖੂਹ ਵਿਚ ਜਾਣ, ਮੈਨੂੰ ਕੀ, ਮੈਂ ਤਾਂ ਆਪਣੀ ਮਰਜ਼ੀ ਨਾਲ ਜ਼ਿੰਦਗੀ ਜੀਣੀ ਹੈ।

ਜਿਹੜੇ ਦੂਜੇ ਅਨੁਸਾਰ ਹੀ ਕਪੜੇ ਪਾਉਣੇ, ਤੁਰਨਾ, ਖਾਣਾ ਆਦਿ ਕਰਨ ਲੱਗ ਪੈਣ, ਉਨਾਂ ਨੂੰ ਘਬਰਾਹਟ, ਧਿਆਨ ਨਾ ਲਾ ਸਕਣਾ, ਤਣਾਓ, ਵਾਰ-ਵਾਰ ਕਾਹਲ ਪੈਣ ਲੱਗ ਜਾਣੀ, ਇੱਕੋ ਗੱਲ ਉੱਤੇ ਅੜੇ ਰਹਿਣਾ, ਚੀਜ਼ਾਂ ਬਾਰੇ ਭੁੱਲਣ ਲੱਗ ਪੈਣਾ, ਧਿਆਨ ਨਾਲ ਕੰਮ ਨਾ ਕਰ ਸਕਣਾ ਵਰਗੇ ਲੱਛਣ ਹੋਣ ਲੱਗ ਪੈਂਦੇ ਹਨ।

ਕੁੱਝ ਜਣੇ ਭਾਰ ਘਟਾਉਣ ਲਈ ਉੱਕਾ ਹੀ ਖਾਣਾ ਛੱਡ ਦਿੰਦੇ ਹਨ ਤੇ ਕੁੱਝ ਖਾਣ ਬਾਅਦ ਸੰਘ ਵਿਚ ਉਂਗਲ ਮਾਰ ਕੇ ਉਲਟੀ ਕਰ ਦਿੰਦੇ ਹਨ। ਕੁੱਝ ਨਸ਼ੇ ਕਰਨ ਲੱਗ ਪੈਂਦੇ ਹਨ ਅਤੇ ਕੁੱਝ ਲੋੜੋਂ ਵੱਧ ਸਮਾਂ ਸਿਰਫ਼ ਸ਼ੀਸ਼ੇ ਅੱਗੇ ਖਲੋ ਕੇ ਆਪਣੀ ਦਿੱਖ ਵਧੀਆ ਬਣਾਉਣ ਵਿਚ ਹੀ ਲੱਗੇ ਰਹਿ ਜਾਂਦੇ ਹਨ।

**ਕਿਵੇਂ ਨਜਿੱਠੀਏ ?**

ਕੁੱਝ ਲੋਕਾਂ ਦੀ ਹੋਂਦ ਹੀ ਸਿਰਫ਼ ਦੂਜੇ ਨੂੰ ਮਾੜਾ ਕਹਿਣ ਵਾਲੀ ਹੁੰਦੀ ਹੈ ਕਿਉਂਕਿ ਉਨਾਂ ਨੇ ਜ਼ਿੰਦਗੀ ਭਰ ਨਾ ਕੁੱਝ ਹਾਸਲ ਕੀਤਾ ਹੁੰਦਾ ਹੈ ਤੇ ਨਾ ਹੀ ਕਰ ਸਕਣਾ ਹੁੰਦਾ ਹੈ। ਅਜਿਹੇ ਲੋਕਾਂ ਨੂੰ ਇੱਕ ਵਾਰ ਸੁਣ ਕੇ, ਮੁਸਕਰਾ ਕੇ ਦੁਬਾਰਾ ਆਪਣਾ ਦਿਮਾਗ਼ ਨਹੀਂ ਮਲਣ ਦੇਣਾ ਚਾਹੀਦਾ। ਉਨਾਂ ਨੂੰ ਤਰਸ ਦਾ ਪਾਤਰ ਮੰਨ ਕੇ ਆਪਣੇ ਦਿਮਾਗ਼ ਨੂੰ ਸਹਿਜ ਕਰ ਲੈਣਾ ਚਾਹੀਦਾ ਹੈ। ਕਿਸੇ ਹੋਰ ਅਨੁਸਾਰ ਆਪਣੀ ਬੇਸ਼ਕੀਮਤੀ ਜ਼ਿੰਦਗੀ ਬਿਲਕੁਲ ਨਹੀਂ ਜੀਣੀ ਚਾਹੀਦੀ।

**ਆਪਣੇ ਆਪ ਨੂੰ ਸਵਾਲ ਪੁੱਛੋ :-**

ਕੀ ਮੇਰੇ ਅਤੇ ਮੇਰੇ ਵਿਰੁੱਧ ਬੋਲਣ ਵਾਲੇ ਦੇ ਨੱਕ, ਕੰਨ ਦੀ ਬਣਤਰ, ਭਾਰ, ਵਾਲ, ਨੌਕਰੀ, ਘਰ, ਰਿਸ਼ਤੇਦਾਰ, ਸਭ ਇੱਕੋ ਜਿਹੇ ਹਨ ? ਜੇ ਨਹੀਂ ਤਾਂ ਸੋਚ ਇੱਕ ਕਿਵੇਂ ਹੋ ਸਕਦੀ ਹੈ ? ਜੇ ਮੈਨੂੰ ਲਾਲ ਰੰਗ ਪਸੰਦ ਹੈ ਤਾਂ ਦੂਜੇ ਨੂੰ ਨੀਲਾ ਪਸੰਦ ਹੋ ਸਕਦਾ ਹੈ।ਮੈਨੂੰ ਚਿੱਟੇ ਵਾਲ ਪਸੰਦ ਹਨ ਤਾਂ ਦੂਜੇ ਨੂੰ ਕਾਲੇ ਪਸੰਦ ਹੋ ਸਕਦੇ ਹਨ।

ਮੈਂ ਭਲਾ ਦੂਜੇ ਦੀ ਪਸੰਦ ਕਿਉਂ ਆਪਣੇ ਉੱਪਰ ਲੱਦਾਂ ? ਮੈਨੂੰ ਕੁੜਤੇ ਪਜਾਮੇ ਵਿੱਚ ਬਾਹਰ ਨਿਕਲਣਾ ਚੰਗਾ ਲੱਗਦਾ ਹੈ ਤਾਂ ਜ਼ਰੂਰ ਕਿਉਂ ਟਾਈ ਪਾ ਕੇ ਨਿਕਲਾਂ ? ਮੈਨੂੰ ਸਲਵਾਰ ਪਸੰਦ ਹੈ ਤਾਂ ਜ਼ਰੂਰ ਜੀਨ ਕਿਉਂ ਪਾਵਾਂ ? ਕੀ ਮੈਨੂੰ ਕੁਮੈਂਟ ਕੱਸਣ ਵਾਲਾ ਕਦੇ ਮੇਰੀ ਪਸੰਦ ਅਨੁਸਾਰ ਆਪਣੇ ਆਪ ਨੂੰ ਢਾਲ ਸਕਿਆ ਹੈ ? ਜੇ ਨਹੀਂ ਤਾਂ ਮੈਂ ਕਿਉਂ ਉਸ ਅਨੁਸਾਰ ਚੱਲਾਂ ?

ਜੇ ਕੋਈ ਮਾੜਾ ਬੋਲ ਰਿਹਾ ਹੈ ਤਾਂ ਉਸ ਨੂੰ ਧੰਨਵਾਦ ਜ਼ਰੂਰ ਕਹੋ। ਇੰਜ ਆਪ ਮਾੜੀ ਸ਼ਬਦਾਵਲੀ ਬੋਲਣ ਤੋਂ ਪਰਹੇਜ਼ ਹੋ ਜਾਂਦਾ ਹੈ ਅਤੇ ਦੂਜਾ ਵੀ ਸ਼ਰਮਿੰਦਾ ਹੋ ਜਾਂਦਾ ਹੈ।

"ਤੁਹਾਡੇ ਸੁਝਾਓ ਲਈ ਧੰਨਵਾਦੋਂ ਕਹਿਣ ਨਾਲ ਆਪਣੇ ਦਿਮਾਗ਼ ਉੱਤੇ ਵਾਧੂ ਬੋਝ ਪੈਣ ਤੋਂ ਵੀ ਬਚਾਓ ਹੋ ਜਾਂਦਾ ਹੈ।

ਵੱਖ ਰਸਤਾ ਚੁਣਨ ਵਾਲੇ ਹਮੇਸ਼ਾ ਹੀ ਵਿਰੋਧ ਸਹਿੰਦੇ ਰਹੇ ਹਨ ਪਰ ਉਨਾਂ ਤੇ ਪਿੱਛੇ ਚੱਲਣ ਵਾਲੇ ਵੀ ਹਰ ਸਦੀ ਵਿਚ ਪੈਦਾ ਹੁੰਦੇ ਰਹੇ ਹਨ। ਜੇ ਬਜ਼ੁਰਗ ਹੋ ਤੇ ਗੂੜੇ ਰੰਗ ਪਾਉਣੇ ਪਸੰਦ ਹਨ ਤਾਂ ਜ਼ਰੂਰ ਪਾਓ। ਹੁਣ ਤਾਂ ਬਜ਼ੁਰਗਾਂ ਲਈ ਖ਼ਾਸ ਤੌਰ ਉੱਤੇ ਕਪੜਿਆਂ ਦੇ ਸਟੋਰ ਖੁੱਲ ਚੁੱਕੇ ਹਨ ਜਿੱਥੇ ਗੂੜੇ ਰੰਗ ਦੇ ਕਪੜੇ ਹੀ ਮਿਲਦੇ ਹਨ।

ਇੰਜ ਹੀ ਜੇ ਮੋਟਾਪਾ ਹੈ ਤਾਂ ਵੱਡੇ ਸਾਈਜ਼ ਦੇ ਕਪੜੇ ਮਿਲਦੇ ਹਨ। ਜ਼ਰੂਰੀ ਨਹੀਂ ਹੈ ਕਿ ਕਿਸੇ ਦੇ ਕਹਿਣ ਸਦਕਾ ਪਤਲੇ ਹੋਣ ਲਈ ਰੋਟੀ ਖਾਣੀ ਛੱਡ ਦਿੱਤੀ ਜਾਵੇ। ਜੇ ਰੰਗ ਕਾਲਾ ਹੈ ਤਾਂ ਫਿਰ ਕੀ ਹੋਇਆ ? ਕਰੀਮਾਂ ਮਲ ਕੇ ਚਿੱਟੇ ਹੋਣ ਦੀ ਲੋੜ ਨਹੀਂ ਹੈ। ਕਾਲਾ ਰੰਗ ਵੀ ਬੇਹਦ ਖ਼ੂਬਸੂਰਤ ਹੋ ਸਕਦਾ ਹੈ।

ਕਿਸੇ ਦੇ ਮਾੜੇ ਕੂਮੈਂਟ ਨਾਲ ਦਿਲ ਦੁਖਿਆ ਹੋਵੇ ਤਾਂ ਵੀ 24 ਘੰਟੇ ਤੱਕ ਵਾਪਸ ਜਵਾਬ ਨਹੀਂ ਦੇਣਾ ਚਾਹੀਦਾ। ਉਸ ਤੋਂ ਬਾਅਦ ਸੋਚੋ ਕਿ ਅਗਲਾ ਇਸ ਕਾਬਲ ਹੈ ਵੀ ਕਿ ਮੈਂ ਵਾਪਸ ਕੁੱਝ ਬੋਲਾਂ ਜਾਂ ਆਪਣਾ ਵਕਤ ਸਾਰਥਕ ਕੰਮਾਂ ਵੱਲ ਲਾ ਲਵਾਂ।

ਕਈ ਵਾਰ ਲੋਕਾਂ ਵੱਲੋਂ ਕਹੀਆਂ ਗੱਲਾਂ ਜ਼ਿੰਦਗੀ ਦਾ ਬੇਸ਼ਕੀਮਤੀ ਤਜਰਬਾ ਵੀ ਬਣ ਜਾਇਆ ਕਰਦੀਆਂ ਹਨ। ਇਸੇ ਲਈ ਉਨਾਂ ਵਿਚੋਂ ਹੀ ਕਈ ਵਾਰ ਕੁੱਝ ਸਿੱਖਣ ਨੂੰ ਮਿਲ ਜਾਂਦਾ ਹੈ। ਮਿਸਾਲ ਵਜੋਂ, ਜੇ ਮੈਨੂੰ ਇਹ ਸੁਣਨਾ ਮਾੜਾ ਲੱਗਦਾ ਹੈ ਤਾਂ ਮੈਂ ਕਿਸੇ ਹੋਰ ਨੂੰ ਇੰਝ ਨਹੀਂ ਕਹਾਂਗਾ।

ਕਈ ਵਾਰ ਕੰਮ ਵਿਚ ਰੁੱਝਿਆਂ ਕੋਲੋਂ ਕੁੱਝ ਗੱਲਾਂ ਅੱਖੋਂ-ਪਰੋਖੇ ਹੋ ਜਾਂਦੀਆਂ ਹਨ। ਇਸੇ ਲਈ ਲੋਕਾਂ ਵੱਲੋਂ ਕਹੀਆਂ ਗੱਲਾਂ ਵਿੱਚੋਂ ਕੁੱਝ ਅਜਿਹਾ ਲੱਭ ਜਾਏ ਤਾਂ ਆਪਣੇ ਆਪ ਨੂੰ ਰਤਾ ਮਾਸਾ ਤਬਦੀਲ ਕਰ ਕੇ ਵੀ ਬਿਹਤਰ ਕੀਤਾ ਜਾ ਸਕਦਾ ਹੈ।

ਬੇਟੀਆਂ ਲਈ ਤਾਂ ਮੈਂ ਇਹੀ ਕਹਿ ਸਕਦੀ ਹਾਂ:- ਬੇਟੀ ਤੂੰ ਜ਼ਿੰਦਗੀ ਆਪਣੀ ਮਰਜ਼ੀ ਨਾਲ ਜੀਵੀਂ। ਜਿਨਾਂ ਨੇ ਤੇਰੇ ਜੰਮਣ ਉੱਤੇ ਸਵਾਲ ਚੁੱਕੇ ਸੀ, ਉਹੀ ਹੁਣ ਤੈਨੂੰ ਪਰੰਪਰਾਵਾਂ ਵਿਖਾਉਣਗੇ।

ਤੇਰੀਆਂ ਖ਼ੁਸ਼ੀਆਂ ਤੇ ਸਧਰਾਂ ਮਿੱਧ ਕੇ,<br>
ਉਹ ਤੈਨੂੰ ਦੇਵੀ ਬਣਾਉਣਗੇ,<br>
ਤੇ ਫਿਰ ਕੁਰਬਾਨ ਕਰ ਦੇਣਗੇ।<br>
ਉਨਾਂ ਝੂਠੇ ਦਿਲਾਸਿਆਂ ਵਿਚ, ਆਪਣੇ ਹਾਸੇ ਨਾ ਕਦੇ ਵੀ ਗੁਆਈਂ।<br>
ਜਿਨਾਂ ਰਿਸ਼ਤਿਆਂ ਵਿਚ ਪਿਆਰ ਨਾ ਹੋਵੇ, ਉਨਾਂ ਰਿਸ਼ਤਿਆਂ ਲਈ ਸਤੀ ਨਾ ਹੋਈਂ। ਇਸ ਝੂਠੇ ਸੰਸਾਰ ਲਈ ਹੰਝੂ ਅਜਾਈਂ ਨਾ ਵਹਾਈਂ,<br>
ਬੇਟੀ ਤੂੰ ਜ਼ਿੰਦਗੀ ਆਪਣੀ ਮਰਜ਼ੀ ਨਾਲ ਜੀਵੀਂ।<br>
ਸਮਾਜ ਦੇ ਠੇਕੇਦਾਰਾਂ ਨੇ ਰੱਬ ਵੀ ਨਹੀਂ ਛੱਡਿਆ<br>
ਉਹ ਤੇਰੀ ਹਰ ਚੀਜ਼ ਦਾ ਠੇਕਾ ਲੈਣਗੇ<br>
ਤੇਰੇ ਧਰਮ ਦਾ, ਤੇਰੀ ਸ਼ਰਮ ਦਾ,<br>
ਤੇਰੇ ਪਹਿਰਾਵੇ ਦਾ, ਤੇਰੇ ਜਿਸਮ ਦਾ,<br>
ਉਨਾਂ ਵੱਲੋਂ ਲਾਈਆਂ ਵਲਗਣਾਂ ਤੇ ਦੁਖੀ ਨਾ ਹੋਈਂ<br>
ਬੇਟੀ ਤੂੰ ਜ਼ਿੰਦਗੀ ਆਪਣੀ ਜ਼ਿੰਦਗੀ ਮਰਜ਼ੀ ਨਾਲ ਜੀਵੀਂ।

ਸਾਰ :-

ਜ਼ਿੰਦਗੀ ਇੱਕ ਵਾਰ ਹੀ ਮਿਲਣੀ ਹੈ ਤੇ ਇਸ ਨੂੰ ਖੁੱਲ ਕੇ ਆਪਣੀ ਮਰਜ਼ੀ ਨਾਲ ਜਿਊਣ ਦਾ ਸਭ ਨੂੰ ਅਧਿਕਾਰ ਹੈ। ਚੰਗੇ ਵਿਚਾਰ ਜ਼ਿੰਦਗੀ ਨੂੰ ਖ਼ੁਸ਼ੀ ਨਾਲ ਭਰ ਦਿੰਦੇ ਹਨ। ਜੋ ਸਮਾਂ ਲੰਘ ਗਿਆ, ਵਾਪਸ ਨਹੀਂ ਆਉਣਾ। ਭਵਿੱਖ ਦਾ ਪਤਾ ਨਹੀਂ, ਪਰ ਸਾਡਾ ਅੱਜ ਸਾਡੇ ਹੱਥ ਵਿੱਚ ਹੈ। ਇਸੇ ਲਈ ਆਪਣੇ ਅੱਜ ਨੂੰ ਰੱਜ ਕੇ ਮਾਣ ਲੈਣਾ ਚਾਹੀਦਾ ਹੈ।

ਜ਼ਿੰਦਗੀ ਦੇ ਸੀਮਤ ਸਮੇਂ ਨੂੰ ਹੋਰਨਾਂ ਨੇ ਮੇਰੇ ਬਾਰੇ ਕੀ ਕਿਹਾ, ਸੋਚ ਕੇ ਅਜਾਈਂ ਨਹੀਂ ਗੁਆਉਣਾ ਚਾਹੀਦਾ। ਲੋਕ ਤਾਂ ਸਾਡੇ ਮਰ ਜਾਣ ਤੋਂ ਬਾਅਦ ਵੀ ਬੋਲਦੇ ਰਹਿਣਗੇ।ਇਸੇ ਲਈ ਆਪਣੀ ਜ਼ਿੰਦਗੀ ਵੱਲ ਧਿਆਨ ਕਰੀਏ ਤੇ ਇਸ ਨੂੰ ਲੋੜਵੰਦਾਂ ਦੀ ਮਦਦ ਕਰ ਕੇ ਆਪਣੇ ਲਈ ਖ਼ੁਸ਼ੀ ਦੇ ਪਲ ਇਕੱਠੇ ਕਰ ਲਈਏ। ਰੱਜ ਕੇ ਹੱਸੀਏ, ਖਿੜਖਿੜਾਈਏ, ਨੱਚੀਏ, ਗਾਈਏ ਤੇ ਰੱਬ ਦਾ ਸ਼ੁਕਰ ਕਰਦੇ ਰਹੀਏ ਪਰ ਕਿਸੇ ਨਿਮਾਣੇ ਦਾ ਦਿਲ ਦੁਖਾ ਕੇ ਨਹੀਂ। ਦੁਖ ਸਿਰਫ਼ ਦੂਜੇ ਨਾਲ ਮੇਚਣ ਉੱਤੇ ਹੀ ਮਹਿਸੂਸ ਹੁੰਦਾ ਹੈ। ਇਸੇ ਲਈ ਦੂਜੇ ਨਾਲ ਤੁਲਨਾ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ।

ਜੇ ਅਸੀਂ 'ਲੋਕ ਕੀ ਕਹਿਣਗੇ' ਨੂੰ ਭੁੱਲ ਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਹੋਰਨਾਂ ਬਾਰੇ ਕੁੱਝ ਨਾ ਕਹਿਣ ਦਾ ਵੱਲ ਸਿੱਖਣਾ ਪਵੇਗਾ ਤਾਂ ਜੋ ਹੋਰਨਾਂ ਲਈ ਅਸੀਂ ਉਹੀ 'ਲੋਕ' ਨਾ ਬਣ ਜਾਈਏ।

ਸੋ, ਖ਼ੁਸ਼ ਰਹੋ, ਆਬਾਦ ਰਹੋ ਤੇ ਖੇੜੇ ਵੰਡਦੇ ਰਹੋ।



# ਮਿੰਨੀ ਕਹਾਣੀਆਂ

## ਬੂਟਾਂ ਦੀ ਮਹਿਕ

ਮੇਰੀ ਬੇਟੀ ਦੀ ਨਵੀਂ ਨਵੀਂ ਨੌਕਰੀ ਲੱਗੀ ਸੀ। ਉਸ ਦੀ ਪਹਿਲੀ ਤਨਖ਼ਾਹ ਆਈ ਤੇ ਉਹ ਉਸ ਵਿਚੋਂ ਮੈਨੂੰ ਕੋਈ ਤੋਹਫ਼ਾ ਲੈ ਕੇ ਦੇਣਾ ਚਾਹੁੰਦੀ ਸੀ। ਮੇਰੀ ਉਨਾਂ ਦਿਨਾਂ ਵਿਚ ਬੂਟ ਲੈਣ ਦੀ ਵਿਉਂਤ ਸੀ, ਮੈਂ ਸੋਚਿਆ ਬੂਟ ਹੀ ਲੈ ਲੈਂਦੇ ਹਾਂ, ਉਸ ਵੱਲੋਂ ਤੋਹਫ਼ਾ ਵੀ ਹੋ ਜਾਵੇਗਾ ਅਤੇ ਮੇਰਾ ਬੁੱਤਾ ਵੀ ਸਰ ਜਾਵੇਗਾ। ਸਾਧਾਰਨ ਆਰਥਿਕਤਾ ਵਾਲੇ ਪਰਿਵਾਰਾਂ ਵਿਚ ਇਹ ਸੋਚ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਬੁੱਤਾ ਸਰ ਜਾਵੇ।

ਮੈਂ ਉਸ ਨੂੰ ਪੁੱਛਿਆ, 'ਤੇਰਾ ਬੱਜਟ ਕਿੰਨਾ ਹੈ ?' ਉਹ ਝੱਟ ਬੋਲੀ, 'ਜਿੰਨੀ ਮੇਰੀ ਤਨਖ਼ਾਹ ਹੈ, ਓਨੇ ਤੱਕ ਕੁਝ ਵੀ ਲੈ ਲਵੋ।' ਮੈਂ ਉਸ ਨਾਲ ਬਾਜ਼ਾਰ ਜਾ ਕੇ ਬੂਟਾਂ ਵਾਲੀ ਦੁਕਾਨ 'ਤੇ ਪਹੁੰਚਿਆ। ਦੇਖਿਆ ਜਿਨਾਂ ਬੂਟਾਂ 'ਤੇ ਸੇਲ ਲੱਗੀ ਹੋਈ ਸੀ, ਉਨਾਂ ਵਿਚੋਂ ਚੰਗੀ ਕੰਪਨੀ ਦਾ ਇਕ ਜੋੜਾ ਪਸੰਦ ਕਰ ਲਿਆ। ਫਿਰ ਉਹ ਹੀ ਸਾਧਾਰਨ ਆਰਥਿਕਤਾ ਵਾਲੇ ਪਰਿਵਾਰਾਂ ਵਾਲੀ ਗੱਲ ਕਿ ਬੇਟੀ ਦੇ ਘੱਟ ਤੋਂ ਘੱਟ ਪੈਸੇ ਲੱਗਣ। ਹਾਲਾਂਕਿ ਉਹ ਹੋਰ ਵੀ ਪੈਸੇ ਲਾਉਣ ਨੂੰ ਤਿਆਰ ਸੀ।

ਉਹ ਕਾਲੇ ਰੰਗ ਦੇ ਬੂਟ, ਮੈਂ ਦਫ਼ਤਰ ਵਿਚ ਆਪਣੇ ਦੂਜੇ ਬੂਟਾਂ ਨਾਲੋਂ ਵੱਧ ਪਾ ਕੇ ਜਾਂਦਾ ਸੀ। ਉਹ ਬੂਟ ਮੇਰੇ ਮਨਪਸੰਦ ਸਨ। ਉਨਾਂ ਵਿਚੋਂ ਸ਼ਾਇਦ ਆਪਣੇਪਣ ਦੀ ਮਹਿਕ ਆਉਂਦੀ ਸੀ।

ਬੇਟੀ ਦਾ ਵਿਆਹ ਹੋ ਗਿਆ ਤੇ ਉਹ ਆਪਣੇ ਸਹੁਰੇ ਘਰ ਚਲੀ ਗਈ। ਮੈਂ ਉਸ ਵੱਲੋਂ ਦਿੱਤੇ ਹੋਏ ਬੂਟ ਬਹੁਤ ਹੀ ਰੀਝ ਨਾਲ ਹੰਢਾਏ। ਤਿੰਨ ਚਾਰ ਸਾਲ ਹੰਢਾਉਣ ਤੋਂ ਬਾਅਦ ਇਕ ਵਾਰ ਮੀਂਹ ਵਾਲੇ ਦਿਨ ਸੜਕ 'ਤੇ ਤੁਰਦਿਆਂ

ਉਨਾਂ ਬੂਟਾਂ ਵਿਚ ਪਾਣੀ ਵੜ ਗਿਆ। ਘਰ ਆ ਕੇ ਵੇਖਿਆ ਤਾਂ ਬੂਟਾਂ ਦਾ ਤਲਾ ਤਿੜਕ ਗਿਆ ਸੀ, ਉਪਰੋਂ ਇਹ ਬਿਲਕੁਲ ਸਾਫ਼ ਤੇ ਵਧੀਆ ਸਨ। ਮੈਂ ਸੋਚਿਆ, ਚਲੋ ਹੁਣ ਬਹੁਤ ਹੰਢਾ ਲਏ ਹਨ, ਇਸ ਲਈ ਇਨਾਂ ਨੂੰ ਵਿਦਾ ਕਰ ਦਿੱਤਾ ਜਾਵੇ।

ਬੂਟਾਂ ਦੀ ਵਿਦਾਈ ਨਾਲ ਬੇਟੀ ਦੀ ਵਿਦਾਈ ਦੀ ਯਾਦ ਵੀ ਤਾਜ਼ਾ ਹੋ ਗਈ, ਸਾਰੇ ਪਿਛਲੇ ਸੀਨ ਅੱਖਾਂ ਸਾਹਮਣੇ ਆ ਗਏ। ਬੇਟੀ ਨੂੰ ਫੋਨ ਮਿਲਾਇਆ। ਦੱਸਿਆ ਕਿ ਤੇਰੇ ਦਿੱਤੇ ਹੋਏ ਬਟੂ ਹੁਣ ਟੁੱਟੇ ਹਨ। ਉਸ ਨੂੰ ਵੀ ਯਾਦ ਆ ਗਿਆ। ਕਹਿੰਦੀ, 'ਹਾਲੇ ਤੱਕ ਤੁਸੀਂ ਉਹ ਬੂਟ ਹੰਢਾ ਰਹੇ ਸੀ!' ਉਸ ਝੱਟ ਕਿਹਾ, 'ਤੁਸੀਂ ਔਨਲਾਈਨ ਕੋਈ ਹੋਰ ਬੂਟ ਪਸੰਦ ਕਰੋ, ਮੈਂ ਫਿਰ ਭੇਜਾਂਗੀ।' ਫਿਰ ਉਸ ਨੇ ਮੈਸੇਜ ਵੀ ਲਿਖ ਕੇ ਮੈਨੂੰ ਭੇਜਿਆ: 'ਜ਼ਰੂਰ ਪਸੰਦ ਕਰ ਕੇ ਮੈਨੂੰ ਭੇਜਣਾ। ਪੇਮੈਂਟ ਮੈਂ ਕਰਾਂਗੀ।'

**- ਭੁਪਿੰਦਰ ਸਿੰਘ 'ਮੋਗਾ'**

## ਸਾਹਿਬ, ਚਪੜਾਸੀ ਤੇ ਅਸੀਂ

ਸਾਹਿਬ ਜਾਤੀ ਪੱਧਰ 'ਤੇ ਨਾ ਤਾਂ ਉਪਰ ਸਨ ਤੇ ਨਾ ਹੇਠਾਂ, ਸਮਝ ਲਉ ਵਿਚ ਵਿਚਕਾਰ ਸਨ। ਪਰ ਮੁਸ਼ਕਿਲ ਇਹ ਸੀ ਕਿ ਚਪੜਾਸੀ ਵਰਨ ਆਸ਼ਰਮ ਪ੍ਰਣਾਲੀ ਵਿਚ ਅਖੌਤੀ ਉੱਚਾ ਦਰਜਾ ਰੱਖਦੀ ਜਾਤ ਨਾਲ ਸਬੰਧਤ ਸੀ।

ਸਾਹਿਬ ਦੇ ਉੱਤੇ ਇਕ ਹੋਰ ਸਾਹਿਬ ਸੀ ਜੋ ਦਫ਼ਤਰ ਦਾ ਮੁਖੀ ਸੀ। ਵਧੇਰੇ ਕਰਕੇ ਉਹ ਚੁੱਪ ਰਹਿੰਦਾ, ਪਰ ਸਾਰੇ ਦਫ਼ਤਰ ਨੂੰ ਪਤਾ ਸੀ ਕਿ ਚਪੜਾਸੀ ਉਸ ਦਾ ਬਹੁਤ ਚਹੇਤਾ ਹੈ।

ਛੋਟੇ ਸਾਹਿਬ ਤੇ ਵੱਡੇ ਸਾਹਿਬ ਦੇ ਨੰਬਰ ਸ਼ੁਰੂ ਵਿਚ ਹੀ ਨਾ ਮਿਲੇ। ਇਸ ਦੇ ਪਿੱਛੇ ਹਜ਼ਾਰਾਂ ਕਾਰਨ ਹੋ ਸਕਦੇ ਹਨ। ਚਪੜਾਸੀ ਵੱਲੋਂ ਨਿਰੰਤਰ ਰੂਪ ਕੀਤੀ ਜਾਣ ਵਾਲੀ ਚੁਗਲੀ ਵੀ ਇਸ ਦਾ ਕਾਰਨ ਹੋ ਸਕਦੀ ਹੈ, ਪਰ ਇਸ ਬਾਰੇ ਪੱਕਾ ਨਹੀਂ ਕਿਹਾ ਜਾ ਸਕਦਾ।

ਛੋਟੇ ਸਾਹਿਬ ਜਿਸ ਖੇਤਰ ਤੋਂ ਬਦਲ ਕੇ ਆਏ ਹਨ ਉੱਧਰ ਚਪੜਾਸੀ ਲੋਕ ਸਾਹਿਬ ਲੋਕਾਂ ਦੇ ਘਰ ਦੇ ਕੰਮ ਕਰ ਦਿੰਦੇ ਸਨ। ਇਹ ਵੱਡਾ ਸ਼ਹਿਰ ਸੀ। ਇਸ ਲਈ ਇੱਥੇ ਉਨਾਂ ਤੋਂ ਅਜਿਹੀ ਉਮੀਦ ਨਹੀਂ ਕੀਤੀ ਜਾ ਸਕਦੀ। ਪਰ ਛੋਟੇ ਸਾਹਿਬ ਮੈਂ ਨਾ ਮਾਨੂੰ ਦੀ ਨੀਤੀ 'ਤੇ ਚੱਲਣ ਵਾਲੇ ਸਨ। ਚਪੜਾਸੀ ਨੂੰ ਕਦੇ ਕਦਾਈਂ ਘਰੇਲੂ ਕੰਮ ਕਹਿ ਬੈਠਦੇ ਜੋ ਹੁੰਦਾ ਤਾਂ ਕਦੇ ਨਹੀਂ ਸੀ। ਹਾਂ, ਵੱਡੇ ਸਾਹਿਬ ਕੋਲ ਸ਼ਿਕਾਇਤ ਜ਼ਰੂਰ ਪਹੁੰਚ ਜਾਂਦੀ।

ਇਹ ਗੱਲ ਹੈੱਡਕੁਆਰਟਰ ਤੱਕ ਨੂੰ ਪਤਾ ਸੀ ਕਿ ਦਫ਼ਤਰ ਵਿਚ ਬਹੁਤ ਸਾਰੇ ਜ਼ਰੂਰੀ ਕੰਮ ਬਕਾਇਆ ਪਏ ਹਨ। ਇਸ ਲਈ ਵੱਡੇ ਸਾਹਿਬ ਨੂੰ ਹਦਾਇਤਾਂ ਸੁਣਨੀਆਂ ਪੈਂਦੀਆ। ਪਰ ਚਪੜਾਸੀ ਇਸ ਗੱਲ ਦਾ ਹੀ ਪ੍ਰਚਾਰ ਕਰਦਾ ਕਿ ਇਸ ਲਈ ਜ਼ਿੰਮੇਵਾਰ ਛੋਟੇ ਸਾਹਿਬ ਹਨ। ਵੱਡੇ ਸਾਹਿਬ ਚਪੜਾਸੀ ਦੀ ਗੱਲ ਨਾਲ ਸਹਿਮਤ ਹਨ ਤਾਂ ਕਿੰਨੇ ਫ਼ੀਸਦੀ ਹਨ, ਉਨਾਂ ਦੀ ਸ਼ਕਲ ਵੇਖ ਕੇ ਇਸ ਬਾਰੇ ਕੁਝ ਨਹੀਂ ਕਿਹਾ ਸਕਦਾ। ਪਰ ਚਪੜਾਸੀ ਨੂੰ ਪੂਰੀ ਉਮੀਦ ਸੀ ਕਿ ਇਕ ਦਿਨ ਹੈੱਡਕੁਆਰਟਰ ਵੀ ਉਸ ਦੀ ਗੱਲ ਨਾਲ ਜ਼ਰੂਰ ਸਹਿਮਤ ਹੋ ਜਾਵੇਗਾ। ਫਿਰ ਹੈੱਡਕੁਆਰਟਰ ਵਿਚ ਬੈਠੇ ਹੋਰ ਵੀ ਵੱਡੇ ਸਾਹਿਬ ਚਪੜਾਸੀ ਦੇ ਸਹੁਰਿਆਂ ਤਰਫੋਂ ਰਿਸ਼ਤੇਦਾਰ ਸਨ ਤੇ ਇਸ ਰਿਸ਼ਤੇ ਦਾ ਪੂਰਾ ਲਿਹਾਜ਼ ਵੀ ਰੱਖਦੇ ਸਨ। ਚਪੜਾਸੀ ਇਹ ਗੱਲ ਗਾ ਗਾ ਕੇ ਦਫ਼ਤਰੀ ਬਾਬੂਆਂ ਨੂੰ ਹਜ਼ਾਰ ਵਾਰ ਦੱਸ ਚੁੱਕਾ ਸੀ। ਇਸ ਲਈ ਸਾਰਿਆਂ ਨੂੰ ਯਾਦ ਹੋ ਗਿਆ ਸੀ। ਹਾਲਾਂਕਿ ਜਦੋਂ ਉਹ ਵੱਡੇ ਸਾਹਿਬ ਦਫ਼ਤਰ ਦੇ ਦੌਰੇ 'ਤੇ ਆਏ ਸਨ ਤਾਂ ਚਪੜਾਸੀ ਦੀ ਜ਼ੋਰਦਾਰ ਨਮਸਤੇ ਦੇ ਜੁਆਬ ਵਿਚ ਉਨਾਂ ਦੀ ਗਰਦਨ ਏਨੀ ਘੱਟ ਹਿੱਲੀ ਕਿ ਪਤਾ ਹੀ ਨਾ ਲੱਗਿਆ ਕਿ ਇਹ ਦਿੱਤੇ ਸਤਿਕਾਰ ਦੇ ਜਵਾਬ ਵਿਚ ਹਿੱਲੀ ਹੈ ਜਾਂ ਅਚਾਨਕ ਹੀ ਹਿੱਲ ਗਈ ਹੈ।

ਮਾਰਚ ਮਹੀਨਾ ਨੇੜੇ ਸੀ ਤੇ ਉਪਰੋਂ ਬਕਾਇਆ ਕੰਮ ਨਿਪਟਾਉਣ ਦਾ ਸਖ਼ਤ ਆਦੇਸ਼ ਸੀ। ਸਰਪੰਚਾਂ ਦੀ ਪੁੱਛ-ਗਿੱਛ ਇਕਦਮ ਵਧ ਗਈ ਸੀ। ਠੇਕੇਦਾਰਾਂ ਦੇ ਖੰਭ ਨਿਕਲ ਆਏ ਸਨ। ਠੰਢ ਵਿਚ ਵੀ ਪਸੀਨਾ ਛੋਟੇ ਸਾਹਿਬ ਦੇ ਗੰਜੇ ਸਿਰ ਦੀ ਸ਼ੋਭਾ ਵਧਾਉਣ ਲੱਗਿਆ ਸੀ। ਚਪੜਾਸੀ ਮਿੰਟ ਮਿੰਟ ਬਾਅਦ ਵੱਡੇ ਸਾਹਿਬ ਦੇ ਕਮਰੇ ਵਿਚੋਂ ਅੰਦਰ ਬਾਹਰ ਹੋ ਰਿਹਾ ਸੀ।

ਲੰਚ ਤੋਂ ਥੋੜਾ ਪਹਿਲਾਂ ਛੋਟੇ ਸਾਹਿਬ ਨੇ ਚਪੜਾਸੀ ਨੂੰ ਆਪਣੇ ਕੁਆਰਟਰ ਵਿਚੋਂ ਰੋਟੀ ਵਾਲਾ ਡੱਬਾ ਲਿਆਉਣ ਲਈ ਕਿਹਾ ਤੇ ਨਾਲ ਹੀ ਇਹ ਹਦਾਇਤ ਵੀ ਕਰ ਦਿੱਤੀ ਕਿ ਗੈਸ ਬਾਲ ਕੇ ਕੌਲੀ ਵਿਚ ਥੋੜਾ ਦੇਸੀ ਘਿਉ ਵੀ ਗਰਮ ਕਰ ਲਿਆਵੇ, ਕਿਉਂਕਿ ਦੇਸੀ ਘਿਉ ਤੋਂ ਬਿਨਾਂ ਖਾਣਾ ਖਾਣ ਦਾ ਸੁਆਦ ਹੀ ਨਹੀਂ ਸੀ ਆਉਂਦਾ। ਚਪੜਾਸੀ ਜਿਹੋ ਜਿਹੀ ਨਫ਼ਰਤ ਤੇ ਬੇਚੈਨੀ ਨਾਲ ਉਨਾਂ ਵੱਲ ਵੇਖਦਿਆਂ ਗਿਆ ਸੀ, ਬਾਬੂਆਂ ਨੂੰ ਪੂਰੀ ਉਮੀਦ ਸੀ ਕਿ ਦੁਪਹਿਰ ਦੇ ਖਾਣੇ ਤੋਂ ਬਾਅਦ ਕੋਈ ਡਰਾਮਾ ਵੇਖਣ ਨੂੰ ਜ਼ਰੂਰ ਮਿਲੇਗਾ।

ਦੁਪਹਿਰ ਦੇ ਖਾਣੇ ਦਾ ਸਮਾਂ ਸਮਾਪਤ ਹੋ ਗਿਆ। ਚਪੜਾਸੀ ਦੀ ਕੋਈ ਉੱਘ-ਸੁੱਘ ਨਾ ਲੱਗੀ। ਲੰਚ ਖ਼ਤਮ ਹੁੰਦਿਆਂ ਹੀ ਵੱਡੇ ਸਾਹਿਬ ਨੇ ਛੋਟੇ ਸਾਹਿਬ ਨੂੰ ਸਰਵੇਅਰ ਨਾਲ ਫੀਲਡ ਵਿਚ ਜਾਣ ਦਾ ਹੁਕਮ ਸੁਣਾ ਦਿੱਤਾ। ਛੋਟੇ ਸਾਹਿਬ ਦੀਆਂ ਆਂਦਰਾਂ ਭੁੱਖ ਨਾਲ ਕੁਮਲਾਈਆਂ ਹੋਈਆਂ ਸਨ, ਨਹੀਂ ਤਾਂ ਉਹ ਵੱਡੇ ਸਾਹਿਬ ਕੋਲ ਜ਼ਿਕਰ ਨਾ ਹੀ ਕਰਦੇ। 'ਸਾਹਿਬ, ਚਲਾ ਤਾਂ ਜਾਂਦਾ ਹਾਂ ਪਰ ਚਪੜਾਸੀ ਨੂੰ ਕੁਆਰਟਰ ਭੇਜਿਆ ਸੀ ਟਿਫਨ ਲਿਆਉਣ ਲਈ... ਬਹੁਤ ਦੇਰ ਹੋ ਗਈ, ਵਾਪਸ ਨਹੀਂ ਆਇਆ। ਭੁੱਖ ਜ਼ੋਰ ਨਾਲ ਲੱਗੀ ਹੈ।'

ਵੱਡੇ ਸਾਹਿਬ ਨੇ ਨਾ ਬੋਲਣਾ ਸੀ ਤੇ ਨਾ ਬੋਲਿਆ। ਕਲਪੇ ਤੇ ਖਿਝੇ ਹੋਏ ਛੋਟੇ ਸਾਹਿਬ ਬਾਹਰ ਨਿਕਲੇ ਕਿ ਚਪੜਾਸੀ ਖਾਲੀ ਹੱਥ ਆਉਂਦਾ ਵਿਖਾਈ ਦਿੱਤਾ।

'ਇਹ ਕੀ, ਟਿਫਨ ਕਿੱਥੇ ਹੈ ?' ਸਾਹਿਬ ਦੀ ਆਵਾਜ਼ ਵਿਚ ਥੋੜੀ ਤਲਖ਼ੀ ਸੀ।

'ਸਫ਼ਾਈ ਵਾਲਾ ਭੇਜਿਆ ਸੀ ਤੁਹਾਡੇ ਕਮਰੇ ਵਿਚ, ਉਹ ਬੋਲਿਆ ਕਿ ਘਿਉ ਦੇ ਖੁੱਲੇ ਡੱਬੇ ਵਿਚ ਤਾਂ ਕੁੱਤੇ ਨੇ ਮੂੰਹ ਪਾ ਰੱਖਿਆ ਸੀ। ਤੁਸੀਂ ਖਿੜਕੀ ਖੁੱਲੀ ਹੀ ਛੱਡੇ ਆਏ ਸੀ ?'

'...ਤੇ ਟਿਫਨ ?' ਸਾਹਿਬ ਨੇ ਭੁੱਖ ਨਾਲ ਬੇਹਾਲ ਹੁੰਦਿਆਂ ਕਿਹਾ। 'ਉਹ ਮੈਂ ਸਫ਼ਾਈ ਵਾਲੇ ਨੂੰ ਕਹਿ ਦਿੱਤਾ ਕਿ ਤੂੰ ਖਾ ਲੈ... ਸਾਹਿਬ ਨੂੰ ਤਾਂ ਬਿਨਾਂ ਘਿਉ ਤੋਂ ਰੋਟੀ ਚੰਗੀ ਨਹੀਂ ਲੱਗਦੀ।'

ਛੋਟੇ ਸਾਹਿਬ ਨੇ ਉਸ ਵੱਲ ਗੁੱਸੇ ਨਾਲ ਵੇਖਿਆ, 'ਤੂੰ ਮੇਰਾ ਟਿਫਨ ਸਫ਼ਾਈ ਵਾਲੇ ਨੂੰ ਦੇ ਦਿੱਤਾ ?'

'ਤੁਸੀਂ ਕਿਹੜਾ ਬ੍ਰਾਹਮਣ ਹੋ... ਫਿਰ ਪੜੇ ਲਿਖੇ ਲੋਕ ਤਾਂ ਛੂਤਛਾਤ ਨੂੰ ਮੰਨਦੇ ਹੀ ਨਹੀਂ... ਇਹ ਗੱਲਾਂ ਤਾਂ ਸਾਡੇ ਵਰਗੇ ਅਨਪੜ ਪੇਂਡੂਆਂ ਦੇ ਦਿਲ ਵਿਚੋਂ ਹੀ ਨਹੀਂ ਨਿਕਲਦੀਆਂ।'

ਸਾਹਿਬ ਚੁੱਪਚਾਪ ਰਜਿਸਟਰ ਅਤੇ ਫਾਈਲ ਚੁੱਕ ਕੇ ਸਰਵੇਅਰ ਨਾਲ ਤੁਰ ਪਏ। ਚਪੜਾਸੀ ਉਨਾਂ ਦੇ ਜਾਂਦਿਆਂ ਹੀ ਵੱਡੇ ਬਾਬੂਆਂ ਵੱਲ ਵੇਖ ਕੇ ਮੁਸਕਰਾਇਆ। ਉਸੇ ਵੇਲੇ ਵੱਡੇ ਸਾਹਿਬ ਦੇ ਕਮਰੇ ਵਿਚੋਂ ਆਵਾਜ਼ ਪੈ ਗਈ।

ਇਕ ਦਿਨ ਛੋਟੇ ਸਾਹਿਬ ਨੇ ਕਿਤੇ ਜਾਣਾ ਸੀ। ਇਸ ਲਈ ਮੈਨੂੰ ਛੇਤੀ ਤੋਂ ਛੇਤੀ ਕੰਮ ਨਿਪਟਾਉਣ ਲਈ ਕਹਿ ਰਹੇ ਸਨ। ਮੈਂ ਵੀ ਵਾਹ ਲੱਗਦੀ ਕਾਹਲੀ ਨਾਲ ਕੰਮ ਨਿਬੇੜਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਪਰ ਇਹ ਜਲਦੀ ਜਾਣ ਵਾਲੀ ਗੱਲ ਚਪੜਾਸੀ ਦੇ ਕੰਨੀਂ ਪੈ ਗਈ। ਹੁਣ ਇਸ ਗੱਲ ਦਾ ਵੱਡੇ ਸਾਹਿਬ ਤੱਕ ਪੁੱਜਣਾ ਓਨਾ ਹੀ ਯਕੀਨੀ ਸੀ, ਜਿੰਨਾ ਯਕੀਨੀ ਸੂਰਜ ਦਾ ਪੂਰਬ ਵਿਚੋਂ ਚੜ ਕੇ ਪੱਛਮ ਵਿਚ ਛਿਪਣਾ ਸੀ। ਹੋ ਸਕਦਾ ਹੈ ਕਿ ਸੂਰਜ ਕਿਸੇ ਦਿਨ ਪੱਛਮ ਵਿਚੋਂ ਚੜ ਕੇ ਪੂਰਬ ਵਿਚ ਛਿਪ ਜਾਵੇ, ਪਰ ਚਪੜਾਸੀ ਦੇ ਕੰਨ ਵਿਚ ਪਈ ਗੱਲ ਵੱਡੇ ਸਾਹਿਬ ਤੱਕ ਨਾ ਪਹੁੰਚੇ, ਅਜਿਹਾ ਹੋ ਹੀ ਨਹੀਂ ਸਕਦਾ। ਜਿਉਂ ਹੀ ਛੋਟੇ ਸਾਹਿਬ ਜਾਣ ਲਈ ਉੱਠੇ, ਵੱਡੇ ਸਾਹਿਬ ਦਾ ਬੁਲਾਵਾ ਆ ਗਿਆ। ਛੋਟੇ ਸਾਹਿਬ ਦੋ ਘੰਟੇ ਤੱਕ ਵੱਡੇ ਸਾਹਿਬ ਦੇ ਕਮਰੇ ਵਿਚੋਂ ਨਿਕਲ ਨਾ ਸਕੇ। ਜਦੋਂ ਨਿਕਲੇ ਤਾਂ ਉਨਾਂ ਦਾ ਚਿਹਰਾ ਉਤਰਿਆ ਹੋਇਆ ਸੀ। ਮੇਰੇ ਵੱਲ ਵੇਖ ਕੇ ਹੱਥ ਝਟਕਦਿਆਂ ਉਹ ਟੁੱਟੀ ਜਿਹੀ ਆਵਾਜ਼ ਵਿਚ ਬੋਲੇ, 'ਰਿਵਾੜੀ ਦੀ ਆਖ਼ਰੀ ਬੱਸ ਵੀ ਗਈ।'

ਮੈਂ ਵੀ ਉਨਾਂ ਦੇ ਅਫ਼ਸੋਸ ਤੇ ਮਾਯੂਸੀ ਨੂੰ ਨਿਰਾਸ਼ ਨਜ਼ਰ ਨਾਲ ਵੇਖਿਆ। ਏਨੇ ਵਿਚ ਇੱਕ ਬਾਬੂ ਬੋਲਿਆ, 'ਸਾਹਿਬ, ਕੀ ਤੁਸੀਂ ਰਿਵਾੜੀ ਹੀ ਜਾਣਾ ਸੀ ?'

'ਨਹੀਂ, ਜਾਣਾ ਤਾਂ ਜੈਪੁਰ ਸੀ, ਪਰ ਜੇ ਰਿਵਾੜੀ ਪਹੁੰਚ ਜਾਂਦਾ ਤਾਂ ਉੱਥੋਂ ਰਾਤ ਦੀ ਗੱਡੀ ਮਿਲ ਜਾਂਦੀ।'

'ਜੈਪੁਰ ? ਜੈਪੁਰ ਤਾਂ ਇਕ ਠੇਕੇਦਾਰ ਜਾ ਰਿਹਾ ਹੈ, ਕਾਰ ਹੈ ਉਸ ਕੋਲ।' ਬਾਬੂ ਬੋਲਿਆ।

'ਕਿੱਥੇ ਹੈ ਠੇਕੇਦਾਰ ?' ਛੋਟੇ ਸਾਹਿਬ ਦਾ ਗੁਆਚਾ ਹਾਸਾ ਵਾਪਸ ਆ ਗਿਆ ਸੀ।

ਛੋਟੇ ਸਾਹਿਬ ਅੱਧੇ ਘੰਟੇ ਬਾਅਦ ਠੇਕੇਦਾਰ ਦੀ ਨਵੀਂ ਮਾਰੂਤੀ ਕਾਰ ਵਨ ਥਾਊਜ਼ੈਂਡ ਵਿਚ ਬੜੀ ਸ਼ਾਨ ਨਾਲ ਬੈਠ ਕੇ ਰਵਾਨਾ ਹੋਏ ਤਾਂ ਚਪੜਾਸੀ ਦਾ ਚਿਹਰਾ ਵੇਖਣ ਵਾਲਾ ਸੀ। ਉਹ ਸੜੀ ਬਲੀ ਆਵਾਜ਼ ਵਿਚ ਬੋਲਿਆ, 'ਮਨਹੂਸ ਬੰਦੇ ਨੂੰ ਬਿਠਾ ਕੇ ਲਿਜਾ ਰਿਹਾ ਹੈ ਠੇਕੇਦਾਰ, ਇਹ ਜੈਪੁਰ ਨਹੀਂ ਪਹੁੰਚਦਾ' ਤਾਂ ਸਾਰੇ ਬਾਬੂਆਂ ਨੂੰ ਹਾਸਾ ਆ ਗਿਆ। ਦੋ ਘੰਟੇ ਬਾਅਦ ਖ਼ਬਰ ਆਈ ਕਿ ਗੱਡੀ ਦਾ ਤਾਵੜੂ ਕੋਲ ਇਕ ਡੰਪਰ ਟਰੱਕ ਨਾਲ ਐਕਸੀਡੈਂਟ ਹੋ ਗਿਆ ਤੇ ਉਸ ਐਕਸੀਡੈਂਟ ਵਿਚ ਠੇਕੇਦਾਰ ਦੀ ਮੌਤ ਹੋ ਗਈ ਹੈ। ਬਾਬੂਆਂ ਨੂੰ ਯਕੀਨ ਹੋ ਗਿਆ ਕਿ ਚਪੜਾਸੀ ਦੀ ਪਹੁੰਚ ਕੇਵਲ ਵੱਡੇ ਸਾਹਿਬ ਤੱਕ ਹੀ ਨਹੀਂ ਸਗੋਂ ਰੱਬ ਤੱਕ ਵੀ ਹੈ।

ਛੋਟੇ ਸਾਹਿਬ ਨੇ ਠੀਕ ਹਾਲਤ ਵਿਚ ਸੋਮਵਾਰ ਨੂੰ ਦਫ਼ਤਰ ਵਿਚ ਹਾਜ਼ਰੀ ਪਾ ਦਿੱਤੀ। ਉਨਾਂ ਨੂੰ ਠੇਕੇਦਾਰ ਦੀ ਮੌਤ ਦੀ ਭਿਣਕ ਵੀ ਨਹੀਂ ਸੀ। ਮੈਂ ਉਨਾਂ ਨੂੰ ਦੱਸਿਆ ਕਿ ਠੇਕੇਦਾਰ ਦੀ ਮੌਤ ਹੋ ਗਈ ਹੈ ਤਾਂ ਉਹ ਲਾਪ੍ਰਵਾਹੀ ਨਾਲ ਬੋਲੇ, 'ਉਸ ਦਾ ਐਕਸੀਡੈਂਟ ਤਾਂ ਹੋਣਾ ਹੀ ਸੀ, ਐਨੀ ਰਫ ਡਰਾਈਵਿੰਗ ਕਰ ਰਿਹਾ ਸੀ ਕਿ ਪੁੱਛੋ ਹੀ ਨਾ। ਫਿਰ ਉਹ ਸੋਹਾਨਾ ਵਿਚ ਅਹਾਤੇ ਵਿਚ ਸ਼ਰਾਬ ਪੀਣ ਬਹਿ ਗਿਆ ਸੀ। ਮੈਂ ਤਾਂ ਉਸ ਨੂੰ ਸੋਹਾਨਾ ਹੀ ਛੱਡ ਦਿੱਤਾ ਸੀ ਕਿਉਂਕਿ ਮੈਨੂੰ ਰਾਜਸਥਾਨ ਰੋਡਵੇਜ਼ ਦੀ ਅਜਮੇਰ ਵਾਲੀ ਬੱਸ ਮਿਲ ਗਈ ਸੀ।'

'ਇਸ ਤਰਾਂ ਤਾਂ ਤੁਸੀਂ ਕਿਸਮਤ ਵਾਲੇ ਹੀ ਸਾਬਿਤ ਹੋਏ।' ਮੈਂ ਹੱਸਦੇ ਹੋਏ ਕਿਹਾ ਤਾਂ ਉਹ ਬੋਲੇ, 'ਜਦੋਂ ਮੈਂ ਕਿਸੇ ਦਾ ਬੁਰਾ ਨਹੀਂ ਕਰਦਾ ਤਾਂ ਮੇਰਾ ਬੁਰਾ ਕਿਉਂ ਹੋਵੇਗਾ ?'

ਪਰ ਉਨਾਂ ਦਾ ਬੁਰਾ ਕਰਨ ਵਾਲਾ ਤਾਂ ਦਫ਼ਤਰ ਵਿਚ ਹੀ ਬੈਠਾ ਸੀ। ਹੋਇਆ ਇਹ ਕਿ ਠੇਕੇਦਾਰ ਦੇ ਪਰਿਵਾਰ ਵਾਲੇ ਕਿਸੇ ਭੁਗਤਾਨ ਦੇ ਸਿਲਸਿਲੇ ਵਿਚ ਸਾਡੇ ਦਫ਼ਤਰ ਵਿਚ ਆਏ ਤਾਂ ਚਪੜਾਸੀ ਨੇ ਉਨਾਂ ਦੇ ਕੰਨ ਭਰ ਦਿੱਤੇ। ਪਰਿਵਾਰ ਵਾਲਿਆਂ ਤਾਵੜੂ ਥਾਣੇ ਵਿਚ ਦਰਖਾਸਤ ਦਿੱਤੀ ਕਿ ਮੌਤ ਸਮੇਂ ਸਾਡੇ ਛੋਟੇ ਸਾਹਿਬ ਵੀ ਕਾਰ ਵਿਚ ਸਨ ਤੇ ਉਸ ਨੂੰ ਜ਼ਖ਼ਮੀ ਛੱਡ ਕੇ ਭੱਜ ਗਏ ਸਨ। ਇਸ ਲਈ ਛੋਟੇ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਠੇਕੇਦਾਰ ਦੀ ਮੌਤ ਦੀ ਸਾਜ਼ਿਸ਼ ਦਾ ਪਤਾ ਲਗਾਇਆ ਜਾਵੇ। ਤਾਵੜੂ ਥਾਣੇ ਤੋਂ ਪੁੱਛਗਿੱਛ ਲਈ ਇਕ ਛੋਟਾ ਥਾਣੇਦਾਰ ਤੇ ਇਕ ਹੌਲਦਾਰ ਆਏ ਸਨ ਤੇ ਉਨਾਂ ਬਹੁਤ ਖਾਨਾਪੂਰਤੀ ਤੋਂ ਬਾਅਦ ਛੋਟੇ ਸਾਹਿਬ ਦਾ ਖਹਿੜਾ ਛੱਡਿਆ ਸੀ।

ਤਾਵੜੂ ਥਾਣੇ ਵਾਲਿਆਂ ਤਾਂ ਇਸ ਤੋਂ ਬਾਅਦ ਕੋਈ ਪੁੱਛ ਗਿੱਛ ਨਾ ਕੀਤੀ, ਪਰ ਠੇਕੇਦਾਰ ਦੇ ਪਰਿਵਾਰ ਨੇ ਅਦਾਲਤ ਵਿਚ ਕੇਸ ਕਰ ਦਿੱਤਾ। ਛੋਟੇ ਸਾਹਿਬ ਨੂੰ ਵਾਰ ਵਾਰ ਅਦਾਲਤ ਵਿਚ ਚੱਕਰ ਲਾਉਣੇ ਪਏ। ਇਹ ਸਿਰਫ਼ ਇਸ ਲਈ ਹੋਇਆ ਕਿ ਅਖੌਤੀ ਉੱਚੀ ਜਾਤੀ ਦਾ ਚਪੜਾਸੀ ਅਖੌਤੀ ਪੱਛੜੀ ਸ਼੍ਰੇਣੀ ਦੇ ਅਫ਼ਸਰ ਨੂੰ ਵੇਖ ਕੇ ਤਕਲੀਫ਼ ਵਿਚ ਸੀ ਤੇ ਇਸ ਤੋਂ ਵੱਧ ਇਹ ਕਿ ਪੱਛੜੀ ਜਾਤੀ ਦੇ ਅਫ਼ਸਰ ਨੇ ਉੱਚੀ ਜਾਤੀ ਦੇ ਚਪੜਾਸੀ ਨੂੰ ਨਿੱਜੀ ਕੰਮ ਕਹਿਣ ਦਾ ਨਾਮੁਆਫ਼ ਕਰਨ ਯੋਗ ਅਪਰਾਧ ਕੀਤਾ ਸੀ। 'ਧਰਤੀ ਦਾ ਜਿਹੜਾ ਭਾਗ ਭਾਰਤ ਕਹਾਉਂਦਾ ਹੈ, ਜਦੋਂ ਆਪਣੇ ਸੁਨਹਿਰੀ ਕਾਲ ਵਿਚ ਸੀ ਤਾਂ ਉੱਚੀ ਜਾਤੀ ਦੇ ਲੋਕ ਉੱਚੇ ਅਹੁਦਿਆਂ 'ਤੇ ਸਨ ਤੇ ਨੀਵੀਂ ਜਾਤੀ ਦੇ ਲੋਕ ਨੀਵੇਂ ਅਹੁਦਿਆਂ 'ਤੇ, ਪਰ ਅੰਗਰੇਜ਼ਾਂ ਨੇ ਇਸ ਵਿਵਸਥਾ ਨੂੰ ਭੰਗ ਕਰ ਕੇ ਚੰਗਾ ਕੰਮ ਨਹੀਂ ਕੀਤਾ।' ਇਹ ਸਾਡੇ ਚਪੜਾਸੀ ਦਾ ਵਿਚਾਰ ਸੀ। ਅਸੀਂ ਲੋਕ ਉਸ ਦੇ ਵਿਰੋਧ ਵਿਚ ਕੁਝ ਨਹੀਂ ਸਾਂ ਕਹਿੰਦੇ। ਇਸ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਸੀਂ ਵੀ ਉਸ ਨਾਲ ਸਹਿਮਤ ਸਾਂ।

**- ਸਤੀਸ਼ ਸਰਦਾਨਾ**

## ਮਾਅਨੇ

ਅੱਜ ਸਵੇਰੇ ਮੀਂਹ ਪਿਆ ਤੇ ਬੱਚਿਆਂ ਦੇ ਚਿਹਰਿਆਂ ਉੱਤੇ ਰੌਣਕ ਛਾ ਗਈ। ਉਨਾਂ ਨੂੰ ਸਕੂਲ ਨਾ ਜਾਣ ਦਾ ਬਹਾਨਾ ਮਿਲ ਗਿਆ। ਫੈਕਟਰੀ ਵਿਚ ਕੰਮ ਕਰਦੇ ਕਾਮੇ ਨੂੰ ਫ਼ਿਕਰ ਖੜਾ ਹੋ ਗਿਆ ਕਿ ਅੱਜ ਫੇਰ ਸਾਈਕਲ 'ਤੇ ਭਿੱਜਦੇ ਹੋਏ ਨੂੰ ਕੰਮ 'ਤੇ ਜਾਣਾ ਪਵੇਗਾ। ਵੱਡੇ ਘਰ ਵਿਚ ਬੈਠੀ ਔਰਤ ਨੂੰ ਬਿਪਤਾ ਛਿੜ ਗਈ ਕਿਉਂਕਿ ਮੀਂਹ ਕਾਰਨ ਉਸ ਦੇ ਪਤੀ ਨੇ ਉਸ ਨੂੰ ਪਕਵਾਨ ਬਣਾਉਣ ਉੱਤੇ ਲਾ ਦਿੱਤਾ। ਕੱਚੇ ਕੋਠੜੇ ਵਿਚ ਰਹਿੰਦੇ ਮੀਆਂ ਬੀਵੀ ਨੂੰ ਚਿੰਤਾ ਹੋ ਗਈ ਕਿ ਜੇ ਮੀਂਹ ਨਾ ਹਟਿਆ ਤਾਂ ਉਨਾਂ ਦੀ ਇਹ ਛੱਤ ਟੁੱਟ ਕੇ ਉਨਾਂ 'ਤੇ ਡਿੱਗ ਪਵੇਗੀ।

ਮੀਂਹ ਸਾਰੀਆਂ ਥਾਵਾਂ 'ਤੇ ਇਕੋ ਜਿਹਾ ਪਿਆ, ਪਰ ਸਾਰਿਆਂ ਲਈ ਇਸ ਦੇ ਮਾਅਨੇ ਵੱਖੋ ਵੱਖਰੇ ਸਨ।

**- ਨਿਰਲੇਪ ਸਿੰਘ**

## ਦੁਸ਼ਮਣ

ਸੁਖਦੀਪ ਦਾ ਵਿਆਹ ਹੋਏ ਨੂੰ ਅਜੇ ਚਾਰ ਕੁ ਦਿਨ ਹੀ ਹੋਏ ਸਨ। ਨਵੀਂ ਨਵੇਲੀ ਵਹੁਟੀ ਨਾਲ ਦਿੱਲੀ ਕਿਸਾਨ ਧਰਨੇ 'ਚ ਆ ਡਟਿਆ। ਉਧਰ ਬਾਰਡਰ 'ਤੇ ਤਾਇਨਾਤ ਵੱਡੇ ਵੀਰ ਫ਼ੌਜੀ ਮਨਜੀਤ ਦਾ ਫੋਨ ਆਇਆ। ਮਨਜੀਤ ਸੁਣ ਕੇ ਦੰਗ ਰਹਿ ਗਿਆ ਕਿ ਛੋਟੇ ਨੂੰ ਵਹੁਟੀ ਸਮੇਤ ਏਨੀ ਜਲਦੀ ਦਿੱਲੀ ਜਾਣ ਦੀ ਕੀ ਲੋੜ ਪੈ ਗਈ ? ਜਦੋਂਕਿ ਬਾਪੂ ਜੀ ਤਾਂ ਪਹਿਲਾਂ ਹੀ ਦੋ ਮਹੀਨੇ ਤੋਂ ਮੋਰਚੇ 'ਚ ਸ਼ਾਮਿਲ ਹਨ। ਪੁੱਛਣ 'ਤੇ ਸੁਖਦੀਪ ਨੇ ਕਿਹਾ, 'ਕੀ ਦੱਸਾਂ ਭਰਾਵਾ! ਬਾਪੂ ਤਾਂ ਮਹੀਨੇ ਭਰ ਤੋਂ ਘਰੇ ਮੰਜੇ 'ਤੇ ਪਿਆ ਹੈ। ਦੋ ਮਹੀਨੇ ਮੋਰਚੇ 'ਚ ਡਟਣ ਨਾਲ ਕਮਜ਼ੋਰੀ ਹੋ ਗਈ ਤੇ ਅਤਿ ਦੀ ਸਰਦੀ 'ਚ ਨਮੂਨੀਆ ਹੋ ਗਿਆ ਸੀ। ਬੇਸੁਧ ਪਿਛਲੇ ਕਮਰੇ 'ਚ ਪਏ ਰਹਿੰਦੇ ਹਨ। ਡਾਕਟਰਾਂ ਨੇ ਇੱਕ ਤਰਾਂ ਜਵਾਬ ਜਿਹਾ ਹੀ ਦੇ ਦਿੱਤਾ ਹੈ।' ਸੁਣ ਕੇ ਫ਼ੌਜੀ ਵੀਰ ਮਨ ਹੀ ਮਨ ਬਹੁਤ ਦੁਖੀ ਹੋਇਆ। '...ਪਰ ਤੂੰ ਏਨੀ ਜਲਦੀ ਨਾ ਆਉਂਦਾ ਅਜੇ...।' ਫ਼ੌਜੀ ਵੀਰ ਬੋਲਿਆ। 'ਮੇਰਾ ਆਉਣਾ ਬਹੁਤ ਹੀ ਜ਼ਰੂਰੀ ਸੀ ਵੀਰਾ, ਮੈਨੂੰ ਆਪਣੇ ਆਉਣ ਵਾਲੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਹੈ।' ਸੁਖਦੀਪ ਨੇ ਦਰਦ ਬਿਆਨ ਕੀਤਾ ...। ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਵੱਲੋਂ ਆਪਣੇ ਹੀ ਲੋਕਾਂ ਨਾਲ ਹੁੰਦੇ ਧੱਕੇ ਦੀਆਂ ਗੱਲਾਂ ਸੁਣ ਕੇ ਵੱਡੇ ਵੀਰ ਦਾ ਸਿਰ ਚਕਰਾਉਣ ਲੱਗਾ ਤੇ ਮੱਥੇ 'ਤੇ ਪਸੀਨੇ ਆ ਗਿਆ। ਉਸ ਦਾ ਪਹਿਲਾਂ ਤਾਂ ਦਿਲ ਕੀਤਾ ਕਿ ਹੱਥ 'ਚ ਫੜੀ ਮਸ਼ੀਨਗੰਨ ਦੀਆਂ ਗੋਲੀਆਂ ਦਾ ਮੀਂਹ ਵਰਾ ਕੇ ਸਾਹਮਣੇ ਦੁਸ਼ਮਣ ਦੀ ਫ਼ੌਜੀ ਚੌਕੀ ਤਬਾਹ ਕਰ ਦੇਵੇ। ਪਰ ਫਿਰ ਇਹ ਸੋਚਦਿਆਂ ਚੁੱਪ ਕਰ ਕੇ ਬੈਠ ਗਿਆ ਕਿ ਉਹ ਵੀ ਵਿਚਾਰੇ ਮਜਬੂਰੀਆਂ ਦੇ ਮਾਰੇ ਸਾਡੇ ਵਰਗੇ ਹੀ ਨੇ। ਸਾਡੇ ਅਸਲੀ ਦੁਸ਼ਮਣ ਤਾਂ ਕੋਈ ਹੋਰ ਹੀ ਨੇ।

**- ਪਰਮ ਪਿਆਰ ਸਿੰਘ**

## ਕਿਸਾਨੀ ਸੰਘਰਸ਼ ਅਤੇ...

2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਵੱਡੀ ਤੀਸਰੀ ਸਿਆਸੀ ਧਿਰ ਬਣ ਕੇ ਉੱਭਰੀ ਸੀ ਅਤੇ ਕਾਫ਼ੀ ਹੱਦ ਤੱਕ ਪੰਜਾਬ ਦੇ ਲੋਕਾਂ ਦੀ ਸੋਚ ਵਿਚ ਘਰ ਕਰ ਗਈ ਸੀ ਪਰ 2017 ਤੱਕ ਆਉਂਦਿਆਂ ਇਹ ਪਾਰਟੀ ਆਪਣਾ ਸਿਆਸੀ ਆਧਾਰ ਅਤੇ ਲੋਕਾਂ ਦਾ ਵਿਸ਼ਵਾਸ ਕਾਇਮ ਨਹੀਂ ਰੱਖ ਸਕੀ ਤੇ ਸਾਰੀਆਂ ਸੰਭਾਵਨਾਵਾਂ ਤੇ ਲੋਕਾਂ ਦੀ ਆਸ ਹੋਣ ਦੇ ਬਾਵਜੂਦ ਤੀਸਰੇ ਬਦਲ ਦੇ ਤੌਰ 'ਤੇ ਨਹੀਂ ਉੱਭਰ ਸਕੀ। 2017 ਦੀਆਂ ਚੋਣਾਂ ਵਿਚ ਪੰਜਾਬ ਵਿਚ ਰਿਕਾਰਡ ਤੋੜ 78.62% ਵੋਟਿੰਗ ਹੋਈ। ਇਨ੍ਹਾਂ ਚੋਣਾਂ ਵਿਚ ਔਰਤਾਂ ਦੀ ਹਿੱਸੇਦਾਰੀ 79% ਅਤੇ ਮਰਦਾਂ ਦੀ 78% ਸੀ। ਇਹ ਰਿਕਾਰਡ ਤਬਦੀਲੀ ਦਾ ਚੰਗਾ ਸੰਕੇਤ ਸੀ। ਮਾਲਵਾ ਜੋ ਇਸ ਵੇਲੇ ਕਿਸਾਨ ਸੰਘਰਸ਼ ਦਾ ਕੇਂਦਰ ਬਿੰਦੂ ਹੈ, ਵਿਚ ਕੁੱਲ 69 ਵਿਚੋਂ 42 ਸੀਟਾਂ 'ਤੇ 80 ਪ੍ਰਤੀਸ਼ਤ ਤੇ ਵੱਧ ਵੋਟਾਂ ਪਈਆਂ। ਮਾਨਸਾ ਜ਼ਿਲੇ ਨੇ ਤਾਂ ਰਿਕਾਰਡ ਹੀ ਤੋੜ ਦਿੱਤਾ ਜਿੱਥੇ 87% ਵੋਟਾਂ ਪਈਆਂ। ਆਮ ਆਦਮੀ ਪਾਰਟੀ ਨੇ ਕੁੱਲ ਜਿੱਤੀਆਂ 20 ਵਿਚੋਂ 18 ਸੀਟਾਂ ਮਾਲਵੇ ਵਿਚੋਂ ਜਿੱਤੀਆਂ ਤੇ ਬਾਕੀ ਦੋ ਦੁਆਬੇ ਵਿਚੋਂ। ਮਾਝੇ ਵਿਚੋਂ ਇਸ ਦਾ ਪੱਤਾ ਪੂਰੀ ਤਰ੍ਹਾਂ ਸਾਫ਼ ਹੋ ਗਿਆ। ਇਸ ਪਾਰਟੀ ਦਾ ਵੋਟ ਸ਼ੇਅਰ (23.7%) ਅਕਾਲੀ-ਦਲ ਦੇ ਵੋਟ ਸ਼ੇਅਰ (25.2%) ਨਾਲੋਂ ਭਾਵੇਂ ਘੱਟ ਸੀ, ਫਿਰ ਵੀ ਇਸ ਨੇ ਅਕਾਲੀ ਦਲ ਨਾਲੋਂ ਪੰਜ ਸੀਟਾਂ ਵੱਧ ਜਿੱਤੀਆਂ। ਆਮ ਆਦਮੀ ਪਾਰਟੀ ਨੂੰ ਪੇਂਡੂ ਖੇਤਰ ਵਿਚ ਕਾਂਗਰਸ ਦੇ 29% ਦੇ ਮੁਕਾਬਲੇ 31% ਵੋਟਾਂ ਮਿਲੀਆਂ ਸਨ ਜਦਕਿ ਅਕਾਲੀ ਦਲ ਨੇ 38% ਵੋਟਾਂ ਲੈ ਕੇ ਪੇਂਡੂ ਖੇਤਰ ਵਿਚ ਆਪਣਾ ਦਬਦਬਾ ਕਾਇਮ ਰੱਖਿਆ। 2017 ਦੀ ਵਿਧਾਨ ਸਭਾ ਵਿਚ ਆਪ ਨੇ ਵਿਰੋਧੀ ਪਾਰਟੀ ਦਾ ਸੰਵਿਧਾਨਕ ਦਰਜਾ ਹਾਸਿਲ ਕੀਤਾ ਪਰ ਛੇਤੀ ਹੀ ਇਸ ਦੇ ਵਿਧਾਨ ਸਭਾ ਵਿਚ ਪਾਰਟੀ ਦੇ ਲੀਡਰਾਂ ਨੇ ਅਸਤੀਫ਼ੇ ਦੇਣੇ ਸ਼ੁਰੂ ਕਰ ਦਿੱਤੇ। ਪਾਰਟੀ ਦੇ ਪਹਿਲੇ ਵਿਧਾਨ ਸਭਾ ਲੀਡਰ ਹਰਵਿੰਦਰ ਸਿੰਘ ਫੂਲਕਾ ਨੇ ਵਿਧਾਨ ਸਭਾ ਤੋਂ ਹੀ ਅਸਤੀਫ਼ਾ ਦੇ ਦਿੱਤਾ ਤੇ ਬਾਅਦ ਵਿਚ ਉਨ੍ਹਾਂ ਦੁਆਰਾ ਖਾਲੀ ਕੀਤੀ ਸੀਟ ਤੋਂ ਅਕਾਲੀ ਦਲ ਦਾ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਕਾਂਗਰਸ ਦੇ ਉਮੀਦਵਾਰ ਨੂੰ ਵੱਡੇ ਫ਼ਰਕ ਨਾਲ ਹਰਾ ਕੇ ਵਿਧਾਨ ਸਭਾ ਪਹੁੰਚ ਗਏ। ਉਸ ਤੋਂ ਬਾਅਦ ਬਣਾਏ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਆਪ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਅਤੇ ਬਾਅਦ ਵਿਚ ਆਪਣੇ ਦੋ ਹੋਰ ਸਾਥੀਆਂ ਨਾਲ ਕੇ ਕਾਂਗਰਸ ਵਿਚ ਚਲੇ ਗਏ। ਇਸ ਤੋਂ ਇਲਾਵਾ ਪਾਰਟੀ ਦੇ ਕਈ ਹੋਰ ਵਿਧਾਨਕਾਰਾਂ ਨੇ ਹੌਲੀ ਹੌਲੀ ਆਪਣੇ ਪੈਰ ਪਿਛਾਂਹ ਖਿੱਚ ਲਏ ਤੇ ਸਿਆਸਤ ਵਿਚ ਦਿਲਚਸਪੀ ਘੱਟ ਕਰ ਦਿੱਤੀ। ਪਾਰਟੀ ਦੀ ਅੰਦਰੂਨੀ ਖਿੱਚ-ਧੂਹ ਤੇ ਹਾਈਕਮਾਂਡ ਕਲਚਰ ਨੇ ਪਾਰਟੀ ਦਾ ਢਾਂਚਾ ਬੰਨਣ ਤੋਂ ਪਹਿਲਾਂ ਹੀ ਖੇਰੂੰ ਖੇਰੂੰ ਹੋਣਾ ਸ਼ੁਰੂ ਹੋ ਗਿਆ। ਤਾਜ਼ਾ ਸਰਵੇਖਣ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮੌਜੂਦਾ ਹਾਲਾਤ ਵਿਚ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਰਵਾਇਤੀ ਪਾਰਟੀਆਂ ਦੇ ਮੁਕਾਬਲੇ ਆਮ ਆਦਮੀ ਪਾਰਟੀ ਜ਼ਿਆਦਾ ਭਰੋਸੇਯੋਗ ਹੈ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਚੋਣਾਂ ਵਿਚ ਆਮ ਆਦਮੀ ਪਾਰਟੀ ਕਿਹੋ ਜਿਹਾ ਪੈਂਤੜਾ ਲੈਂਦੀ ਹੈ। ਮੌਜੂਦਾ ਵਿਧਾਇਕ ਅਤੇ ਕਾਰਕੁਨ ਅਜੇ ਵੀ ਹਰ ਤਰੀਕੇ ਨਾਲ ਕੇਜਰੀਵਾਲ ਦੇ 'ਦਿੱਲੀ ਬਰਾਂਡ' ਵਾਲੇ ਰਾਜ ਦੇ ਗੁਣ ਗਾ ਰਹੇ ਹਨ। ਇਹ ਠੀਕ ਹੈ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਰਾਜ ਵਿਚ ਬੁਨਿਆਦੀ ਸਹੂਲਤਾਂ ਜਿਵੇਂ ਵਿੱਦਿਆ, ਸਿਹਤ, ਸਸਤੀ ਬਿਜਲੀ ਤੇ ਆਮ ਲੋਕਾਂ ਲਈ ਥੱਲੇ ਦੇ ਪੱਧਰ ਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਵਿਚ ਕਾਫ਼ੀ ਸੁਧਾਰ ਕੀਤਾ ਹੈ; ਅਜਿਹੇ ਸੁਧਾਰਾਂ ਨਾਲ ਤੇ ਸਾਫ਼ ਸੁਥਰੀ ਸਿਆਸਤ ਦਾ ਪੰਜਾਬ ਦੇ ਲੋਕਾਂ 'ਤੇ ਕਾਫ਼ੀ ਪ੍ਰਭਾਵ ਪਿਆ ਪਰ ਇਹ ਵੀ ਧਿਆਨ ਰੱਖਣ ਵਾਲੀ ਗੱਲ ਹੈ ਕਿ ਇਕ ਸੂਬੇ ਦੀ ਸ਼ਾਸਨ ਵਿਵਸਥਾ ਦੂਸਰੇ ਸੂਬੇ ਵਿਚ ਇੰਨ-ਬਿੰਨ ਲਾਗੂ ਕਰਨਾ ਕਾਫ਼ੀ ਮੁਸ਼ਕਿਲ ਹੁੰਦਾ ਹੈ। ਇਨ੍ਹਾਂ ਸੰਭਾਵਨਾਵਾਂ ਦੇ ਬਾਵਜੂਦ ਆਮ ਆਦਮੀ ਪਾਰਟੀ ਦਾ ਪੰਜਾਬ ਯੂਨਿਟ ਭੰਬਲਭੂਸੇ ਵਿਚ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਫ਼ੈਸਲੇ ਕਰਨ ਦੀ ਸਾਰੀ ਸ਼ਕਤੀ ਕੇਜਰੀਵਾਲ ਕੋਲ ਹੈ। ਉਹ ਪੰਜਾਬ ਬਾਰੇ ਫ਼ੈਸਲੇ ਤੇ ਜਾਣਕਾਰੀ ਦਿੱਲੀ ਤੋਂ ਨਾਮਜ਼ਦ ਕੀਤੇ ਆਪਣੇ ਸਿਪਾਹ ਸਿਲਾਰਾਂ ਕੋਲੋਂ ਲੈਂਦਾ ਹੈ ਜਿਨ੍ਹਾਂ ਵਿਚ ਟੋਕਨ ਦੇ ਤੌਰ 'ਤੇ ਇੱਕ ਸਿੱਖ ਤੇ ਇਕ ਹਿੰਦੂ ਹੁੰਦਾ ਹੈ। ਇਹ ਲੋਕ ਭਾਵੇਂ ਬਹੁਤ ਵਧੀਆ ਅੰਗਰੇਜ਼ੀ ਬੋਲ ਸਕਦੇ ਹਨ ਤੇ ਟੀ.ਵੀ. ਤੇ ਪਬਲਿਕ ਮੰਚਾਂ 'ਤੇ ਚੰਗੀ ਬਹਿਸ ਕਰ ਸਕਦੇ ਹਨ ਪਰ ਬਹੁਤੀ ਵਾਰੀ ਇਹ ਪੰਜਾਬ ਦੇ ਲੋਕਾਂ ਦੀ ਨਬਜ਼ ਪਛਾਣਨ ਵਿਚ ਪਿੱਛੇ ਰਹਿ ਜਾਂਦੇ ਹਨ। ਇਹੋ ਜਿਹਾ ਵਰਤਾਰਾ ਹੀ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਹੋਇਆ ਸੀ।

## ਐਨਕਾਂ ਰੱਖ ਕੇ...

ਜਿਨ੍ਹਾਂ ਜ਼ਰੂਰੀ ਗੱਲਾਂ, ਕੰਮ-ਕਾਜ ਜਾਂ ਚੀਜ਼ਾਂ ਨੂੰ ਜ਼ਿਆਦਾ ਅਤੇ ਵਾਰ-ਵਾਰ ਭੁੱਲਿਆ ਜਾ ਰਿਹਾ ਹੈ, ਉਨ੍ਹਾਂ ਬਾਰੇ ਲਗਾਤਾਰ ਜ਼ਿਕਰ ਕਰਦੇ ਰਹਿਣਾ ਹੈ।

ਉਸ ਪਰਿਵਾਰਕ ਮੈਂਬਰ ਨਾਲ ਜੋ ਵੀ ਰਿਸ਼ਤਾ ਹੈ, ਉਸ ਰਿਸ਼ਤੇ ਦੇ ਨਾਂ ਦੇ ਨਾਲ-ਨਾਲ, ਬੇਬੇ ਜਾਂ ਬਾਪੂ ਨੂੰ ਉਨ੍ਹਾਂ ਦੇ ਆਪਣੇ ਨਾਂਵਾਂ ਨਾਲ ਵੀ ਬਲਾਉਣਾ ਹੈ ਤਾਂ ਜੋ ਉਹ ਆਪਣੀ ਪਛਾਣ ਅਤੇ ਆਪਣਾ ਨਾਂ ਯਾਦ ਰੱਖ ਸਕਣ।

ਰੋਜ਼ਾਨਾ ਵਰਤਣ ਵਾਲੀਆਂ ਚੀਜ਼ਾਂ-ਵਸਤਾਂ ਹਮੇਸ਼ਾਂ ਸਹੀ ਜਗਾ 'ਤੇ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਲੱਭਣ ਵੇਲੇ ਮੁਸ਼ਕਲ ਨਾ ਹੋਵੇ।

ਸਭ ਤੋਂ ਜ਼ਿਆਦਾ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਦੀ ਹਾਲਤ ਵਿੱਚ ਉਨ੍ਹਾਂ ਨੂੰ ਸਿਰਫ ਇਕ ਕਮਰੇ ਤੱਕ ਹੀ ਸੀਮਤ ਨਹੀਂ ਕਰ ਦੇਣਾ, ਸਗੋਂ ਆਲੇ-ਦੁਆਲੇ ਨਾਲ ਰੋਜ਼ਾਨਾ ਮਿਲਾਉਣਾ ਹੈ, ਘਰ, ਪਾਰਕ, ਆਂਢ-ਗੁਆਂਢ, ਰਿਸ਼ਤੇਦਾਰੀ ਆਦਿ ਦੇ ਵਿੱਚ ਆਪਣੇ ਨਾਲ ਲੈ ਕੇ ਜਾਣਾ ਹੈ।

ਇਨ੍ਹਾਂ ਸਭ ਹਦਾਇਤਾਂ ਦੀ ਪਾਲਣਾ ਕਰਦਿਆਂ ਨਾਲ ਹੀ ਉਨ੍ਹਾਂ ਦੀ ਸਾਫ਼-ਸਫਾਈ ਅਤੇ ਖਾਣ-ਪੀਣ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਪੌਸ਼ਟਿਕ ਆਹਾਰ, ਉਹ ਖਾਣਾ ਜਿਸ ਵਿੱਚ ਲੋੜੀਂਦੀ ਮਾਤਰਾ ਵਿੱਚ ਹਰ ਤੱਤ, ਜਿਵੇਂ ਕਿ ਪ੍ਰੋਟੀਨ, ਫੈਟ ਅਤੇ ਹੋਰ ਖਣਿਜ ਪਦਾਰਥ ਮੌਜੂਦ ਹੋਣ। ਬਰੇਨ ਫੂਡ ਦੇ ਨਾਂ ਨਾਲ ਜਾਣੇ ਜਾਂਦੇ ਭੋਜਨ ਬਾਦਾਮ, ਅਖਰੋਟ ਜਾਂ ਹੋਰ ਡਰਾਈਫਰੂਟ, ਆਂਡਾ, ਮੀਟ-ਮੱਛੀ ਆਦਿ ਖਾਣੇ ਵਿੱਚ ਸ਼ਾਮਲ ਕਰਨੇ ਚਾਹੀਦੇ ਹਨ।

ਇਨ੍ਹਾਂ ਸਭ ਗੱਲਾਂ ਤੋਂ ਇਲਾਵਾ ਉਨ੍ਹਾਂ ਦੀ ਪਸੰਦ ਦਾ ਖਿਆਲ ਰੱਖਦਿਆਂ ਉਹ ਜੋ ਵੀ ਮੰਗ ਕਰਨ ਸਭ ਪੂਰਾ ਕਰਨਾ ਚਾਹੀਦਾ ਹੈ, ਜਿਵੇਂ ਕਿ ਗੀਤ-ਸੰਗੀਤ ਸੁਣਨਾ ਜਾਂ ਸੁਣਾਉਣਾ, ਨਾਵਲ, ਕਹਾਣੀ ਜਾਂ ਅਖਬਾਰ ਪੜਨਾ, ਰੋਜ਼ਾਨਾ ਡਾਇਰੀ ਲਿਖਣਾ ਆਦਿ।

ਉਪਰੋਕਤ ਸਾਰੀਆਂ ਸਾਵਧਾਨੀਆਂ ਵਰਤਦਿਆਂ ਅਤੇ ਅਤੇ ਨੁਕਤਿਆਂ 'ਤੇ ਧਿਆਨ ਦਿੰਦਿਆਂ ਜਿਥੇ ਅਸੀਂ ਇਸ ਡਿਮੈਂਸ਼ੀਆ ਜਾਂ ਐਲਜ਼ਾਈਮਰ ਵਰਗੀ ਬਿਮਾਰੀ ਨੂੰ ਵੇਲੇ ਸਿਰ ਪਹਿਚਾਣ ਸਕਦੇ ਹਾਂ, ਉਥੇ ਬਿਨਾਂ-ਵਜਾ ਦੀ ਘਰ ਵਿੱਚ ਹੋਣ ਵਾਲੀ ਖਿਝਾ-ਖਿਝਾਈ ਤੋਂ ਵੀ ਬਚ ਸਕਦੇ ਹਾਂ।

## ਕੈਪਟਨ ਕਾਂਗਰਸ ਨੂੰ...

**ਕੈਪਟਨ ਦਾ ਅਗਲਾ ਕਦਮ ਕੀ ਹੋਵੇਗਾ ?**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਨਵੀਂ ਪਾਰਟੀ ਬਣਾ ਸਕਦੇ ਹਨ ਅਤੇ ਦੂਜੀ, ਕੀ ਕਾਂਗਰਸ ਹਾਈ ਕਮਾਨ ਸਿੱਧੂ ਦੀ ਨਾਰਾਜ਼ਗੀ ਦਰਮਿਆਨ ਉਨ੍ਹਾਂ ਨੂੰ ਮਨਾ ਸਕਦੀ ਹੈ ? ਬੇਸ਼ੱਕ ਵਾਪਰ ਤਾਂ ਕੁਝ ਵੀ ਸਕਦਾ ਹੈ ਪਰ ਗੱਲ ਜਿਥੇ ਪਹੁੰਚ ਚੁੱਕੀ ਹੈ ਤੇ ਜਿਵੇਂ ਕਿ ਕਾਂਗਰਸ ਕੋਲ ਕੈਪਟਨ ਨੂੰ ਸੰਤੁਸ਼ਟ ਕਰਨ ਲਈ ਕੁਝ ਵੀ ਨਹੀਂ ਹੈ, ਇਸ ਲਈ ਨੂੰ ਕਾਂਗਰਸ ਵਲੋਂ ਮਨਾ ਲਏ ਜਾਣ ਦੇ ਆਸਾਰ ਨਾਂਹ ਦੇ ਬਰਾਬਰ ਹਨ। ਪਰ ਜਿਸ ਤਰ੍ਹਾਂ ਦੀ ਰਾਜਨੀਤਕ ਸਥਿਤੀ ਹੈ ਉਸ ਅਨੁਸਾਰ ਭਾਜਪਾ ਨੂੰ ਤੇ ਕੈਪਟਨ ਨੂੰ ਵੀ ਜ਼ਿਆਦਾ ਲਾਭ ਇਸ ਵਿਚ ਹੀ ਹੋਵੇਗਾ ਕਿ ਕੈਪਟਨ ਆਪਣੀ ਨਵੀਂ ਪਾਰਟੀ ਬਣਾ ਲੈਣ ਅਤੇ ਕਿਸਾਨਾਂ ਅਤੇ ਕੇਂਦਰ ਸਰਕਾਰ ਦਰਮਿਆਨ ਸਮਝੌਤਾ ਕਰਵਾਉਣ ਦਾ ਸਿਹਰਾ ਬੰਨ ਕੇ ਭਾਜਪਾ ਨਾਲ ਮਿਲ ਕੇ ਵਿਧਾਨ ਸਭਾ ਚੋਣਾਂ ਲੜਨ। ਇਸ ਤਰ੍ਹਾਂ ਜੇ ਉਹ ਰੱਬ-ਸਬੱਬੀ ਦੁਬਾਰਾ ਪੰਜਾਬ ਦੇ ਮੁੱਖ ਮੰਤਰੀ ਬਣ ਸਕੇ ਤਾਂ ਠੀਕ ਹੈ ਨਹੀਂ ਤਾਂ ਉਨ੍ਹਾਂ ਨੂੰ ਭਾਜਪਾ ਵਲੋਂ ਰਾਜਪਾਲ ਵਰਗੇ ਕਿਸੇ ਅਹੁਦੇ ਨਾਲ ਨਿਵਾਜਿਆ ਜਾ ਸਕਦਾ ਹੈ ਤੇ ਉਹ ਆਪਣੀ ਬਾਕੀ ਦੀ ਜ਼ਿੰਦਗੀ ਆਪਣੇ ਸ਼ਾਹੀ ਅੰਦਾਜ਼ ਨਾਲ ਬਸਰ ਕਰ ਸਕਦੇ ਹਨ।

**ਸਿੱਧੂ ਦਾ ਅਸਤੀਫ਼ਾ ਅਤੇ ਭਵਿੱਖ**

ਪਿਛਲੇ ਦਿਨੀਂ ਪੰਜਾਬ ਵਿਚ ਨਵੀਂ ਬਣੀ ਕਾਂਗਰਸ ਦੀ ਵਜ਼ਾਰਤ ਤੋਂ ਜਦੋਂ ਸਭ ਕੁਝ ਲੀਹ 'ਤੇ ਆਉਣ ਲੱਗਾ ਸੀ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਅਚਾਨਕ ਅਸਤੀਫਾ ਦੇ ਨਾਲ ਜੋ ਹਾਲਾਤ ਪੰਜਾਬ ਵਿਚ ਸਿਆਸੀ ਗਲਿਆਰਿਆਂ ਵਿਚ ਉਭਰੇ ਉਸ ਤੋਂ ਸਾਫ਼ ਪਤਾ ਲਗਦਾ ਹੈ ਕਿ ਕਾਂਗਰਸ ਵਿਚ 'ਸਭ ਅੱਛਾ ਨਹੀਂ' ਹੈ। ਕਾਂਗਰਸ ਹਾਈਕਮਾਂਡ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਏ ਜਾਣ ਤੋਂ ਬਾਅਦ ਨਵੀਂ ਬਣੀ ਵਜ਼ਾਰਤ ਨੂੰ ਲੈ ਕੇ ਸਿੱਧੂ ਦੇ ਮਨ ਵਿਚ ਕੀ ਆਇਆ ਕਿ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸੇ ਘਟਨਾਚੱਕਰ ਤੋਂ ਬਾਅਦ ਹਾਈਕਮਾਂਡ ਦੇ ਨਾਲ ਨਾਲ ਪੰਜਾਬ ਦੀ ਪੂਰੀ ਮੰਤਰੀ ਮੰਡਲ ਸਕਤੇ ਵਿਚ ਆ ਗਈ ਅਤੇ ਸਿੱਧੂ ਨੂੰ ਹਾਈਕਮਾਂਡ ਦੇ ਨਾਲ ਨਾਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਦੀ ਰਿਹਾਇਸ਼ 'ਤੇ ਜਾ ਕੇ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ ਸੋਸ਼ਲ ਮੀਡੀਆ ਰਾਹੀਂ ਨਵਜੋਤ ਸਿੰਘ ਸਿੱਧੂ ਵਲੋਂ ਆਪਣੇ ਅੰਦਰ ਦੀ ਗੱਲ ਬਾਹਰ ਕੱਢੀ ਗਈ। ਜਿਸ ਵਿਚ ਸਿੱਧੂ ਨੇ ਭਾਵੇਂ ਉਨ੍ਹਾਂ ਨੇ ਮੁੱਦਿਆਂ ਤੇ ਪੰਜਾਬ ਲਈ ਲੜਣ ਤੇ ਅੜਨ ਦਾ ਦਾਅਵਾ ਕੀਤਾ ਹੈ ਪਰ ਉਸ ਅੰਦਾਜ਼ ਵਿਚੋਂ ਗਰੂਰ ਜ਼ਿਆਦਾ ਝਲਕਦਾ ਹੈ। ਬੇਸ਼ੱਕ ਉਨ੍ਹਾਂ ਵਲੋਂ ਸੁਮੇਧ ਸੈਣੀ ਨੂੰ ਬਲੈਂਕੇਟ ਜ਼ਮਾਨਤ ਦਿਵਾਉਣ ਵਾਲੇ ਵਕੀਲ ਨੂੰ ਐਡਵੋਕੇਟ ਜਨਰਲ ਲਾਏ ਜਾਣ ਦਾ ਅਤੇ ਮੁੱਦਿਆਂ ਦੇ ਆਧਾਰ 'ਤੇ ਡੀ.ਜੀ.ਪੀ. ਦੀ ਨਿਯੁਕਤੀ ਦਾ ਵਿਰੋਧ ਕਰਕੇ ਇਕ ਚੰਗਾ ਪ੍ਰਭਾਵ ਦਿੰਦਾ ਹੈ। ਦਾਗ਼ੀ ਮੰਤਰੀਆਂ ਦਾ ਵਿਰੋਧ ਵੀ ਚੰਗੀ ਗੱਲ ਹੈ ਪਰ ਸਵਾਲ ਉੱਠਦੇ ਹਨ ਕਿ ਉਨ੍ਹਾਂ ਨੇ ਇਨ੍ਹਾਂ ਮੰਤਰੀਆਂ ਦੀ ਲਿਸਟ ਬਣਨ ਵੇਲੇ ਹੀ ਵਿਰੋਧ ਕਿਉਂ ਨਾ ਕੀਤਾ ਅਤੇ ਉਸ ਵੇਲੇ ਕਿਉਂ ਚੁੱਪ ਰਹੇ ਜਦੋਂ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀ ਪਸੰਦ ਦੇ ਏ.ਜੀ. ਦੀ ਥਾਂ ਆਪਣੀ ਜਾਂ ਆਪਣੇ ਹੋਰ ਸਾਥੀਆਂ ਦੀ ਮਰਜ਼ੀ ਦੇ ਏ.ਜੀ. ਤੇ ਡੀ.ਜੀ.ਪੀ. ਲਾ ਲਏ ਸਨ। ਉਨ੍ਹਾਂ ਨੇ ਅਸਤੀਫ਼ਾ ਇਕ ਦਿਨ ਬਾਅਦ ਉਸ ਵੇਲੇ ਦਿੱਤਾ ਜਦੋਂ ਮੰਤਰੀਆਂ ਨੂੰ ਵਿਭਾਗ ਵੰਡੇ ਗਏ। ਇਸ ਤੋਂ ਸਾਫ਼ ਪ੍ਰਭਾਵ ਜਾਂਦਾ ਹੈ ਕਿ ਇਕ ਤੋਂ ਬਾਅਦ ਇਕ ਮਾਮਲੇ ਵਿਚ ਉਨ੍ਹਾਂ ਦੀ ਸਲਾਹ ਨੂੰ ਅਣਗੌਲਿਆਂ ਕੀਤੇ ਜਾਣ ਨਾਲ ਉਨ੍ਹਾਂ ਨੂੰ ਸਮਝ ਆ ਗਈ ਕਿ ਉਹ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਮੰਨ ਕੇ ਰਾਜਨੀਤਕ ਗ਼ਲਤੀ ਕਰ ਬੈਠੇ ਹਨ, ਹਾਲਾਂ ਕਿ ਉਹ ਖ਼ੁਦ ਮੁੱਖ ਮੰਤਰੀ ਬਣਨਾ ਚਾਹੁੰਦੇ ਸਨ। ਪਰ ਕਾਂਗਰਸ ਹਾਈਕਮਾਨ ਸਮਝਦੀ ਸੀ ਕਿ 4 ਮਹੀਨਿਆਂ ਵਿਚ ਬਹੁਤਾ ਕੰਮ ਨਹੀਂ ਹੋ ਸਕਣਾ, ਇਸ ਲਈ ਹੁਣ ਕਿਸੇ ਹੋਰ ਨੂੰ ਮੁੱਖ ਮੰਤਰੀ ਬਣਾ ਕੇ ਸਿੱਧੂ ਦਾ ਅਕਸ 2022 ਵਿਚ ਮੁੱਖ ਮੰਤਰੀ ਦੇ ਚਿਹਰੇ ਵਜੋਂ ਬਚਾਅ ਕੇ ਰੱਖਿਆ ਜਾਵੇ ਪਰ ਸਮਝਿਆ ਜਾਂਦਾ ਹੈ ਕਿ ਸਿੱਧੂ ਨੂੰ ਆਸ ਸੀ ਕਿ ਉਹ ਚੰਨੀ ਉੱਪਰ ਸੁਪਰ ਮੁੱਖ ਮੰਤਰੀ ਵਜੋਂ ਵਿਚਰ ਸਕਣਗੇ ਪਰ ਕੁਝ ਹੀ ਦਿਨਾਂ ਵਿਚ ਜੋ ਕੁਝ ਵਾਪਰਿਆ ਉਸ ਤੋਂ ਸਾਫ਼ ਹੋ ਗਿਆ ਕਿ ਚੰਨੀ ਸਿੱਧੂ ਦੀ ਮਰਜ਼ੀ ਨਾਲ ਨਹੀਂ ਸਗੋਂ ਆਪਣੇ ਮਨ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਮਰਜ਼ੀ ਨਾਲ ਵਧੇਰੇ ਚੱਲ ਰਹੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿੱਧੂ ਕੀ ਕਰਨਗੇ ? ਇਸ ਵੇਲੇ ਜ਼ਿਆਦਾ ਸੰਭਾਵਨਾ ਤਾਂ ਇਸ ਗੱਲ ਦੀ ਹੈ ਕਿ ਸਿੱਧੂ ਆਪਣੀਆਂ ਕੁਝ ਗੱਲਾਂ ਮੰਨਵਾ ਕੇ ਸਮਝੌਤਾ ਕਰ ਲੈਣਗੇ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਕੰਮ ਕਰਦੇ ਰਹਿਣਗੇ। ਹਾਲਾਂਕਿ ਅਜੇ ਇਹ ਮੁਸ਼ਕਿਲ ਜਾਪਦਾ ਹੈ ਕਿ ਉਨ੍ਹਾਂ ਦੇ ਕਹਿਣ 'ਤੇ ਹੁਣ ਮੰਤਰੀ ਮੰਡਲ ਵਿਚ ਕੋਈ ਵੱਡੀ ਤਬਦੀਲੀ ਕੀਤੀ ਜਾਵੇਗੀ। ਪਰ ਅਫ਼ਸਰਾਂ ਦੀ ਬਦਲੀ ਕੋਈ ਬਹੁਤੀ ਔਖੀ ਗੱਲ ਨਹੀਂ ਜਾਪਦੀ। ਪਰ ਹੁਣ ਜਦੋਂ ਅਣਮੰਨੇ ਮਨ ਨਾਲ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਪ੍ਰਵਾਨ ਕਰ ਲਈਆਂ ਗਈਆਂ ਹਨ ਉਸ ਤੋਂ ਇਹ ਸਵਾਲ ਉਠਦਾ ਹੈ ਕਿ ਸਿਆਸੀ ਪੱਧਰ 'ਤੇ ਉਹ ਪੰਜਾਬ ਦੇ ਮਸਲਿਆਂ 'ਤੇ ਆਪਣੀ ਬੇਬਾਕ ਰਾਏ ਦਿੰਦੇ ਰਹਿਣਗੇ ਜਾਂ ਸਹੀ ਸਮੇਂ ਦੀ ਉਡੀਕ ਕਰਨਗੇ।

## ਅਮਰਿੰਦਰ ਦੀਆਂ...

ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਲਈ ਵੀ ਕਮੇਟੀ ਹੀ ਬਣਾਈ ਜਾਵੇਗੀ। ਬੇਸ਼ੱਕ ਹੁਣ ਦੀ ਸਥਿਤੀ ਵਿਚ ਕੇਂਦਰ ਸਰਕਾਰ ਇਸ ਸਮਝੌਤੇ ਦਾ ਸਿਹਰਾ ਕੈਪਟਨ ਨੂੰ ਦੇ ਕੇ ਪੰਜਾਬ ਵਿਚ ਭਾਜਪਾ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਵਰਤ ਸਕਦੀ ਹੈ ਪਰ ਸਚਾਈ ਇਹੀ ਹੈ ਕਿ ਜੇਕਰ ਕੈਪਟਨ ਦੀ ਮੁੱਖ ਮੰਤਰੀ ਦੀ ਗੱਦੀ ਨਾ ਜਾਂਦੀ ਤਦ ਵੀ ਇਹ ਸਮਝੌਤਾ ਕਿਸਾਨਾਂ ਦੀਆਂ ਆਸਾਂ ਮੁਤਾਬਿਕ ਹੀ ਹੋਣ ਦੇ ਨੇੜੇ ਸੀ। ਕਿਉਂਕਿ ਉੱਤਰ ਪ੍ਰਦੇਸ਼ ਦੇ ਹਾਲਾਤ ਕੇਂਦਰ ਨੂੰ ਇਸ ਲਈ ਮਜਬੂਰ ਕਰ ਰਹੇ ਦੱਸੇ ਜਾਂਦੇ ਹਨ। ਸਮਝਿਆ ਜਾਂਦਾ ਹੈ ਕਿ ਕਿਸੇ ਵੇਲੇ ਵੀ ਕਿਸਾਨ ਨੇਤਾਵਾਂ ਤੇ ਅਮਿਤ ਸ਼ਾਹ ਵਿਚਕਾਰ ਗੱਲਬਾਤ ਸ਼ੁਰੂ ਹੋ ਸਕਦੀ ਹੈ। ਬਸ ਦੋਵੇਂ ਧਿਰਾਂ ਸਮਝੌਤੇ ਲਈ ਸਨਮਾਨਜਨਕ ਤਰੀਕੇ ਦੀ ਭਾਲ ਵਿਚ ਹਨ।

## 40 ਸਾਲ ਪਹਿਲਾਂ ਭਾਰਤੀ...

ਇਸ ਮੌਕੇ ਜਗਜੀਤ ਸਿੰਘ ਗਾਬਾਂ, ਦਲ ਖਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਸਰਬਜੀਤ ਸਿੰਘ ਘੁਮਾਣ, ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ ਮੂਨਕਾਂ, ਸੁਰਜੀਤ ਸਿੰਘ ਖਾਲਿਸਤਾਨੀ, ਗੁਰਪ੍ਰੀਤ ਸਿੰਘ ਖੁੱਡਾ, ਗੁਰਵਿੰਦਰ ਸਿੰਘ ਬਠਿੰਡਾ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ, ਗਗਨਦੀਪ ਸਿੰਘ ਸੁਲਤਾਨਵਿੰਡ, ਰਾਮ ਸਿੰਘ ਢਪਾਲੀ, ਗੁਰਦੀਪ ਸਿੰਘ ਕਾਲਕੱਟ, ਪ੍ਰਭਜੀਤ ਸਿੰਘ ਆਦਿ ਹਾਜ਼ਰ ਸਨ।

## 'ਸ਼ਹੀਦ ਨੂੰ ਅਵਾਜ਼'

ਦੇਸ਼-ਪਿਆਰ ਅਨੋਖਾ ਡਿੱਠਾ, ਭਗਤ ਸਿੰਘ ਇਨਕਲਾਬੀ ਦਾ,  
ਰਿਹਾ ਮੌਤ ਨਾਲ ਟਕਰਾਉਂਦਾ, ਵੇਖਣ ਲਈ ਮੂੰਹ ਅਜ਼ਾਦੀ ਦਾ,  
ਗੁੜਤੀ ਮਿਲੀ ਬਜ਼ੁਰਗਾਂ ਤੋਂ, ਤਾਂ ਹੀ ਮੱਲਿਆ ਰਾਹ ਬਰਬਾਦੀ ਦਾ,  
ਹੱਸ, ਰੱਸਾ ਚੁੰਮਿਆ ਫਾਂਸੀ ਦਾ, ਦਿਲ 'ਚ ਜਜ਼ਬਾ ਸੀ ਅਜ਼ਾਦੀ ਦਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।  
ਮਰੀ ਹੋਈ ਜ਼ਮੀਰ ਜਵਾਨੀ ਦੀ,  
ਨਹੀਂ ਕਦਰ ਤੇਰੀ ਕੁਰਬਾਨੀ ਦੀ  
ਜੰਗਾਲੀ ਹੋਈ ਸ਼ਮਸ਼ੀਰ ਨੂੰ ਦੱਸ  
ਕਿਹੜੀ ਸਾਣ ਤੇ ਲਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਗੱਭਰੂ ਮੋਇਆਂ ਜਿਹੇ ਹੋ ਚੁੱਕੇ ਨੇ,  
ਲੱਗੇ ਹੋਏ ਨਸ਼ਿਆਂ ਉਤੇ ਨੇ,  
ਕੁੰਭਕਰਨ ਦੀ ਨੀਂਦਰ ਸੁੱਤਿਆਂ ਨੂੰ,  
ਕਿਵੇਂ ਝੰਝ-ਝੰਜੋੜ ਜਗਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਗੋਰਿਆਂ ਨੂੰ ਮਾਰ ਭਜਾਇਆ ਤੂੰ,  
ਭਾਰਤ ਦੇਸ਼ ਅਜ਼ਾਦ ਕਰਾਇਆ ਤੂੰ,  
ਕਾਲੇ ਅੰਗਰੇਜ਼ਾਂ ਕੋਲੋਂ ਅੱਜ  
ਵਤਨ ਨੂੰ ਕਿਵੇਂ ਬਚਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਪੜਿਆ ਲਿਖਿਆ ਵਿਦਵਾਨ ਸੀ ਤੂੰ,  
ਸੱਚਾ ਦੇਸ਼ ਭਗਤ ਇਨਸਾਨ ਸੀ ਤੂੰ,  
'ਰੰਗਦੇ ਬਸੰਤੀ ਚੋਲੇ' ਵਾਲਾ  
ਗੀਤ ਕਿਸ ਤਾਈਂ ਸੁਣਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਤੂੰ ਬੰਦੂਕਾਂ ਦੀ ਖੇਤੀ ਕੀਤੀ ਸੀ,  
ਤੇਰੀ ਸਾਫ਼ ਤੇ ਸੱਚੀ ਨੀਤੀ ਸੀ,  
ਫਾਹੇ ਲੱਗਦੇ ਹੋਏ ਕਿਸਾਨਾਂ ਨੂੰ  
ਕਿੰਝ ਕਰਜ਼ਾ ਮੁਕਤ ਕਰਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਇਨਕਲਾਬ ਦੀ ਰਮਜ਼ ਪਹਿਚਾਣੀ ਤੂੰ,  
'ਲੈਨਿਨ' ਦੀ ਸੋਚ ਦਾ ਹਾਣੀ ਤੂੰ,  
ਮਾਰਕਸ ਦਾ ਲਾਲ ਗਰੰਥ ਸੀ ਜੋ  
ਕਿਹੜੇ 'ਸਾਥੀਆਂ' ਤਾਈਂ ਪੜਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਫੁੱਟ ਪੈ ਗਈ ਧਰਮ ਇਮਾਨਾਂ ਵਿੱਚ,  
ਹਿੰਦੂ, ਸਿੱਖ ਤੇ ਮੁਸਲਮਾਨਾਂ ਵਿੱਚ,  
ਇਨਾਂ ਮਾਨਸਿਕ ਰੋਗੀ ਹੋਇਆਂ ਨੂੰ  
ਕਿਵੇਂ ਅਣਖ ਦੇ ਟੀਕੇ ਲਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਕਾਨੂੰਨ ਗੁੰਗਾ ਵਾਂਗ ਸ਼ੈਤਾਨਾਂ ਦੇ,  
ਕਠਪੁਤਲੀ ਹੱਥ ਧੰਨਵਾਨਾ ਦੇ,  
ਕੰਨ ਬੋਲੇ ਹੋਏ ਖੋਲਣ ਲਈ  
ਕਿਹੜੀ ਅਸੰਬਲੀ ਬੰਬ ਚਲਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਨੇਤਾ ਤੇਰੀ ਮੜੀ ਤੇ ਆਉਂਦੇ ਨੇ,  
ਤੇਰੇ ਬੁੱਤ ਨੂੰ ਫੁੱਲ ਚੜਾਉਂਦੇ ਨੇਂ,  
ਰਾਜਨੀਤੀ ਦਿਆਂ ਪਖੰਡਾਂ ਤੋਂ  
ਦੱਸ ਮੁਕਤੀ ਕਿੰਝ ਦੁਆਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।।  
ਇਕ ਵਾਰੀ ਮੁੜਕੇ ਆਉਣਾ ਪਊ,  
ਤੈਨੂੰ ਭਾਰਤ ਵਰਸ਼ ਬਚਾਉਣਾ ਪਊ,  
'ਨਛੱਤਰ ਭੋਗਲ' ਦੀਆਂ ਇਨਾਂ ਰੀਝਾਂ ਨੂੰ  
ਜਿਉਂਦੇ ਜੀ ਕਦੋਂ ਪੁੱਗਾਵੇਂਗਾ।  
ਸੁੱਤਾ ਪਿਆ ਤੇਰਾ ਦੇਸ਼  
ਭਗਤ ਸਿਆਂ ਕਿਵੇਂ ਜਗਾਵੇਂਗਾ।

– ਨਛੱਤਰ ਸਿੰਘ ਭੋਗਲ 'ਭਾਖੜੀਆਣਾ'

ਇਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:

510-240-5949
Email:asrtimes@gmail.com

MORE: SAVINGS.
TIRE DISCOUNTS FOR: TRANS-ALLIANCE TOGETHER WE SAVE

Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.

ROADMASTER TIRES™
ENGINEERED BY COOPERTIRES



STEER — RM 180+ EM — $299.00 — RETAIL ~~$362.00~~
DRIVE — RM 852 EM — $309.00 — RETAIL ~~$378.00~~
TRAILER — RM 872 EM — $279.00 — RETAIL ~~$339.00~~

TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.

TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on f 
TA Nasdaq Listed

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**